ਸ਼ੁੱਕਰਵਾਰ, 9 ਦਸੰਬਰ, 2022
24 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 189

# ਨਵਾਂ ਜ਼ਮਾਨਾ

DAILY NAWAN ZAMANA • FRIDAY, 9 DECEMBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਗੁਜਰਾਤ 'ਚ ਬਿਨ-ਬਰੇਕਾਂ ਦੌੜਿਆ ਭਾਜਪਾ ਦਾ ਡਬਲ ਇੰਜਣ ਹਿਮਾਚਲ 'ਚ ਹੰਭਿਆ

## ਭਾਜਪਾ ਦੀ ਮੋਦੀ ਦੇ ਗ੍ਰਹਿ ਰਾਜ 'ਚ ਰਿਕਾਰਡ ਜਿੱਤ, ਹਿਮਾਚਲ ਵਾਸੀਆਂ ਨੇ ਕਾਂਗਰਸ 'ਤੇ ਭਰੋਸਾ ਜਤਾਇਆ




ਗੁਜਰਾਤ 'ਚ ਭਾਜਪਾ ਅਤੇ ਹਿਮਾਚਲ 'ਚ ਕਾਂਗਰਸ ਦੇ ਹਮਾਇਤੀ ਜਸ਼ਨ ਮਨਾਉਂਦੇ ਹੋਏ।

ਨਵੀਂ ਦਿੱਲੀ : ਭਾਜਪਾ ਨੇ ਗੁਜਰਾਤ ਅਸੰਬਲੀ ਚੋਣਾਂ ਵਿਚ 182 ਵਿੱਚੋਂ 156 ਸੀਟਾਂ ਜਿੱਤ ਕੇ ਰਿਕਾਰਡ ਬਣਾ ਦਿੱਤਾ, ਪਰ ਹਿਮਾਚਲ ਵਿਚ ਸੱਤਾ ਗੁਆ ਬੈਠੀ। ਕਾਂਗਰਸ ਨੇ ਮਾਧਵ ਸਿੰਘ ਸੋਲੰਕੀ ਦੀ ਅਗਵਾਈ ਵਿਚ ਗੁਜਰਾਤ 'ਚ 149 ਸੀਟਾਂ ਜਿੱਤੀਆਂ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਹੁੰਦਿਆਂ ਭਾਜਪਾ ਨੇ 2002 ਵਿਚ 127 ਸੀਟਾਂ ਜਿੱਤੀਆਂ ਸਨ। ਕਾਂਗਰਸ ਨੇ ਪਿਛਲੀ ਵਾਰ 77 ਸੀਟਾਂ ਜਿੱਤੀਆਂ ਸਨ, ਪਰ ਐਤਕੀਂ 17 ਹੀ ਜਿੱਤ ਸਕੀ। ਆਮ ਆਦਮੀ ਪਾਰਟੀ 5 ਸੀਟਾਂ ਹੀ ਜਿੱਤ ਸਕੀ, ਪਰ ਇਸ ਵੋਟ ਸ਼ੇਅਰ ਦੇ ਆਧਾਰ 'ਤੇ ਉਸ ਨੂੰ ਕੌਮੀ ਪਾਰਟੀ ਦਾ ਦਰਜਾ ਮਿਲ ਗਿਆ। ਹੁਣ ਉਹ ਪੂਰੇ ਦੇਸ਼ ਵਿਚ ਆਪਣੇ ਚੋਣ ਨਿਸ਼ਾਨ ਝਾੜੂ 'ਤੇ ਲੜ ਸਕੇਗੀ। ਅਸਦ-ਉਦ-ਦੀਨ ਓਵੈਸੀ ਦੇ ਸਾਰੇ 13 ਉਮੀਦਵਾਰ ਹਾਰ ਗਏ। ਹਿਮਾਚਲ ਵਿਚ ਲੋਕਾਂ ਨੇ ਪੰਜ ਸਾਲ ਬਾਅਦ ਸਰਕਾਰ ਬਦਲਣ ਦੇ ਰਿਵਾਜ ਨੂੰ ਕਾਇਮ ਰੱਖਿਆ। 68 ਮੈਂਬਰੀ ਅਸੰਬਲੀ ਲਈ ਕਾਂਗਰਸ ਨੇ 40 ਸੀਟਾਂ ਜਿੱਤ ਲਈਆਂ। ਭਾਜਪਾ 25 'ਤੇ ਸਿਮਟ ਗਈ। ਉਸ ਨੂੰ 2017 ਦੇ ਮੁਕਾਬਲੇ 19 ਸੀਟਾਂ ਦਾ ਨੁਕਸਾਨ ਹੋਇਆ। ਆਮ ਆਦਮੀ ਪਾਰਟੀ ਖਾਤਾ ਨਹੀਂ ਖੋਲ੍ਹ ਸਕੀ। ਭਾਜਪਾ ਸਰਕਾਰ ਦੇ 10 ਵਿੱਚੋਂ 8 ਮੰਤਰੀ ਚੋਣ ਹਾਰ ਗਏ। ਮੁੱਖ ਮੰਤਰੀ ਜੈਰਾਮ ਠਾਕੁਰ ਨੇ ਕਿਹਾ ਕਿ ਉਹ ਲੋਕਾਂ ਦੇ ਫੈਸਲੇ ਨੂੰ ਸਵੀਕਾਰ ਕਰਦੇ ਹਨ। ਉਨ੍ਹਾ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ ਹੈ।

ਕਾਂਗਰਸ ਹਾਈ ਕਮਾਂਡ ਨੇ ਹਿਮਾਚਲ ਦੇ ਸਾਰੇ ਚੁਣੇ ਵਿਧਾਇਕਾਂ ਨੂੰ ਜਲਦ ਤੋਂ ਜਲਦ ਚੰਡੀਗੜ੍ਹ ਪਹੁੰਚਣ ਦੇ ਨਿਰਦੇਸ਼ ਦਿੱਤੇ ਹਨ। ਪਾਰਟੀ ਦੇ ਸੂਤਰਾਂ ਨੇ ਦੱਸਿਆ ਕਿ ਵਿਧਾਇਕਾਂ ਲਈ ਮੁਹਾਲੀ 'ਚ ਵੱਡਾ ਹੋਟਲ ਬੁੱਕ ਕੀਤਾ ਗਿਆ ਹੈ। ਹਿਮਾਚਲ ਲਈ ਹਾਈਕਮਾਨ ਦੇ ਅਬਜ਼ਰਵਰ ਭੁਪੇਸ਼ ਬਘੇਲ ਅਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਚੰਡੀਗੜ੍ਹ ਵਿੱਚ ਵਿਧਾਇਕਾਂ ਨਾਲ ਮੀਟਿੰਗ ਕਰਨਗੇ ਅਤੇ ਅਗਲੀ ਰਣਨੀਤੀ ਉਲੀਕਣਗੇ। ਸੂਤਰਾਂ ਨੇ ਕਿਹਾ ਕਿ ਪਾਰਟੀ ਕੋਲ ਬਹੁਮਤ ਹੈ ਤੇ ਉਸ ਦੇ ਵਿਧਾਇਕਾਂ ਦੇ ਟੁੱਟਣ ਦਾ ਡਰ ਵੀ ਨਹੀਂ। ਇਸ ਲਈ ਕਾਂਗਰਸ ਸ਼ਾਸਤ ਰਾਜਸਥਾਨ ਜਾਂ ਛੱਤੀਸਗੜ੍ਹ ਵਿੱਚ ਵਿਧਾਇਕਾਂ ਨੂੰ ਤੁਰੰਤ ਤਬਦੀਲ ਕਰਨ ਦੀ ਕੋਈ ਯੋਜਨਾ ਨਹੀਂ ਹੈ।

# ਮੈਨਪੁਰੀ 'ਚ ਡਿੰਪਲ ਯਾਦਵ ਦੀ ਜ਼ਬਰਦਸਤ ਜਿੱਤ

## 6 ਅਸੰਬਲੀ ਉਪ ਚੋਣਾਂ 'ਚੋਂ ਕਾਂਗਰਸ ਤੇ ਭਾਜਪਾ ਨੇ 2-2 ਜਿੱਤੀਆਂ



ਨਵੀਂ ਦਿੱਲੀ : ਪੰਜ ਰਾਜਾਂ ਦੀਆਂ 6 ਅਸੰਬਲੀ ਸੀਟਾਂ ਦੀ ਉਪ ਚੋਣ ਵਿਚ ਕਾਂਗਰਸ ਤੇ ਭਾਜਪਾ ਨੇ ਦੋ-ਦੋ ਜਿੱਤ ਲਈਆਂ। ਯੂ ਪੀ ਦੀ ਮੈਨਪੁਰੀ ਲੋਕ ਸਭਾ ਸੀਟ ਦੀ ਉਪ ਚੋਣ ਸਮਾਜਵਾਦੀ ਪਾਰਟੀ ਦੀ ਡਿੰਪਲ ਯਾਦਵ ਨੇ ਭਾਜਪਾ ਦੇ ਰਘੂਰਾਜ ਸ਼ਾਕੀਆ ਨੂੰ 2 ਲੱਖ 88 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾ ਕੇ ਜਿੱਤੀ। ਇਹ ਸੀਟ ਮੁਲਾਇਮ ਸਿੰਘ ਯਾਦਵ ਦੀ ਮੌਤ ਕਾਰਨ ਖਾਲੀ ਹੋਈ ਸੀ। ਯੂ ਪੀ ਦੀ ਰਾਮਪੁਰ ਸੀਟ ਭਾਜਪਾ ਦੇ ਆਕਾਸ਼ ਸਕਸੈਨਾ ਨੇ ਆਜ਼ਮ ਖਾਨ ਦੇ ਕਰੀਬੀ ਸਪਾ ਉਮੀਦਵਾਰ ਆਸਿਮ ਰਜ਼ਾ ਨੂੰ 25 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾ ਕੇ ਜਿੱਤੀ। ਯੂ ਪੀ ਦੀ ਖਤੌਲੀ ਸੀਟ 'ਤੇ ਸਪਾ-ਰਾਲੋਦ ਗੱਠਜੋੜ ਦੇ ਮਦਨ ਭਈਆ ਨੇ ਭਾਜਪਾ ਉਮੀਦਵਾਰ ਨੂੰ ਹਰਾਇਆ। ਬਿਹਾਰ ਦੀ ਕੁੜ੍ਹਨੀ ਸੀਟ ਭਾਜਪਾ ਦੇ ਕੇਦਾਰ ਗੁਪਤਾ ਨੇ ਜਨਤਾ ਦਲ ਯੂ ਦੇ ਮਨੋਜ ਕੁਸ਼ਵਾਹਾ ਨੂੰ 3632 ਵੋਟਾਂ ਨਾਲ ਹਰਾ ਕੇ ਜਿੱਤੀ। ਛੱਤੀਸਗੜ੍ਹ ਦੀ ਭਾਨੂੰਪ੍ਰਤਾਪ ਤੇ ਰਾਜਸਥਾਨ ਦੀ ਸਰਦਾਰ ਸ਼ਹਿਰ ਕਾਂਗਰਸ ਨੇ ਜਿੱਤੀ। ਓਡੀਸ਼ਾ ਦੀ ਪਦਮਪੁਰ ਸੀਟ 'ਤੇ ਬੀਜੂ ਜਨਤਾ ਦਲ ਨੇ ਭਾਜਪਾ ਨੂੰ ਹਰਾ ਦਿੱਤਾ।

### ਚਾਚਾ ਭਤੀਜੇ ਦੀ ਪਾਰਟੀ 'ਚ




ਇਟਾਵਾ : ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਵੀਰਵਾਰ ਪ੍ਰਗਤੀਸ਼ੀਲ ਸਮਾਜਵਾਦੀ ਪਾਰਟੀ-ਲੋਹੀਆ (ਪ੍ਰਸਪਾ) ਦੇ ਮੁਖੀ ਅਤੇ ਆਪਣੇ ਚਾਚਾ ਸ਼ਿਵਪਾਲ ਸਿੰਘ ਯਾਦਵ ਨੂੰ ਸਮਾਜਵਾਦੀ ਪਾਰਟੀ (ਸਪਾ) ਦਾ ਝੰਡਾ ਭੇਟ ਕੀਤਾ। ਇਸ ਤਰ੍ਹਾਂ ਪ੍ਰਸਪਾ ਦਾ ਸਪਾ ਵਿਚ ਰਲੇਵਾਂ ਹੋ ਗਿਆ। ਸ਼ਿਵਪਾਲ ਯਾਦਵ ਨੇ ਕਿਹਾ ਕਿ ਉਹ ਅੱਜ ਇਕ ਹੋ ਗਏ ਹਨ।

## ਪ੍ਰਾਇਮਰੀ ਸਕੂਲ ਖੇਡਾਂ 'ਚ ਭਾਗ ਲੈਣ ਵਾਲਿਆਂ ਨੂੰ ਅੱਜ ਛੁੱਟੀ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ 6 ਤੋਂ 8 ਦਸੰਬਰ ਤੱਕ ਕਰਵਾਈਆਂ ਗਈਆਂ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਧਿਆਪਕਾਂ, ਕਰਮਚਾਰੀਆਂ ਅਤੇ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਪ੍ਰਾਇਮਰੀ ਸਕੂਲਾਂ ਦੇ ਖਿਡਾਰੀਆਂ/ਬੱਚਿਆਂ, ਉਹਨਾਂ ਨਾਲ ਡਿਊਟੀ 'ਤੇ ਆਏ ਅਧਿਆਪਕਾਂ ਅਤੇ ਖੇਡਾਂ ਦੌਰਾਨ ਡਿਊਟੀ ਦੇਣ ਵਾਲੇ ਪ੍ਰਬੰਧਕੀ ਸਟਾਫ਼ ਅਤੇ ਕਰਮਚਾਰੀਆਂ ਲਈ 9 ਦਸੰਬਰ (ਸ਼ੁੱਕਰਵਾਰ) ਦੀ ਛੁੱਟੀ ਦਾ ਐਲਾਨ ਕੀਤਾ ਹੈ। ਜ਼ਿਲ੍ਹਾ ਰੂਪਨਗਰ ਦੇ ਸਾਰੇ ਪ੍ਰਾਇਮਰੀ ਸਕੂਲਾਂ 'ਚ ਵੀ 9 ਦਸੰਬਰ ਨੂੰ ਛੁੱਟੀ ਰਹੇਗੀ।

## ਆਮ ਆਦਮੀ ਪਾਰਟੀ ਬਣੀ ਕੌਮੀ ਪਾਰਟੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਗੁਜਰਾਤ ਚੋਣ ਨਤੀਜਿਆਂ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਹੁਣ ਦੇਸ਼ ਦੀਆਂ ਰਾਸ਼ਟਰੀ ਸਿਆਸੀ ਪਾਰਟੀਆਂ ਦੀ ਸੂਚੀ ਵਿੱਚ ਸ਼ਾਮਲ ਹੋ ਗਈ ਹੈ। ਗੁਜਰਾਤ ਵਿੱਚ ਪਹਿਲੀ ਵਾਰ ਚੋਣ ਲੜ ਰਹੀ ਆਮ ਆਦਮੀ ਪਾਰਟੀ ਨੂੰ ਲੱਗਭੱਗ 13 ਫੀਸਦੀ ਵੋਟਾਂ ਮਿਲੀਆਂ ਹਨ ਅਤੇ ਪਾਰਟੀ ਨੇ 5 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ 'ਆਪ' ਦੇ ਰਾਸ਼ਟਰੀ ਪਾਰਟੀ ਬਣਨ 'ਤੇ ਗੁਜਰਾਤ ਅਤੇ ਦੇਸ਼ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ 'ਆਪ' ਦੇ ਸਾਰੇ ਵਰਕਰਾਂ ਨੂੰ ਵਧਾਈ ਦਿੱਤੀ। ਕੇਜਰੀਵਾਲ



● ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਪਰਵਾਸੀਆਂ ਦੇ ਨੌਕਰੀ ਦੇ ਮੌਕੇ ਵਧਣਗੇ

**ਵਾਸ਼ਿੰਗਟਨ** : ਵ੍ਹਾਈਟ ਹਾਊਸ ਨੇ ਉਸ ਕਾਨੂੰਨ ਨੂੰ ਪਾਸ ਕਰਨ ਲਈ ਸੰਸਦ ਦਾ ਸਮਰਥਨ ਕੀਤਾ ਹੈ, ਜਿਹੜਾ ਗ੍ਰੀਨ ਕਾਰਡਾਂ 'ਤੇ ਪ੍ਰਤੀ-ਦੇਸ਼ ਕੋਟੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਕਾਨੂੰਨ ਦਾ ਉਦੇਸ਼ ਅਮਰੀਕੀ ਮਾਲਕਾਂ ਨੂੰ ਯੋਗਤਾ ਦੇ ਆਧਾਰ 'ਤੇ ਲੋਕਾਂ ਨੂੰ ਨੌਕਰੀ 'ਤੇ ਰੱਖਣ 'ਤੇ ਧਿਆਨ ਦੇਣ ਦੀ ਇਜਾਜ਼ਤ ਦੇਣਾ ਹੈ, ਨਾ ਕਿ ਉਨ੍ਹਾਂ ਦੇ ਜਨਮ ਸਥਾਨ ਦੇ ਅਧਾਰ 'ਤੇ। ਇਸ ਬਿੱਲ ਦੇ ਪਾਸ ਹੋਣ ਨਾਲ ਹਜ਼ਾਰਾਂ ਪਰਵਾਸੀਆਂ ਖਾਸ ਕਰਕੇ ਭਾਰਤੀ-ਅਮਰੀਕੀਆਂ ਨੂੰ ਫਾਇਦਾ ਹੋਵੇਗਾ।

## ਡਾਇਲਸਿਸ ਕਰਾਉਂਦੀ ਲੇਖਕਾ ਗ੍ਰਿਫਤਾਰ

**ਭੋਪਾਲ** : ਮੱਧ ਪ੍ਰਦੇਸ਼ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਵੀਰਵਾਰ ਦੱਸਿਆ ਕਿ ਵਿਵਾਦਤ ਕਿਤਾਬ ਦੀ ਲੇਖਕਾ ਡਾਕਟਰ ਫਰਹਤ ਖਾਨ ਨੂੰ ਮਹਾਰਾਸ਼ਟਰ ਦੇ ਪੁਣੇ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਗ੍ਰਿਫਤਾਰੀ ਉਦੋਂ ਕੀਤੀ ਗਈ, ਜਦੋਂ ਉਹ ਹਸਪਤਾਲ 'ਚ ਡਾਇਲਸਿਸ ਕਰਵਾ ਰਹੀ ਸੀ। ਸਰਕਾਰੀ ਨਵੀਨ ਵਿਧੀ ਕਾਲਜ 'ਚ ਐੱਲ ਐੱਲ ਐੱਮ ਕੋਰਸ ਦੇ ਵਿਦਿਆਰਥੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਆਗੂ ਲੱਕੀ ਅਦੀਵਾਲ (28) ਨੇ ਲੇਖਕਾ ਫਰਹਤ ਸਣੇ ਕੁਝ ਹੋਰਨਾਂ ਖਿਲਾਫ ਕੇਸ ਦਰਜ ਕਰਵਾਇਆ ਸੀ। ਉਸ ਨੇ ਦੋਸ਼ ਲਾਇਆ ਸੀ ਕਿ ਕਾਲਜ ਦੀ ਲਾਇਬ੍ਰੇਰੀ 'ਚ ਰੱਖੀ ਗਈ ਅਤੇ ਕਾਨੂੰਨ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਜਾਣ ਵਾਲੀ ਇਸ ਕਿਤਾਬ 'ਚ ਹਿੰਦੂ ਭਾਈਚਾਰੇ ਅਤੇ ਆਰ ਐੱਸ ਐੱਸ ਵਿਰੁੱਧ ਬਹੁਤ ਹੀ ਇਤਰਾਜ਼ਯੋਗ ਗੱਲਾਂ ਲਿਖੀਆਂ ਹਨ।

## ਧਮਾਕੇ ਨਾਲ ਦੁਕਾਨਦਾਰ ਦੀ ਮੌਤ

**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**-ਵੀਰਵਾਰ ਸਵੇਰੇ ਕੈਲਾਸ਼ ਨਗਰ ਰੋਡ ਬਸਤੀ ਜੋਧੇਵਾਲ ਵੜੈਚ ਮਾਰਕੀਟ ਵਿਚ ਧਮਾਕੇ ਨਾਲ ਦੁਕਾਨਦਾਰ ਮਹਿੰਦਰਪਾਲ (62) ਦੀ ਮੌਤ ਹੋ ਗਈ। ਦੱਸਿਆ ਜਾਂਦਾ ਹੈ ਕਿ ਧਮਾਕਾ ਸ਼ਾਰਟ ਸਰਕਟ ਨਾਲ ਹੋਇਆ। ਅੱਗ ਕਾਰਨ ਦੁਕਾਨਦਾਰ ਆਪਣੇ ਆਪ ਨੂੰ ਸੰਭਾਲ ਨਹੀਂ ਸਕਿਆ ਤੇ ਉਸ ਦੇ ਕੱਪੜਿਆਂ ਨੂੰ ਅੱਗ ਲੱਗ ਗਈ।

# ਬਾਦਲ ਨੇ ਜਨਮ ਦਿਨ ਦਾ ਕੇਕ ਕੱਟਿਆ



**ਲੰਬੀ** : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀਰਵਾਰ 96ਵੇਂ ਵਰ੍ਹੇ 'ਚ ਪ੍ਰਵੇਸ਼ ਕਰ ਗਏ। ਉਨ੍ਹਾ ਪਿੰਡ ਬਾਦਲ 'ਚ ਆਪਣੀ ਰਿਹਾਇਸ਼ 'ਤੇ ਇਸ ਮੌਕੇ ਕੇਕ ਕੱਟਿਆ। ਇਸ ਮੌਕੇ ਬਾਦਲ ਪਰਵਾਰ ਦੇ ਇਲਾਵਾ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਕਮੇਟੀ ਦੇ ਵੱਡੀ ਗਿਣਤੀ ਮੈਂਬਰਾਂ ਦੇ ਇਲਾਵਾ ਸਾਬਕਾ ਵਿਧਾਇਕ, ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਜ਼ਿਲ੍ਹਾ ਪ੍ਰਧਾਨ ਪੁੱਜੇ। ਅਕਾਲੀ ਦਲ ਦੀ ਕੋਰ ਕਮੇਟੀ ਅਤੇ ਅਨੁਸ਼ਾਸਨੀ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ।

ਪੰਜ ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਰੀਬ 40 ਮਿੰਟ ਤੱਕ ਮਹਿਮਾਨਾਂ 'ਚ ਵਿਚਰੇ। ਕੇਕ ਦੀ ਰਸਮ ਉਪਰੰਤ ਉਨ੍ਹਾ ਸਮੂਹ ਲੀਡਰਾਂ ਨਾਲ ਫੋਟੋਆਂ ਖਿਚਵਾਈਆਂ। ਸਵੇਰੇ ਅਖੰਡ ਪਾਠ ਦੇ ਭੋਗ ਵੀ ਪਾਏ ਗਏ ਸਨ। ਕੁਝ ਮਹੀਨੇ ਪਹਿਲਾਂ ਸਿਹਤ ਖ਼ਰਾਬੀ ਉਪਰੰਤ ਡਾਕਟਰੀ ਸਲਾਹ 'ਤੇ ਬਾਦਲ ਦੀਆਂ ਜਨਤਕ ਮੁਲਾਕਾਤਾਂ 'ਤੇ ਰੋਕ ਲੱਗ ਗਈ ਸੀ। ਇਸ ਮੌਕੇ ਬਾਦਲ ਪਰਵਾਰ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀਬੀ ਹਰਸਿਮਰਤ

● ਬਾਕੀ ਸਫ਼ਾ 2 'ਤੇ

## ਗੰਨਮੈਨ ਮਨਦੀਪ ਦੇ ਪਰਵਾਰ ਨੂੰ ਦੋ ਕਰੋੜ ਦੀ ਸਹਾਇਤਾ



**ਜਲੰਧਰ** : ਬੁੱਧਵਾਰ ਰਾਤ ਨਕੋਦਰ 'ਚ 30 ਲੱਖ ਦੀ ਫਿਰੌਤੀ ਨਾ ਦੇਣ 'ਤੇ ਗੋਲੀਆਂ ਮਾਰ ਕੇ ਕਤਲ ਕੀਤੇ ਕੱਪੜਾ ਵਪਾਰੀ ਦੇ ਜ਼ਖਮੀ ਹੋਏ ਗੰਨਮੈਨ ਮਨਦੀਪ ਸਿੰਘ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸ਼ਹੀਦ ਕਾਂਸਟੇਬਲ ਮਨਦੀਪ ਸਿੰਘ ਨੂੰ ਸਲਾਮ, ਜਿਨ੍ਹਾ ਡਿਊਟੀ ਦੌਰਾਨ ਸਭ ਤੋਂ ਵੱਡੀ ਕੁਰਬਾਨੀ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਪੀੜਤ ਪਰਵਾਰ ਨੂੰ ਪੰਜਾਬ ਸਰਕਾਰ 1 ਕਰੋੜ ਰੁਪਏ ਦੀ ਅਦਾਇਗੀ ਕਰੇਗੀ ਤੇ ਐੱਚ ਡੀ ਐੱਫ ਸੀ ਬੈਂਕ ਵੱਲੋਂ 1 ਕਰੋੜ ਰੁਪਏ ਦਾ ਹੋਰ ਬੀਮਾ ਭੁਗਤਾਨ ਕੀਤਾ ਜਾਵੇਗਾ।

## ਬ੍ਰਿਟਿਸ਼ ਕੋਲੰਬੀਆ ਸਰਕਾਰ 'ਚ ਚਾਰ ਪੰਜਾਬੀ ਮੰਤਰੀ

**ਮੋਗਾ** : ਕੈਨੇਡਾ 'ਚ ਬ੍ਰਿਟਿਸ਼ ਕੋਲੰਬੀਆ (ਬੀ ਸੀ) ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ ਡੀ ਪੀ) ਦੀ ਸਰਕਾਰ 'ਚ ਜਗਰੂਪ ਬਰਾੜ ਨੂੰ ਮੰਤਰੀ ਬਣਾਇਆ ਗਿਆ ਹੈ। ਬਰਾੜ ਦਾ ਜਨਮ ਬਠਿੰਡਾ ਦੇ ਪਿੰਡ ਦਿਓਣ ਵਿਖੇ ਹੋਇਆ ਸੀ।

ਉਨ੍ਹਾ ਤੋਂ ਇਲਾਵਾ ਹੈਰੀ ਬੈਂਸ, ਰਚਨਾ ਸਿੰਘ ਅਤੇ ਰਵੀ ਕਾਹਲੋਂ ਨੂੰ ਵੀ ਮੰਤਰੀ ਬਣਾਇਆ ਗਿਆ ਹੈ। ਨਿੱਕੀ ਸ਼ਰਮਾ ਨੂੰ ਬੀ ਸੀ ਸਰਕਾਰ ਦੀ ਅਟਾਰਨੀ ਜਨਰਲ ਨਿਯੁਕਤ ਕੀਤਾ ਗਿਆ ਹੈ।

## ਅੱਜ-ਨਾਮਾ

ਜਿੱਤ ਕੇ ਦਿੱਲੀ, ਗੁਜਰਾਤ ਵੱਲ ਹਾਰ ਹੋਈ,
ਪੈ ਗਈ ਆਪ ਨੂੰ ਬਾਹਲੀ ਆ ਮਾਰ ਮੀਆਂ।
ਹੋਈ ਹਿਮਾਚਲ ਦੇ ਵੰਨੀਂ ਵੀ ਹਾਰ ਤਕੜੀ,
ਲੱਗਾ ਇੱਕ ਵੀ ਲੀਡਰ ਨਹੀਂ ਪਾਰ ਮੀਆਂ।
ਭੁਗਤੀ ਹਾਰ ਗੁਜਰਾਤ ਵਿੱਚ ਕਾਂਗਰਸੀਆਂ,
ਹਿਮਾਚਲ ਗਿਆ ਹੈ ਕਰਜ਼ ਉਤਾਰ ਮੀਆਂ।
ਖੁੱਸ ਗਿਆ ਰਾਜ ਪਹਾੜ ਵੱਲ ਭਾਜਪਾ ਤੋਂ,
ਦਿੱਤਾ ਗੁਜਰਾਤ ਸਭ ਦੁੱਖ ਵਿਸਾਰ ਮੀਆਂ।
ਲੋਕਤੰਤਰ ਦੀ ਖਸਲਤ ਹੀ ਖਾਸ ਇਹੀਓ,
ਦੱਸਦੇ ਲੋਕ ਨਹੀਂ ਅੰਦਰਲੀ ਗੱਲ ਮੀਆਂ।
ਮਾਰਨੀ ਸੱਟ ਤਾਂ ਲੱਗਣ ਨਹੀਂ ਭੇਦ ਦਿੰਦੇ,
ਜਿੱਥੇ ਬਖਸ਼ਣੀ, ਬਖਸ਼ ਦੇਣ ਭੱਲ ਮੀਆਂ।

-ਤੀਸ ਮਾਰ ਖਾਂ

## ਭਾਜਪਾ ਨੇ ਸਿੱਖ ਕੌਮ ਦੇ 'ਸਟਾਰ ਦੋਸ਼ੀ' ਸਿਰਸਾ ਨੂੰ 'ਸਟਾਰ ਪ੍ਰਚਾਰਕ' ਬਣਾ ਕੇ ਵੱਡੀ ਗਲਤੀ ਕੀਤੀ : ਜੀ ਕੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਦਿੱਲੀ ਨਗਰ ਨਿਗਮ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਦੀ ਸਿੱਖ ਹਲਕਿਆਂ 'ਚ ਹੋਈ ਹਾਰ ਦਾ ਜਾਗੋ ਪਾਰਟੀ ਦੇ ਮੋਢੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਆਪਣੇ ਤੌਰ ਉਤੇ ਵਿਸ਼ਲੇਸ਼ਣ ਕੀਤਾ ਹੈ। ਪਾਰਟੀ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੀ ਕੇ ਨੇ ਸਾਫ ਕਿਹਾ ਕਿ ਭਾਜਪਾ ਨੇ ਸਿੱਖ ਵੋਟਾਂ ਲਈ ਗਲਤ ਲੋਕਾਂ ਨੂੰ ਵਰਤਿਆ ਹੈ। ਭਾਜਪਾ ਨੇ ਸਿੱਖ ਕੌਮ ਦੇ 'ਸਟਾਰ ਦੋਸ਼ੀ' ਮਨਜਿੰਦਰ ਸਿੰਘ ਸਿਰਸਾ ਨੂੰ ਆਪਣੀ ਪਾਰਟੀ ਦਾ 'ਸਟਾਰ ਪ੍ਰਚਾਰਕ' ਬਣਾ ਕੇ ਵੱਡੀ ਗਲਤੀ ਕੀਤੀ ਹੈ। ਜਿਥੇ ਸਿਰਸਾ ਪ੍ਰਚਾਰ ਕਰਨ ਲਈ ਨਹੀਂ ਗਿਆ, ਉਥੇ ਸਗੋਂ 2 ਸਿੱਖ ਉਮੀਦਵਾਰ ਰਾਜਾ ਇਕਬਾਲ ਸਿੰਘ ਮੁਖਰਜੀ ਨਗਰ ਵਾਰਡ ਅਤੇ ਅਰਜੁਨ ਪਾਲ ਸਿੰਘ ਮਰਵਾਹ ਲਾਜਪਤ ਨਗਰ ਵਾਰਡ ਤੋਂ ਚੋਣ ਜਿੱਤ ਗਏ। ਇਨ੍ਹਾਂ 2 ਸਿੱਖ ਉਮੀਦਵਾਰਾਂ ਦੀ ਜਿੱਤ ਪਿੱਛੇ ਇਨ੍ਹਾਂ ਦੇ ਆਪਣੇ ਰਸੂਖ ਕਰਕੇ ਮਿਲੀਆਂ ਸਿੱਖ ਵੋਟਾਂ ਹੀ ਸਨ, ਪਰ ਸਿੱਖ ਪ੍ਰਭਾਵ ਵਾਲੇ ਵਿਧਾਨ ਸਭਾ ਹਲਕਿਆਂ ਰਜਿੰਦਰ ਨਗਰ, ਪਟੇਲ ਨਗਰ, ਮੋਤੀ ਨਗਰ, ਮਾਦੀਪੁਰ, ਰਾਜੌਰੀ ਗਾਰਡਨ, ਹਰੀ ਨਗਰ, ਤਿਲਕ ਨਗਰ, ਜਨਕਪੁਰੀ ਅਤੇ ਵਿਕਾਸ ਪੁਰੀ ਦੇ ਨਗਰ ਨਿਗਮ ਵਾਰਡਾਂ 'ਚ ਭਾਜਪਾ ਦੀ ਬੁਰੀ ਤਰ੍ਹਾਂ ਨਾਲ ਹਾਰ ਹੋਈ ਹੈ। ਜਿਹੜਿਆਂ 2 ਸੀਟਾਂ ਫਤਿਹ ਨਗਰ ਤੇ ਜਨਕਪੁਰੀ ਸਾਊਥ ਭਾਜਪਾ ਨੇ ਟੀਮ ਸਿਰਸਾ-ਕਾਲਕਾ ਨੂੰ ਦਿੱਤੀਆਂ ਸਨ, ਉਥੇ ਵੀ ਸਿੱਖ ਵੋਟਾਂ ਇਨ੍ਹਾਂ ਨੂੰ ਨਹੀਂ ਪਈਆਂ। ਇਸ ਲਈ ਇਨ੍ਹਾਂ ਦੇ ਕਹਿਣ ਉਤੇ ਬਾਕੀ ਹਲਕਿਆਂ 'ਚ ਸਿੱਖਾਂ ਨੇ ਵੋਟਾਂ ਕਿੱਥੇ ਪਾਉਣੀਆਂ ਸਨ? ਜੀ ਕੇ ਨੇ

● ਬਾਕੀ ਸਫ਼ਾ 2 'ਤੇ



9-DEC-PAGE-1.qxd 12/8/2022 10:01 PM Page 2



## ਕੌਮ 'ਤੇ ਆ ਰਹੀਆਂ ਭੀੜਾਂ ਦਾ ਇੱਕਜੁੱਟ ਹੋ ਕੇ ਹੀ ਹੱਲ ਹੋਵੇਗਾ : ਬਾਬਾ ਬਲਵੀਰ ਸਿੰਘ



ਧਨੌਲਾ (ਕਰਮਜੀਤ ਸਿੰਘ ਸਾਗਰ) ਬਾਬਾ ਬੁੱਢਾ ਦਲ 96 ਕਰੋੜੀ ਦੇ ਮੁਖੀ ਬਾਬਾ ਬਲਵੀਰ ਸਿੰਘ ਨੇ ਧਨੌਲਾ ਫੇਰੀ ਦੌਰਾਨ ਗੁਰਦਵਾਰਾ ਪਾਤਸਾਹ ਨੌਵੀਂ ਵਿਖੇ ਬਾਬਾ ਟੇਕ ਸਿੰਘ ਧਨੌਲਾ ਨਾਲ ਬੰਦ ਕਮਰਾ ਮੀਟਿੰਗ ਕੀਤੀ। ਮੀਟਿੰਗ ਕਰਨ ਉਪਰੰਤ ਬਾਬਾ ਬਲਵੀਰ ਸਿੰਘ ਨੇ ਕਿਹਾ ਕਿ ਆਪਸੀ ਭਾਈਚਾਰੇ ਦੀ ਸਾਂਝ ਸਿੱਖ ਕੌਮ 'ਚ ਖਤਮ ਹੋਣ ਕਰਕੇ ਭੀੜਾਂ ਵਧਦੀਆਂ ਜਾ ਰਹੀਆਂ ਹਨ ਇਸ ਦੇ ਹੱਲ ਲਈ ਸਾਨੂੰ ਇੱਕਜੁੱਟ ਹੋਣ ਦੀ ਜ਼ਰੂਰਤ ਹੈ, ਜਿਸ ਨਾਲ ਕੌਮ 'ਤੇ ਆ ਰਹੀਆਂ ਭੀੜਾਂ ਦਾ ਹੱਲ ਜਲਦੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੁੱਝ ਸਮਾਂ ਪਹਿਲਾਂ ਜਦੋਂ ਵੀ ਕੌਮ ਦੀ ਖਾਤਿਰ ਲੜਨ ਵਾਲੇ ਯੋਧਿਆਂ ਉੱਪਰ ਵਿਰੋਧੀਆਂ ਦਾ ਵਾਰ ਹੁੰਦਾ ਤਾਂ ਕੌਮ ਇੱਕ ਜੁੱਟ ਹੋ ਕੇ ਲੜਦੀ ਸੀ, ਇੱਕ ਜੁੱਟ ਨਾ ਹੋਣ ਦਾ ਫਾਇਦਾ ਵਿਰੋਧੀ ਧਿਰਾਂ ਉਠਾ ਰਹੀਆਂ ਹਨ। ਸਾਡਾ ਕੌਮ ਲਈ ਲੜਨਾ ਇੱਕ ਫਰਜ਼ ਬਣਦਾ ਹੈ ਉਨ੍ਹਾਂ ਸਮਾਜ 'ਚ ਸਾਰੀਆਂ ਕੌਮਾਂ ਦੇ ਨੌਜਵਾਨਾਂ ਨੂੰ ਅਪੀਲ ਕਰਦਿਆ ਕਿਹਾ ਕਿ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੇ ਆਪਣੇ ਇਲਾਕੇ 'ਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਤੇ ਨਸ਼ਾ ਵੇਚਣ ਵਾਲੇ ਦੀ ਸੂਚਨਾ ਪੁਲਸ ਤੱਕ ਪਹੁੰਚਾਉਣ। ਇਸ ਮੌਕੇ ਗੁਰਦਵਾਰਾ ਪਾਤਸ਼ਾਹੀ ਨੌਵੀਂ ਦੇ ਸੇਵਾਦਾਰ ਤੇ ਸਰਕਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਬਾਬਾ ਟੇਕ ਸਿੰਘ ਧਨੌਲਾ ਨੇ ਬਾਬਾ ਬਲਵੀਰ ਸਿੰਘ ਤੇ ਹੋਰ ਸਾਥੀਆਂ ਦਾ ਸਿਰੋਪਾਓ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸਨੀ ਸਿੰਘ, ਗੁਰਦੀਪ ਸਿੰਘ, ਗੁਰਜੀਤ ਸਿੰਘ, ਬਲਜੀਤ ਸਿੰਘ, ਅਵਤਾਰ ਸਿੰਘ ਮਾਨ, ਗੁਰਦੀਪ ਸਿੰਘ ਮਾਨ ਤੇ ਹੋਰ ਹਾਜ਼ਰ ਸਨ।

## ਕਾਂਗਰਸ ਦੇ ਓ ਬੀ ਸੀ ਵਿੰਗ ਦੇ ਅਹੁਦੇਦਾਰ ਨਿਯੁਕਤ ਕੀਤੇ ਜਾਣਗੇ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪੰਜਾਬ ਕਾਂਗਰਸ ਦੇ ਓ ਬੀ ਸੀ ਵਿੰਗ ਦੀ ਇੱਕ ਮੀਟਿੰਗ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਗ੍ਰਹਿ ਵਿਖੇ ਹੋਈ, ਜਿਸ ਵਿੱਚ ਵਿੰਗ ਦੇ ਚੇਅਰਮੈਨ ਰਾਮ ਬਖ਼ਸ਼ ਪੁੱਜੇ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਓ ਬੀ ਸੀ ਵਿੰਗ ਦੇ ਬਲਾਕ ਪੱਧਰੀ ਅਹੁਦੇਦਾਰ ਨਿਯੁਕਤ ਕੀਤੇ ਜਾਣਗੇ ਤਾਂ ਜੋ ਵੱਧ ਤੋਂ ਵੱਧ ਵਰਕਰਾਂ ਨੂੰ ਬਣਦਾ ਮਾਣ-ਸਤਿਕਾਰ ਮਿਲ ਸਕੇ। ਉਨ੍ਹਾ ਕਿਹਾ ਕਿ ਪਿੰਡਾਂ ਵਿੱਚ ਵੀ ਕਾਂਗਰਸੀ ਵਰਕਰਾਂ ਦੀਆਂ ਕਮੇਟੀਆਂ ਬਣਾਈਆਂ ਜਾਣਗੀਆਂ। ਇਸ ਮੌਕੇ ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਕਿਹਾ ਕਿ ਕਾਂਗਰਸ ਨੇ ਹੀ ਗਰੀਬ ਤੇ ਦਲਿਤ ਭਾਈਚਾਰੇ ਦੀ ਸਾਰ ਲਈ, ਜਦਕਿ ਬਾਕੀ ਵਿਰੋਧੀ ਪਾਰਟੀਆਂ ਨੇ ਕੇਵਲ ਝੂਠੇ ਵਾਅਦੇ ਕੀਤੇ। ਇਸ ਮੌਕੇ ਦਲਜੀਤ ਸਿੰਘ ਜੋਸ਼ਨ, ਗੁਰਨਾਮ ਸਿੰਘ ਕਲੇਰ, ਸ਼ੁਭਾ ਲਤਾ ਸੈਣੀ, ਰਣਜੀਤ ਸਿੰਘ ਬਾਂਸਲ, ਸ਼ਿਵਚਰਨ ਸਿੰਘ, ਗੁਰਜੀਤ ਸਿੰਘ, ਰਾਣਾ ਜਸਵੀਰ ਸਿੰਘ, ਰਾਣਾ ਵਿਜੈ, ਰਾਣਾ ਜੋਗਰਾਜ ਸਿੰਘ, ਅੰਜਿਲ ਕੁਮਾਰ, ਸ਼ਾਲ ਲਾਲ, ਨੰਦ ਕਿਸ਼ੋਰ, ਬਲਾਕ ਸੰਮਤੀ ਮੈਂਬਰ ਸੋਮ ਪ੍ਰਕਾਸ਼, ਬਖ਼ਸ਼ੀਸ ਸਿੰਘ ਬਾਜਵਾ, ਤਰਸੇਮ ਲਾਲ, ਰੇਨੂੰ ਬੈਂਸ, ਰਾਣਾ ਮੁਕੇਸ਼, ਕ੍ਰਿਸ਼ਨ ਦਿਆਲ, ਮਨਪ੍ਰੀਤ ਸਿੰਘ ਬਾਵਾ, ਲਵੀ ਕੋਟਾਲਾ ਬੇਟ, ਜਸਪਾਲ ਬੁੱਲੇਵਾਲ ਮੌਜੂਦ ਸਨ।

## ਲਾਰੈਂਸ ਸਕੂਲ 'ਚ ਮਨਾਇਆ ਝੰਡਾ ਦਿਵਸ



ਬਾਘਾ ਪੁਰਾਣਾ (ਮਨੀ ਸਿੰਗਲਾ)-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਨੇ ਭਾਰਤੀ ਸੈਨਾਵਾਂ ਵੱਲੋਂ ਦੇਸ਼ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਇਆ ਗਿਆ। ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਸੇਵਾ ਕਰ ਰਹੇ ਸੈਨਿਕਾਂ ਵੱਲੋਂ ਵਿਸ਼ਵ ਯੁੱਧ 1947, 1962, 1965, 1971 ਦੀਆਂ ਲੜਾਈਆਂ, 1999 ਦੌਰਾਨ ਕਾਰਗਿਲ ਦੀ ਲੜਾਈ ਤੇ ਅੱਤਵਾਦ ਖਿਲਾਫ਼ ਚੱਲ ਰਹੇ ਉਰਪੇਸ਼ਨਾਂ ਵਿੱਚ ਕਾਫ਼ੀ ਗਿਣਤੀ 'ਚ ਸ਼ਹਾਦਤਾਂ ਪਾਈਆਂ ਗਈਆਂ ਅਤੇ ਕਈ ਸੈਨਿਕ ਨਕਾਰਾ ਹੋ ਗਏ। ਸ਼ਹੀਦਾਂ ਦੇ ਪਰਿਵਾਰਾਂ ਤੇ ਨਕਾਰ ਹੋਏ ਸੈਨਿਕਾਂ ਨੂੰ ਸਮੇਂ-ਸਮੇਂ ਸਿਰ ਸਹੂਲਤਾਂ ਦੇਣ ਲਈ ਤੇ ਉਨ੍ਹਾਂ ਦੀ ਮਦਦ ਲਈ ਹਰ ਸਾਲ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਉਂਦੇ ਹੋਏ ਦਿਲ ਖੋਲ੍ਹ ਕੇ ਦਾਨ ਦਿੱਤਾ ਜਾਂਦਾ ਹੈ। ਸਕੂਲ ਚੇਅਰਮੈਨ ਤਰਸੇਮ ਲਾਲ ਗਰਗ ਨੇ ਕਿਹਾ ਕਿ ਸਾਨੂੰ ਪੰਜਾਬ ਦੇ ਸੂਰਬੀਰ ਸੈਨਿਕਾਂ 'ਤੇ ਮਾਣ ਹੈ, ਜਿਨ੍ਹਾਂ ਨੇ ਹੁਣ ਤੱਕ ਲੜੀਆਂ ਲੜਾਈਆਂ ਵਿੱਚ ਬਹੁਤ ਸਾਰੇ ਪੁਰਸਕਾਰ ਹਾਸਲ ਕੀਤੇ ਹਨ। ਮੈਨੇਜਰ ਮੈਡਮ ਜੀਨਮ ਗਰਗ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਉਨ੍ਹਾਂ ਸ਼ਹੀਦਾਂ ਨੂੰ ਨਮਸਕਾਰ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸਾਡੇ ਕੱਲ੍ਹ ਲਈ ਆਪਣਾ ਅੱਜ ਵਾਰ ਦਿੱਤਾ ਤੇ ਸਦਾ ਲਈ ਅਮਰ ਹੋ ਗਏ।

## ਪੰਜਾਬ ਖੇਤ ਮਜ਼ਦੂਰ ਸਭਾ ਦੀ ਇਕੱਤਰਤਾ



ਸੰਗਰੂਰ (ਪ੍ਰਵੀਨ ਸਿੰਘ)-ਪੰਜਾਬ ਖੇਤ ਮਜ਼ਦੂਰ ਸਭਾ ਦੇ ਮਜ਼ਦੂਰਾਂ ਦੀ ਇਕੱਤਰਤਾ ਪਿੰਡ ਈਲਵਾਲ ਜ਼ਿਲ੍ਹਾ ਸੰਗਰੂਰ ਵਿਖੇ ਸਾਥੀ ਬਲਬੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਕਾਮਰੇਡ ਨਿਰਮਲ ਸਿੰਘ ਬਟੜਿਆਣਾ ਸਟੇਟ ਕਮੇਟੀ ਮੈਂਬਰ ਪੰਜਾਬ ਖੇਤ ਮਜ਼ਦੂਰ ਸਭਾ ਉਚੇਚੇ ਤੌਰ 'ਤੇ ਪਹੁੰਚੇ। ਉਨ੍ਹਾ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਤੇ ਪੰਜਾਬ ਲੋਕਾਂ ਨਾਲ ਚੋਣਾਂ ਸਮੇਂ ਕੀਤੇ ਵਾਅਦੇ ਲਾਗੂ ਨਹੀਂ ਕਰ ਰਹੀ। ਉਨ੍ਹਾ ਕਿਹਾ ਕਿ ਲੋਕਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਹੈ। ਸਰਕਾਰ ਲੋਕਾਂ ਦਾ ਇਮਤਿਹਾਨ ਨਾ ਲਵੇ। ਲੋਕਾਂ ਦੇ ਲਟਕਦੇ ਮਸਲੇ ਹੱਲ ਕਰੇ। ਉਨ੍ਹਾ ਮੰਗ ਕਰਦਿਆਂ ਕਿਹਾ ਕਿ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਰੋਜ਼ਾਨਾ ਲਾਗੂ ਕੀਤੀ ਜਾਵੇ, ਮਨਰੇਗਾ ਮਜ਼ਦੂਰਾਂ ਦਾ ਕੰਮ ਸਮਾਂ 200 ਦਿਨ ਸਾਲ ਵਿੱਚ ਕੀਤਾ ਜਾਵੇ, ਗਰੀਬਾਂ ਨੂੰ 10-10 ਮਰਕੇ ਦੇ ਪਲਾਟ ਤੇ ਮਕਾਨ ਬਣਾਉਣ ਲਈ ਫੌਰੀ 5 ਲੱਖ ਰੁਪਏ ਦਿੱਤੇ ਜਾਣ, ਪੰਚਾਇਤੀ ਜ਼ਮੀਨਾਂ ਵਿੱਚੋਂ 1/3 ਹਿਸਾ ਜ਼ਮੀਨ ਦਲਿਤਾਂ ਤੇ ਗਰੀਬਾਂ ਨੂੰ ਘੱਟ ਰੇਟ 'ਤੇ ਦਿੱਤੀ ਜਾਵੇ, ਮਜ਼ਦੂਰਾਂ ਦੇ ਸਾਰੇ ਕਰਜ਼ੇ ਮੁਆਫ ਕੀਤੇ ਜਾਣ, ਦਲਿਤਾਂ 'ਤੇ ਹੁੰਦੇ ਜ਼ੁਲਮ ਰੋਕੇ ਜਾਣ, ਬੇਜ਼ਮੀਨੇ ਮਜ਼ਦੂਰਾਂ ਨੂੰ ਸਹਿਕਾਰੀ ਸਭਾ ਦਾ ਮੈਂਬਰ ਬਣਾਇਆ ਜਾਵੇ, ਸ਼ਗਨ ਸਕੀਮ ਦੇ ਪੈਂਡਿੰਗ ਕੇਸ ਤੁਰੰਤ ਹੱਲ ਕੀਤੇ ਜਾਣ, ਬੁਢਾਪਾ, ਵਿਧਵਾ ਤੇ ਅੰਗਹੀਣ ਪੈਨਸ਼ਨ 5000 ਰੁਪਏ ਮਹੀਨਾ ਕੀਤੀ ਜਾਵੇ ਤੇ ਲਟਕ ਰਹੇ ਪੈਨਸ਼ਨ ਕੇਸ ਤੁਰੰਤ ਹੱਲ ਕੀਤੇ ਜਾਣ। ਮੀਟਿੰਗ ਉਪਰੰਤ ਸਰਬਸੰਮਤੀ ਨਾਲ ਪਿੰਡ ਇਕਾਈ ਦੀ ਚੋਣ ਕੀਤੀ ਗਈ, ਜਿਸ ਵਿੱਚ ਪ੍ਰਧਾਨ ਸਾਥੀ ਬਲਬੀਰ ਸਿੰਘ, ਮੀਤ ਪ੍ਰਧਾਨ ਰੂਪ ਸਿੰਘ, ਸਕੱਤਰ ਚਮਕੌਰ ਸਿੰਘ, ਮੀਤ ਸਕੱਤਰ ਜਸਵੀਰ ਕੌਰ, ਖਜ਼ਾਨਚੀ ਰਜਨਦੀਪ ਕੌਰ ਤੇ ਮੈਂਬਰ ਸਰਿੰਦਰ ਸਿੰਘ, ਕਿਰਪਾ ਸਿੰਘ, ਬਲਬੀਰ ਸਿੰਘ, ਬੂਟਾ ਸਿੰਘ, ਗੁਰਚਰਨ ਸਿੰਘ, ਕਰਨੈਲ ਸਿੰਘ ਚੁਣੇ ਗਏ।

## ਸਰਕਾਰੀ ਕਾਲਜ ਲੜਕੀਆਂ ਦੀ ਦਰਜਾ ਤਿੰਨ ਤੇ ਚਾਰ ਕੱਚੇ ਕਰਮਚਾਰੀਆਂ ਦੀ ਮੀਟਿੰਗ



ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)-ਦੀ ਕਲਾਸ ਫੋਰ ਗੌਰਮਿੰਟ ਇੰਪਲਾਈ ਯੂਨੀਅਨ ਪੰਜਾਬ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸਨ 1680 ਸੈਕਟਰ 22 ਬੀ ਚੰਡੀਗੜ੍ਹ ਦੀ ਸ਼ਾਖਾ ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਦੀ ਮੀਟਿੰਗ ਪੀ ਐੱਸ ਐੱਸ ਐੱਫ ਦੇ ਜ਼ਿਲ੍ਹਾ ਜਰਨਲ ਸਕੱਤਰ ਸੁਰਿੰਦਰ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਡੀ ਗਿਣਤੀ 'ਚ ਕਰਮਚਾਰੀਆਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ 27 ਨਵੰਬਰ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਸਰਪ੍ਰਸਤ ਚਰਨਜੀਤ ਸਿੰਘ ਤੇ ਗੁਰਨਾਮ ਸਿੰਘ, ਮੁੱਖ ਸਲਾਹਕਾਰ ਸੁਰਿੰਦਰ ਸਿੰਘ ਬੈਂਸ, ਸਲਾਹਕਾਰ ਸੁਖਦੇਵ ਸਿੰਘ ਡਾਂਗੋਂ, ਚੇਅਰਮੈਨ ਅਮਰਜੀਤ ਸਿੰਘ, ਪ੍ਰਧਾਨ ਕੁਲਵਿੰਦਰ ਕੁਮਾਰ, ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਤੇ ਰਾਜੀਵ ਕੁਮਾਰ, ਮੀਤ ਪ੍ਰਧਾਨ ਮਨਮੋਹਨ ਸਿੰਘ, ਨਰੇਸ਼ ਕੁਮਾਰ ਤੇ ਰਵਿੰਦਰ ਕੁਮਾਰ, ਜਨਰਲ ਸਕੱਤਰ ਸੰਦੀਪ ਕੁਮਾਰ ਵਰਮਾ ਤੇ ਕਿਰਨ ਧੀਰ, ਸਕੱਤਰ ਭਾਰਤੀ ਅਹੂਜਾ, ਖਜ਼ਾਨਚੀ ਜਗਦੀਪ ਸਿੰਘ, ਮੁੱਖ ਜਥੇਬੰਦ ਸਕੱਤਰ ਮਨੀ ਰਾਮ, ਪ੍ਰਚਾਰਕ ਸਕੱਤਰ ਅਨੂਪ ਸਿੰਘ ਤੇ ਪ੍ਰਭਾ, ਪ੍ਰੈੱਸ ਸਕੱਤਰ ਰੁਪਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਚੁਣੇ ਗਏ। ਇਸ ਸਮੇਂ ਅਮਰੀਕ ਸਿੰਘ, ਰਾਮ ਕਰਨ, ਰਾਮ ਮਿਲਨ, ਧਰਮਪਾਲ ਸਿੰਘ, ਸੰਦੀਪ ਸਿੰਘ, ਹਰਵਿੰਦਰ ਸਿੰਘ, ਸਰਦਾਰਾ ਸਿੰਘ, ਨੀਰਜ ਕੁਮਾਰੀ, ਅਨੁਰਾਧਾ, ਤਿਰਲੋਚਨ ਸਿੰਘ, ਰਾਹੁਲ ਕੁਮਾਰ, ਅਮਨਦੀਪ ਸਿੰਘ, ਹੈਪੀ, ਸੁਭਾਸ਼ ਕੁਮਾਰ, ਰਵਨੀਤ, ਹਰਜੀਤ ਸਿੰਘ, ਮਨਿੰਦਰ ਸਿੰਘ ਬੈਂਸ, ਰਾਜ ਕੁਮਾਰ, ਰਾਜੇਸ਼ ਕੁਮਾਰ ਆਦਿ ਹਾਜ਼ਰ ਸਨ।

# ਸਟੱਡੀ ਸਰਕਲ ਵੱਲੋਂ ਭਾਈ ਵੀਰ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਸੈਮੀਨਾਰ





ਸੰਗਰੂਰ (ਪ੍ਰਵੀਨ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਡਾ: ਭਾਈ ਵੀਰ ਸਿੰਘ ਜੀ ਦੇ 150 ਸਾਲਾ ਜਨਮ ਦਿਵਸ ਨੂੰ ਸਮਰਪਤ ਸੈਮੀਨਾਰ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ, ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਲੁਧਿਆਣਾ ਵੱਲੋਂ ਚਲਾਇਆ ਜਾ ਰਿਹਾ ਹੈ, ਵਿਖੇ ਪ੍ਰਿੰਸੀਪਲ ਹਰਜਸਬੀਰ ਸਿੰਘ, ਅਧਿਆਪਕ ਇੰਚਾਰਜ, ਧਰਮਿੰਦਰ ਸਿੰਘ, ਅਜਮੇਰ ਸਿੰਘ ਡਿਪਟੀ ਡਾਇਰੈਕਟਰ, ਕੁਲਵੰਤ ਸਿੰਘ ਨਾਗਰੀ ਜ਼ੋਨ ਸਕੱਤਰ, ਗੁਰਜੰਟ ਸਿੰਘ ਰਾਹੀਂ ਜ਼ੋਨਲ ਪ੍ਰਧਾਨ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਇੰਦਰਪਾਲ ਸਿੰਘ ਡਾਇਰੈਕਟਰ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ, ਇਕਬਾਲ ਸਿੰਘ ਝੂੰਦਾਂ ਪ੍ਰਧਾਨ ਸਕੂਲ ਪ੍ਰਬੰਧਕ ਕਮੇਟੀ ਤੇ ਜਥੇਦਾਰ ਭੁਪਿੰਦਰ ਸਿੰਘ ਭਲਵਾਨ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਸੈਮੀਨਾਰ ਦੀ ਆਰੰਭਤਾ ਸਕੂਲ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਕੀਤੀ ਗਈ। ਸਟੱਡੀ ਸਰਕਲ ਦੇ ਐਡੀਸ਼ਨਲ ਚੀਫ ਸਕੱਤਰ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਮਹਿਮਾਨਾਂ ਤੇ ਵਿਸ਼ੇਸ਼ ਬੁਲਾਰਿਆਂ ਦੀ ਜਾਣ-ਪਛਾਣ ਕਰਵਾਈ ਤੇ ਸਟੇਜ ਦਾ ਬਾਖੂਬੀ ਸੰਚਾਲਨ ਕੀਤਾ। ਇਕਬਾਲ ਸਿੰਘ ਝੂੰਦਾਂ ਨੇ ਸੰਸਥਾ ਵੱਲੋਂ ਸਵਾਗਤੀ ਸ਼ਬਦ ਕਹੇ ਤੇ ਸਟੱਡੀ ਸਰਕਲ ਵੱਲੋਂ ਕੀਤੇ ਜਾ ਰਹੇ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ। ਅਜਮੇਰ ਸਿੰਘ ਨੇ ਜ਼ੋਨਲ ਪੱਧਰ 'ਤੇ ਕੀਤੀਆਂ ਜਾ ਰਹੀਆਂ ਅਕਾਦਮਿਕ ਤੇ ਸਮਾਜਿਕ ਸਰਗਰਮੀਆਂ ਅਤੇ ਸਥਾਪਤ ਜ਼ੋਨਲ ਦਫਤਰ ਵਿਖੇ ਚੱਲ ਰਹੇ ਸੇਵਾ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਸਾਹਿਤਕਾਰ ਤੇ ਲੇਖਕ ਪ੍ਰੋ: ਨਰਿੰਦਰ ਸਿੰਘ ਨੇ ਭਾਈ ਵੀਰ ਸਿੰਘ ਦੇ ਜੀਵਨ ਦਰਸ਼ਨ 'ਤੇ ਰੋਸ਼ਨੀ ਪਾਈ।

ਮੁੱਖ ਬੁਲਾਰੇ ਤੇ ਪ੍ਰਸਿੱਧ ਵਿਦਵਾਨ ਡਾ. ਚਰਨਜੀਤ ਸਿੰਘ ਉਡਾਰੀ ਨੇ ਭਾਈ ਸਾਹਿਬ ਵੱਲੋਂ ਪੰਜਾਬੀ ਸਾਹਿਤ, ਕਾਵਿ ਖੇਤਰ, ਸ਼ਬਦ ਕੋਸ਼, ਖਾਲਸਾ ਸੰਸਥਾਵਾਂ ਸਬੰਧੀ ਪਾਏ ਯੋਗਦਾਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਤੇ ਕਿਹਾ ਕਿ ਭਾਈ ਵੀਰ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀ ਸ਼ੈਲੀ ਦਾ ਵਿਕਾਸ ਕੀਤਾ ਹੈ। ਸਟੱਡੀ ਸਰਕਲ ਦੇ ਗਲੋਬਲ ਐਜੂਕੇਸ਼ਨ ਮਿਸ਼ਨ ਦੇ ਡਾਇਰੈਕਟਰ ਇੰਦਰਪਾਲ ਸਿੰਘ ਨੇ ਕਿਹਾ ਭਾਈ ਸਾਹਿਬ ਨੇ ਪੰਜਾਬੀ ਸਾਹਿਤ ਨੂੰ ਅੰਗਰੇਜ਼ੀ ਸਾਹਿਤ ਦੇ ਹਾਣੀ ਬਣਾ ਦਿੱਤਾ ਹੈ। ਅਜਮੇਰ ਸਿੰਘ ਦੇ ਸੰਚਾਲਨ ਅਧੀਨ ਸਟੱਡੀ ਸਰਕਲ ਵੱਲੋਂ ਕਰਵਾਏ ਨੈਤਿਕ ਸਿੱਖਿਆ ਇਮਤਿਹਾਨ ਅਧੀਨ ਮਾਲੇਰਕੋਟਲਾ ਖੇਤਰ ਦੇ ਜੇਤੂ ਵਿਦਿਆਰਥੀਆਂ ਨੂੰ ਨਗਦ ਪੁਰਸਕਾਰ ਦਿੱਤੇ ਗਏ।

## ਸਰਕਾਰਾਂ ਸਾਬਕਾ ਫੌਜੀਆਂ ਨੂੰ ਬਣਦਾ ਮਾਣ-ਸਨਮਾਨ ਨਹੀਂ ਦੇ ਰਹੀਆਂ : ਸੁਰਜੀਤ ਸਿੰਘ



ਨਾਭਾ (ਵਰਿੰਦਰ ਵਰਮਾ)-ਦੇਸ਼ ਦੀ ਕੇਂਦਰ ਸਰਕਾਰ ਤੇ ਸੂਬਾ ਸਰਕਾਰ ਫੌਜੀਆਂ ਵੱਲੋਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਦਾ ਨਾ ਤਾਂ ਸਤਿਕਾਰ ਕਰ ਰਹੀਆਂ ਹਨ ਤੇ ਨਾ ਹੀ ਮੁੱਲ ਪਾ ਰਹੀਆਂ ਹਨ। ਇਹ ਗੱਲ 1971 ਦੀ ਭਾਰਤ-ਪਾਕਿਸਤਾਨ ਜੰਗ ਵਿੱਚ ਲੜਦੇ ਹੋਏ ਭਾਰਤ ਸਰਕਾਰ ਵੱਲੋਂ ਐਲਾਨੇ ਜ਼ਿੰਦਾ ਸ਼ਹੀਦ ਸੁਰਜੀਤ ਸਿੰਘ ਨਾਜਰ ਨੇ ਬੜੇ ਭਾਵੁਕ ਹੁੰਦਿਆਂ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਉਨ੍ਹਾ ਕਿਹਾ ਕਿ ਭਾਰਤ ਪਾਕਿਸਤਾਨ ਦੀ ਜੰਗ ਜੋ ਕਿ ਬੰਗਲਾਦੇਸ਼ ਬਣਾਉਣ ਲਈ ਲੜੀ ਗਈ ਸੀ, ਉਹ ਅੱਜ ਦੇ ਦਿਨ 9 ਦਸੰਬਰ 1971 ਨੂੰ ਉਸ ਜੰਗ ਵਿੱਚ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ ਤੇ ਲਗਪਗ ਸਾਢੇ ਤਿੰਨ ਸਾਲ ਉਹ ਵੱਖ-ਵੱਖ ਹਸਪਤਾਲਾਂ ਵਿੱਚ ਜ਼ੇਰੇ ਇਲਾਜ ਰਹੇ ਅਤੇ ਭਾਰਤ ਦੀ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਮਿਜਾਜਪੋਸ਼ੀ ਲਈ ਆਏ ਸਨ। ਉਨ੍ਹਾ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਵੱਲੋਂ ਦੇਸ਼ ਲਈ ਦਿੱਤੀ ਵੱਡੀ ਕੁਰਬਾਨੀ ਦੇ ਬਾਵਜੂਦ ਜ਼ਿਲ੍ਹਾ ਪਟਿਆਲਾ ਵਿੱਚ ਮਨਾਏ ਜਾਂਦੇ ਆਜ਼ਾਦੀ ਤੇ ਗਣਤੰਤਰ ਦਿਵਸ ਦੇ ਸਮਾਗਮਾਂ ਦੌਰਾਨ ਉਨ੍ਹਾਂ ਨੂੰ ਹਰ ਸਾਲ ਅਣਗੌਲਿਆ ਕੀਤਾ ਜਾਂਦਾ ਹੈ, ਜੋ ਕਿ ਬਹੁਤ ਹੀ ਮੰਦਭਾਗਾ ਤੇ ਨਿੰਦਣਯੋਗ ਹੈ। ਉਨ੍ਹਾ ਦੱਸਿਆ ਕਿ ਸਰਹੱਦਾਂ 'ਤੇ ਬੈਠੇ ਜਵਾਨਾਂ ਵੱਲੋਂ ਬਿਨਾਂ ਗਰਮੀ, ਸਰਦੀ ਅਤੇ ਜਾਨ ਦੀ ਪ੍ਰਵਾਹ ਕੀਤਿਆਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕੀਤੀ ਜਾਂਦੀ ਹੈ। ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ, ਪ੍ਰੰਤੂ ਦੇਸ਼ ਦੀ ਸਰਕਾਰ ਤੇ ਪੰਜਾਬ ਸਰਕਾਰ ਨੂੰ ਸਾਬਕਾ ਫੌਜੀਆਂ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ।

## 93ਵੇਂ ਸਾਲ ਦੀ ਉਮਰੇ ਵੀ ਦੌੜ ਤੇ ਲੰਮੀ ਛਾਲ ਦਾ ਖਿਡਾਰੀ ਹੈ ਬਾਬਾ ਇੰਦਰ ਸਿੰਘ

**57 ਮੁਕਾਬਲੇ ਜਿੱਤ ਚੁੱਕੇ ਬਾਬੇ ਵੱਲੋਂ ਸਰਕਾਰ ਪਾਸੋਂ ਬਹੁਕੌਮੀ ਮੁਕਾਬਲੇ ਵਾਸਤੇ ਮਦਦ ਦੀ ਮੰਗ**



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪਿੰਡ ਰੱਤਾ ਖੇੜਾ ਦਾ 93ਵੇਂ ਸਾਲਾ ਬਾਬਾ ਇੰਦਰ ਸਿੰਘ ਅਜੇ ਵੀ ਦੌੜ ਤੇ ਲੰਬੀ ਛਾਲ ਦੇ ਮੁਕਾਬਲੇ ਵਿੱਚ ਹਿੱਸਾ ਲੈਂਦਾ ਤੇ ਜਿੱਤਦਾ ਹੈ। ਉਸ ਦੀ ਇੱਛਾ ਅੰਤਰ-ਰਾਸ਼ਟਰੀ ਮੁਕਾਬਲੇ ਵਿੱਚ ਹਿੱਸਾ ਲੈਣ ਦੀ ਹੈ। ਇਸ ਵਾਸਤੇ ਉਹ ਲਗਾਤਾਰ ਤਿਆਰ ਵੀ ਕਰ ਰਿਹਾ ਹੈ। ਬਾਬਾ ਇੰਦਰ ਸਿੰਘ ਨੇ ਦੱਸਿਆ ਕਿ ਹਾਲ ਹੀ ਵਿੱਚ ਉਸ ਨੇ ਮਸਤੂਆਣਾ ਸਾਹਿਬ ਵਿਖੇ ਹੋਏ ਐਥਲੈਟਿਕਸ ਮੁਕਾਬਲਿਆਂ 'ਚ ਲੰਬੀ ਛਾਲ, 100 ਮੀਟਰ ਦੌੜ ਤੇ 200 ਮੀਟਰ ਦੌੜ 'ਚ ਸੋਨ ਤਮਗਾ ਜਿੱਤਿਆ ਹੈ। ਉਨ੍ਹਾ ਦੱਸਿਆ ਕਿ ਹੁਣ ਤੱਕ ਉਹ ਕੌਮੀ ਮੁਕਾਬਲਿਆਂ 'ਚ 40 ਗੋਲਡ ਮੈਡਲ, 9 ਚਾਂਦੀ ਤੇ 8 ਕਾਂਸੀ ਦੇ ਤਮਗੇ ਜਿੱਤ ਚੁੱਕਿਆ ਹੈ। ਉਹ ਰੋਜ਼ਾਨਾ ਕਰੀਬ 11 ਕਿਲੋਮੀਟਰ ਦੌੜ ਲਾਉਂਦੇ ਹਨ। ਸਧਾਰਨ ਖੁਰਾਕ ਖਾਂਦੇ ਹਨ। ਖਾਸ ਤੌਰ 'ਤੇ ਲਾਲ ਮਿਰਚਾਂ ਦੀ ਕੂੰਡੇ 'ਚ ਰਗੜੀ ਚਟਣੀ, ਲੱਸੀ ਤੇ ਮੱਖਣ ਉਨ੍ਹਾ ਦੀ ਪਸੰਦੀਦਾ ਖੁਰਾਕ ਹੈ। ਗੁੜ ਖਾਣ ਦੇ ਸ਼ੌਕੀਨ ਹਨ। ਬਾਬਾ ਇੰਦਰ ਸਿੰਘ ਨੇ ਦੱਸਿਆ ਕਿ ਹੁਣ ਉਹ ਨੈਸ਼ਨਲ ਬੰਗਲੌਰ ਤੇ ਪੰਚਕੂਲਾ ਵਿਖੇ ਹੋਣ ਵਾਲੀਆਂ ਵੈਟਰਨ ਖੇਡਾਂ ਦੀ ਤਿਆਰ ਕਰ ਰਿਹਾ ਹੈ ਤੇ ਉਸ ਤੋਂ ਬਾਅਦ ਅੰਤਰ ਰਾਸ਼ਟਰੀ ਮੁਕਾਬਲੇ ਵਿੱਚ ਜਾਣਾ ਚਾਹੁੰਦਾ ਹੈ। ਉਨ੍ਹਾ ਕਿਹਾ ਕਿ ਅੰਤਰ-ਰਾਸ਼ਟਰੀ ਮੁਕਾਬਲੇ ਲਈ ਤਿਆਰੀ, ਖੁਰਾਕ ਤੇ ਹੋਰ ਖਰਚਿਆਂ ਲਈ ਸਰਕਾਰ ਉਸ ਦੀ ਮਦਦ ਕਰੇ।

## ਬਲਾਕ ਦੇ ਸਮੂਹ ਪ੍ਰਾਇਮਰੀ ਸਕੂਲਾਂ 'ਚ ਮਦਰਜ਼ ਵਰਕਸ਼ਾਪ



ਕੋਟ ਈਸੇ ਖਾਂ (ਅਰੋੜਾ)-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ ਅਨੁਸਾਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰੀਮਤੀ ਕੰਚਨ ਬਾਲਾ ਵੱਲੋਂ ਬਲਾਕ ਧਰਮਕੋਟ-2 ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਦੇ ਅਧਿਕਾਰਾਂ ਤੇ ਸੁਰੱਖਿਆ ਸੰਬੰਧੀ ਜਾਗਰੂਕਤਾ ਲਿਆਉਣ ਲਈ ਮਦਰਜ਼ ਵਰਕਸ਼ਾਪ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿੱਚ ਸੈਂਟਰ ਫਤਿਹਗੜ੍ਹ ਕੋਰੋਟਾਣਾ ਸੀ.ਐੱਚ.ਟੀ. ਸੰਜੀਵ ਕੁਮਾਰ, ਸੈਂਟਰ ਕੜਿਆਲ ਤੇ ਕੋਟ ਈਸੇ ਖਾਂ ਸੀ.ਐੱਚ.ਟੀ. ਰੁਬਿੰਦਰ ਕੌਰ, ਸੈਂਟਰ ਮੰਦਰ ਸੀ.ਐੱਚ.ਟੀ. ਵੀਨਾ ਰਾਣੀ, ਸੈਂਟਰ ਮਹਿਲ ਤੇ ਫਤਿਹਗੜ੍ਹ ਪੰਜਤੂਰ ਸੀ.ਐੱਚ.ਟੀ ਸਵਰਨਜੀਤ ਸਿੰਘ, ਬੀ.ਐੱਚ.ਟੀ. ਮਨਜੀਤ ਸਿੰਘ ਤੇ ਬਲਾਕ ਮੀਡੀਆ ਇੰਚਾਰਜ ਯੋਗੇਸ਼ ਠਾਕੁਰ ਦੁਆਰਾ ਸਾਰੇ ਸਕੂਲਾਂ ਦੇ ਅਧਿਆਪਕਾਂ ਨੂੰ ਸਹਿਯੋਗ ਕਰਦੇ ਹੋਏ ਮਦਰਜ਼ ਵਰਕਸ਼ਾਪ ਦੌਰਾਨ ਬੱਚਿਆਂ ਦੀਆਂ ਮਾਤਾਵਾਂ ਨੂੰ ਜੀ ਆਇਆਂ ਨੂੰ ਆਖਿਆ ਗਿਆ ਤੇ ਵੱਖ-ਵੱਖ ਗਤੀਵਿਧੀਆਂ ਕਰਵਾਉਂਦੇ ਹੋਏ ਬੱਚਿਆਂ ਦੇ ਅਧਿਕਾਰਾਂ, ਸਰਕਾਰ ਵੱਲੋਂ ਬੱਚਿਆਂ ਦੀ ਸੁਰੱਖਿਆ ਲਈ ਬਣਾਈਆਂ ਨੀਤੀਆਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਵਰਕਸ਼ਾਪ ਵਿੱਚ ਬੱਚਿਆਂ ਦੀਆਂ ਮਾਤਾਵਾਂ ਵੱਲੋਂ ਬਹੁਤ ਰੁਚੀ ਦਿਖਾਈ ਗਈ ਤੇ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ।

## ਫ਼ਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਨਤੀਜੇ ਸ਼ਾਨਦਾਰ

**ਚੰਗੀ ਸਿੱਖਿਆ ਚੰਗੇ ਅਧਿਆਪਕ ਪੈਦਾ ਕਰਦੀ ਹੈ : ਚੇਅਰਮੈਨ ਚੱਠਾ**



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਨੈਤਿਕ ਕਦਰਾਂ-ਕੀਮਤਾਂ ਵਾਲੇ ਬੁੱਧੀਮਾਨ ਅਧਿਆਪਕ ਪੈਦਾ ਕਰਕੇ ਸਮਾਜ ਦੇ ਵਿਕਾਸ ਵਿੱਚ ਹਾਂ-ਪੱਖੀ ਯੋਗਦਾਨ ਪਾ ਕੇ ਦੇਸ਼ ਨੂੰ ਵਿਕਸਤ ਕਰਨਾ ਤੇ ਦੇਸ਼ ਦੇ ਭਵਿੱਖ ਕਹਾਉਣ ਵਾਲੇ ਨੌਜਵਾਨਾਂ ਨੂੰ ਸਹੀ ਮਾਰਗਦਰਸ਼ਕ ਦੇਣ ਵਾਲੇ ਅਧਿਆਪਕ ਦੇਣਾ ਹੀ ਸੰਸਥਾ ਦਾ ਮੁੱਢਲਾ ਫਰਜ਼ ਹੈ। ਉਕਤ ਗੱਲਾਂ ਦਾ ਪ੍ਰਗਟਾਵਾ ਸੰਸਥਾ ਦੇ ਚੇਅਰਮੈਨ ਐੱਸ ਐੱਸ ਚੱਠਾ ਨੇ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਪੜ੍ਹਾਈ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਜਾ ਰਹੀਆਂ ਹਨ। ਨਤੀਜਨ ਬੀ. ਐਡ ਫਾਈਨਲ ਸਮੈਸਟਰ ਦੇ ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਨਤੀਜੇ ਉਕਤ ਸੰਦਰਭ ਪੇਸ਼ ਕਰ ਰਹੇ ਹਨ। ਐਜੂਕੇਸ਼ਨ ਵਿਭਾਗ ਮੁਖੀ ਪ੍ਰੋਫੈਸਰ ਸੰਦੀਪ ਕੌਰ ਨੇ ਦੱਸਿਆ ਕਿ ਅੰਸ਼ੂ ਸਿੰਬਲ ਪੁੱਤਰੀ ਐੱਚ ਸੀ ਸਿੰਬਲ ਨੇ ਕਾਲਜ ਵਿੱਚ 82.6 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਕਿਰਨਦੀਪ ਕੌਰ ਪੁੱਤਰੀ ਸੁਰਿੰਦਰ ਸਿੰਘ ਨੇ 82.2 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਤੇ ਕਰੀਮੀਕਾ ਰਾਣੀ ਪੁੱਤਰੀ ਅਮ੍ਰਿਤਪਾਲ ਗਰਗ ਨੇ 80 ਪ੍ਰਤੀਸ਼ਤ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾ ਉਕਤ ਪ੍ਰਾਪਤੀ 'ਤੇ ਤਸੱਲੀ ਪ੍ਰਗਟ ਕਰਦਿਆਂ ਵਿਦਿਆਰਥੀਆਂ ਤੇ ਯੋਗ ਸਟਾਫ ਦੀ ਮਿਹਨਤ ਨੂੰ ਸਿਜਦਾ ਕੀਤਾ। ਉਕਤ ਪ੍ਰਾਪਤੀ 'ਤੇ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਪ੍ਰੋ. ਮਨਜੀਤ ਕੌਰ ਚੱਠਾ, ਪ੍ਰੋ. ਹਰਪ੍ਰੀਤ ਸ਼ਰਮਾ ਸਹਾਇਕ ਡਾਇਰੈਕਟਰ (ਪਲੈਨਿੰਗਵਿਕਾਸ ਤੇ ਪਬਲਿਕ ਰਿਲੇਸ਼ਨ), ਪ੍ਰੋ. ਰਜਿੰਦਰ ਕੁਮਾਰ ਤ੍ਰਿਪਾਠੀ ਰਜਿਸਟਰਾਰ, ਪ੍ਰੋ. ਜਸਵਿੰਦਰ ਸਿੰਘ ਬਰਾੜ ਸਹਾਇਕ ਡਾਇਰੈਕਟਰ (ਐਡਮਨਿਸਟ੍ਰੇਸ਼ਨ). ਪ੍ਰੋ. ਸਤਵੀਰ ਕੌਰ ਸਹਾਇਕ ਡਾਇਰੈਕਟਰ (ਅਕਾਦਮਿਕ), ਪ੍ਰੋ. ਚਰਨਜੀਤ ਕੌਰ (ਐੱਚ ਆਰ), ਪ੍ਰੋ. ਰਘਵੀਰ ਸਿੰਘ, ਪ੍ਰੋ. ਗੁਰਵਿੰਦਰ ਸਿੰਘ ਤੋਂ ਇਲਾਵਾ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਮੁਬਾਰਕਬਾਦ ਦਿੱਤੀ।

# ਸਰਕਾਰੀ ਧੋਖਾ ਬਰਦਾਸ਼ਤ ਨਹੀਂ ਕਰਨਗੇ ਦੇਸ਼ ਦੇ ਜਾਗਰੂਕ ਕਿਸਾਨ : ਔਲਖ



ਸਿਰਸਾ (ਸੁਰਿੰਦਰ ਪਾਲ ਸਿੰਘ) ਯੂਨਾਈਟਿਡ ਕਿਸਾਨ ਮੋਰਚਾ ਵੱਲੋਂ 11 ਦਸੰਬਰ ਨੂੰ ਸਿੰਘੂ ਬਾਰਡਰ 'ਤੇ ਮਨਾਏ ਜਾ ਰਹੇ ਸ਼ਹੀਦੀ ਸਮਾਗਮ ਦੇ ਸੰਬੰਧ 'ਚ ਟੀਮ ਬੀ.ਕੇ.ਈ. ਨੇ ਮੰਗਲਵਾਰ ਨੂੰ ਦਰਜਨਾਂ ਪਿੰਡਾਂ ਭੱਦੜਾ, ਝੋਰੜੋਹੀ, ਝਿੜੀ, ਥਰਾਜ, ਭੀਮਾ, ਮਾਲੜੀ, ਰੋਹਣ, ਫੱਗੂ, ਸੂਰਤੀਆ, ਰੋੜੀ ਦਾ ਦੌਰਾ ਕੀਤਾ। ਕਿਸਾਨਾਂ ਨਾਲ ਸੰਪਰਕ ਕਰਨ 'ਤੇ ਬੀ.ਕੇ.ਈ. ਦੇ ਪ੍ਰਧਾਨ ਲਖਵਿੰਦਰ ਸਿੰਘ ਔਲਖ ਨੇ ਕਿਹਾ ਕਿ ਮੌਜੂਦਾ ਭਾਜਪਾ ਸਰਕਾਰ ਨੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਨਾਲ ਕਈ ਵਾਅਦੇ ਕੀਤੇ ਸਨ, ਪਰ ਅੰਦੋਲਨ ਖਤਮ ਹੋਣ ਤੋਂ ਲੈ ਕੇ ਹੁਣ ਤੱਕ ਸਰਕਾਰ ਨੇ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ। ਸਰਕਾਰ ਆਪਣੇ ਵਾਅਦਿਆਂ ਤੋਂ ਪਿੱਛੇ ਹਟ ਕੇ ਕਿਸਾਨਾਂ ਨਾਲ ਧੋਖਾ ਕਰ ਰਹੀ ਹੈ। ਸਥਾਨਕ ਸਮੱਸਿਆਵਾਂ, ਕਿਸਾਨਾਂ ਨੂੰ ਦਰਪੇਸ਼ ਖਾਦਾਂ ਦੀ ਘਾਟ ਤੇ ਬੀਮਾ ਕਲੇਮ ਰਾਸ਼ੀ ਦਾ ਮੁੱਦਾ ਵੀ ਪ੍ਰਮੁੱਖਤਾ ਨਾਲ ਉਠਾਇਆ ਜਾਵੇਗਾ। ਔਲਖ ਨੇ ਕਿਹਾ ਕਿ ਸਰਕਾਰ ਨੂੰ ਉਸ ਦੇ ਵਾਅਦੇ ਯਾਦ ਕਰਵਾਉਣ ਤੇ ਕਿਸਾਨ ਅੰਦੋਲਨ ਵਿੱਚ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਦੇਣ ਲਈ 11 ਦਸੰਬਰ ਨੂੰ ਦਿੱਲੀ ਵਿੱਚ ਇੱਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਵੱਖ-ਵੱਖ ਰਾਜਾਂ ਤੋਂ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਇਕੱਠੇ ਹੋ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਨਗੇ। ਇਸ ਮੌਕੇ ਗੁਰਲਾਲ ਭੰਗੂ, ਲੀਲਾ ਸਿੰਘ ਸਾਹੂਵਾਲਾ, ਜਗਜੀਤ ਸਿੱਧੂ, ਜਸਵਿੰਦਰ ਸਿੰਘ ਭਾਦੜਾ, ਨਛੱਤਰ ਸਿੰਘ ਝੋਰੜ ਰੋਹੀ, ਨੱਥਾ ਸਿੰਘ ਝੋਰੜ ਰੋਹੀ, ਬਸੰਤ ਸਿੰਘ ਥਿਰਾਜ, ਬਲਕੌਰ ਸਿੰਘ, ਨਿੱਕਾ ਸਿੰਘ ਫੱਗੂ, ਗੁਰਪ੍ਰੀਤ ਜ਼ੈਲਦਾਰ, ਸਰਪੰਚ ਜਗਸੀਰ ਸਿੰਘ ਰੋਹਣ ਸੰਦੀਪ ਸਿੰਘ ਝਿੜੀ, ਜੀਤ ਸਿੰਘ ਥਰਾਜ, ਅੰਗਰੇਜ ਸਿੰਘ ਥਿਰਾਜ ਤੇ ਹੋਰ ਕਿਸਾਨ ਹਾਜ਼ਰ ਸਨ।

## ਭੋਡੀਪੁਰਾ 'ਚ ਵਿਸ਼ੇਸ਼ ਕੈਂਪ ਲਗਾ ਕੇ ਲੋਕਾਂ ਦੀਆਂ ਮੁਸਕਲਾਂ ਸੁਣੀਆਂ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਸਮੱਸਿਆਵਾਂ ਉਨ੍ਹਾਂ ਦੇ ਦਰਾਂ 'ਤੇ ਜਾ ਕੇ ਹੱਲ ਕਰਨ ਦੇ ਮਿਲੇ ਦਿਸ਼ਾ-ਨਿਰਦੇਸ਼ਾਂ ਤੇ ਡਿਪਟੀ ਕਮਿਸ਼ਨਰ ਬਠਿੰਡਾ ਸ਼ੌਕਤ ਅਹਿਮਦ ਪਰੇ ਦੀ ਯੋਗ ਅਗਵਾਈ ਹੇਠ ਉੱਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ ਓਮ ਪ੍ਰਕਾਸ ਨੇ ਪਿੰਡ ਭੋਡੀਪੁਰਾ ਵਿਖੇ ਵਿਸ਼ੇਸ਼ ਕੈਂਪ ਲਗਾ ਕੇ ਪਿੰਡ ਰਾਮੂਵਾਲਾ, ਹਾਕਮ ਸਿੰਘ ਵਾਲਾ, ਭੋਡੀਪੁਰਾ, ਕੋਇਰ ਸਿੰਘ ਵਾਲਾ ਤੇ ਆਕਲੀਆਂ ਜਲਾਲ ਦੇ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਵੱਖ-ਵੱਖ ਵਿਕਾਸ ਕੰਮਾਂ ਦਾ ਰੀਵਿਊ ਕੀਤਾ। ਇਸ ਮੌਕੇ ਐੱਸ ਡੀ ਐੱਮ ਓਮ ਪ੍ਰਕਾਸ਼ ਨੇ ਆਮ ਲੋਕਾਂ ਤੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਸੰਬੰਧੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸ਼ਿਕਾਇਤਾਂ ਦਾ ਇੱਕ ਹਫਤੇ ਦੇ ਅੰਦਰ-ਅੰਦਰ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ ਤੇ ਰਿਪੋਰਟ ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਨੂੰ ਭੇਜਣੀ ਲਾਜ਼ਮੀ ਬਣਾਈ ਜਾਵੇ। ਕੈਂਪ ਦੌਰਾਨ ਕੁੱਲ 34 ਦਰਖਾਸਤਾਂ ਪ੍ਰਾਪਤ ਹੋਈਆ। ਇਸ ਤੋਂ ਇਲਾਵਾ ਵੱਖ ਵੱਖ ਵਿਭਾਗ ਵੱਲੋਂ ਆਪਣੇ-ਆਪਣੇ ਵਿਭਾਗਾਂ ਨਾਲ ਸਬੰਧਤ ਦਿੱਤੀਆਂ ਜਾਣ ਵਾਲੀਆ ਸਹੂਲਤਾਂ ਤੇ ਵੱਖ-ਵੱਖ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਸਬੰਧੀ ਵੀ ਵੱਖਰੇ-ਵੱਖਰੇ ਕਾਊਂਟਰ ਲਗਾ ਕੇ ਆਮ ਲੋਕਾਂ ਨੂੰ ਜਾਣੂ ਕਰਵਾਇਆ ਗਿਆ ਤੇ ਉਨ੍ਹਾਂ ਨੂੰ ਵੱਖਰੇ-ਵੱਖਰੇ ਫਾਰਮ ਭਰਵਾਏ ਗਏ। ਇਸ ਮੌਕੇ ਨਾਇਬ ਤਹਿਸੀਲਦਾਰ ਰਾਮਪੁਰਾ ਫੂਲ ਅਵਤਾਰ ਸਿੰਘ, ਨਾਇਬ ਤਹਿਸੀਲਦਾਰ ਭਗਤਾ ਭਾਈਕਾ, ਰਣਜੀਤ ਸਿੰਘ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਭਗਤਾ ਭਾਈਕਾ, ਪ੍ਰਭਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਸਰਪੰਚ ਤੇ ਆਮ ਲੋਕ ਹਾਜ਼ਰ ਸਨ।

## ਪਾਵਰਕਾਮ ਦੇ ਅਧਿਕਾਰਤ ਕੈਸ਼ ਕਾਊਂਟਰਾਂ 'ਤੇ ਹੀ ਬਿੱਲ ਭਰੇ ਜਾਣ : ਐੱਸ ਡੀ ਓ



ਧੂਰੀ (ਰਾਜੇਸ਼ਵਰ ਪਿੰਟੂ)-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵੱਲੋਂ ਆਪਣੇ ਖਪਤਕਾਰਾਂ ਨੂੰ ਫਰਾਡ ਫੋਨ ਕਾਲਾਂ ਤੇ ਆ ਰਹੇ ਵਟਸਐਪ ਸੁਨੇਹਿਆਂ ਪ੍ਰਤੀ ਸੁਚੇਤ ਕਰਦਿਆਂ ਕਿਹਾ ਗਿਆ ਕਿ ਧੋਖੇਬਾਜ਼ ਖਪਤਕਾਰਾਂ ਨੂੰ ਤੁਰੰਤ ਬਿਜਲੀ ਬਿਲ ਦਾ ਭੁਗਤਾਨ ਕਰਨ ਲਈ ਫੋਨ ਕਾਲ ਅਤੇ ਵਟਸਐਪ 'ਤੇ ਸੁਨੇਹੇ ਭੇਜ ਕੇ ਖਪਤਕਾਰਾਂ ਨੂੰ ਠੱਗਣ ਲਈ ਸਰਗਰਮ ਹਨ।

ਪਾਵਰਕਾਮ ਸ਼ਹਿਰੀ ਧੂਰੀ ਦੇ ਐੱਸ ਡੀ ਓ ਬਲਵਿੰਦਰ ਸਿੰਘ ਨੇ ਗੱਲਬਾਤ ਦੌਰਾਨ ਖਪਤਕਾਰਾਂ ਨੂੰ ਅਜਿਹੇ ਧੋਖੇਬਾਜ਼ਾਂ ਤੋਂ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਧੋਖੇਬਾਜ਼ਾਂ ਵੱਲੋਂ ਖਪਤਕਾਰਾਂ ਨੂੰ ਫੋਨ ਕਾਲ ਕਰਕੇ ਜਾਂ ਵਟਸਐਪ ਤੇ ਸੁਨੇਹਾ ਭੇਜ ਕੇ ਤੁਰੰਤ ਬਿਜਲੀ ਬਿਲ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ ਤੇ ਅਜਿਹਾ ਨਾ ਕਰਨ ਦੀ ਸੂਰਤ 'ਚ ਉਨ੍ਹਾਂ ਦਾ ਬਿਜਲੀ ਕੁਨੈਕਸ਼ਨ ਕੱਟ ਦੇਣ ਦੀ ਚਿਤਾਵਨੀ ਦਿੱਤੀ ਜਾਂਦੀ ਹੈ। ਉਨ੍ਹਾਂ ਖਪਤਕਾਰਾਂ ਨੂੰ ਧੋਖੇਬਾਜ਼ਾਂ ਦੀਆਂ ਅਜਿਹੀਆਂ ਕਾਲਾਂ ਤੇ ਸੁਨੇਹਿਆਂ ਦਾ ਜਵਾਬ ਨਾ ਦੇਣ ਦੀ ਸਲਾਹ ਦਿੰਦਿਆਂ ਕਿਹਾ ਗਿਆ ਕਿ ਧੋਖੇਬਾਜ਼ ਆਪਣੇ ਵੱਲੋਂ ਭੇਜੇ ਲਿੰਕ ਨੂੰ ਪਾਵਰਕਾਮ ਦਾ ਹੋਣ ਦਾ ਦਾਅਵਾ ਕਰਦਿਆਂ ਉਸ ਲਿੰਕ ਰਾਹੀਂ ਬਿਲ ਦਾ ਭੁਗਤਾਨ ਕਰਨ ਲਈ ਪ੍ਰੇਰਿਤ ਕਰਦੇ ਹਨ ਅਤੇ ਅਜਿਹੇ ਲਿੰਕ ਰਾਹੀਂ ਭੁਗਤਾਨ ਕਰਕੇ ਖਪਤਕਾਰ ਧੋਖਾਧੜੀ ਦਾ ਸ਼ਿਕਾਰ ਹੁੰਦਾ ਹੈ।

ਉਨ੍ਹਾ ਆਮ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਖਪਤਕਾਰ ਆਪਣੇ ਬਿਲਾਂ ਦਾ ਭੁਗਤਾਨ ਕੇਵਲ ਪਾਵਰਕਾਮ ਐਪ/ਵੈਬਸਾਈਟ ਜਾਂ ਸਰਕਾਰੀ ਅਧਿਕਾਰਤ ਸੇਵਾ ਕੇਂਦਰਾਂ, ਸੀ ਐੱਸ ਸੀ ਤੇ ਪਾਵਰਕਾਮ ਦੇ ਕੈਸ਼ ਕਾਊਂਟਰਾਂ ਰਾਹੀਂ ਹੀ ਕਰਨ।

## ਕੇਂਦਰੀ ਜੇਲ੍ਹ 'ਚੋਂ 8 ਮੋਬਾਇਲ, ਸਿਗਰਟਾਂ ਤੇ 4 ਡਾਟਾ ਕੇਬਲ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ 8 ਮੋਬਾਇਲ ਫੋਨ, 9 ਛੋਟੀਆਂ ਡੱਬੀਆਂ ਸਿਗਰਟਾਂ ਤੇ 1 ਵੱਡੀ ਡੱਬੀ ਸਿਗਰਟ ਤੇ 4 ਡਾਟਾ ਕੇਬਲਾਂ ਬਰਾਮਦ ਕੀਤੀਆਂ ਹਨ। ਇਸ ਸੰਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਸਮੇਤ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਏਐੱਸਆਈ ਜੰਗ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 8180 ਰਾਹੀਂ ਗੁਰਤੇਜ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 3 ਦਸੰਬਰ 2022 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਪੁਰਾਣੀ ਬੈਰਕ ਨੰਬਰ 5 ਦੀ ਤਲਾਸ਼ੀ ਕੀਤੀ ਗਈ ਤਾਂ ਤਲਾਸ਼ੀ ਦੌਰਾਨ ਹਵਾਲਾਤੀ ਥੋਮਸ ਪੁੱਤਰ ਸੋਨੂੰ ਵਾਸੀ ਜੱਲਾ ਚੌਕ ਮੱਖੂ ਕੋਲੋਂ 1 ਮੋਬਾਇਲ ਫੋਨ ਮਾਰਕਾ ਸੈਮਸੰਗ ਕੀ-ਪੈਡ, ਰੰਗ ਕਾਲਾ ਸਮੇਤ ਬੈਟਰੀ ਤੇ ਸਿੰਮ ਕਾਰਡ ਬਰਾਮਦ ਹੋਇਆ। ਏਐੱਸਆਈ ਦਲੀਪ ਕੁਮਾਰ ਨੇ ਦੱਸਿਆ ਕਿ ਪੱਤਰ ਨੰਬਰ 2163 ਰਾਹੀਂ ਕਸ਼ਮੀਰ ਚੰਦ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 6 ਦਸੰਬਰ 2022 ਨੂੰ ਸਵੇਰੇ ਸਾਢੇ 7 ਵਜੇ ਜੇਲ੍ਹ ਦੀ ਖੁਲਾਈ ਸਮੇਂ ਹੈੱਡਵਾਰਡਰ ਬਲਬੀਰ ਸਿੰਘ ਨੇ ਸਾਰੀ ਜੇਲ੍ਹ ਦਾ ਚੱਕਰ ਲਗਾਇਆ ਤਾਂ ਡਿਊੜੀ ਦੇ ਨਾਲ ਬਗੀਚੀ ਵਿੱਚੋਂ 2 ਪੈਕੇਟ ਥਰੋ ਦੇ ਬਰਾਮਦ ਹੋਏ, ਜਿਨ੍ਹਾਂ ਨੂੰ ਖੋਲ੍ਹ ਕੇ ਚੈੱਕ ਕੀਤਾ ਗਿਆ ਤਾਂ ਇਨ੍ਹਾਂ ਵਿੱਚੋਂ 3 ਮੋਬਾਇਲ ਫੋਨ ਮਾਰਕਾ ਓਪ ਟੱਚ ਸਕਰੀਨ, 9 ਛੋਟੀਆਂ ਡੱਬੀਆਂ ਸਿਗਰਟਾਂ, 1 ਵੱਡੀ ਡੱਬੀ ਸਿਗਰਟ ਤੇ 4 ਡਾਟਾ ਕੇਬਲ ਬਰਾਮਦ ਹੋਈਆਂ। ਏਐੱਸਆਈ ਦਲੀਪ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 8235 ਰਾਹੀਂ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 3 ਦਸੰਬਰ 2022 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਬਲਾਕ ਨੰਬਰ ਦੋ ਦੀ ਬੈਰਕ ਨੰਬਰ 2 ਦੀ ਤਲਾਸ਼ੀ ਕੀਤੀ ਗਈ ਤਾਂ ਤਲਾਸ਼ੀ ਦੌਰਾਨ ਵੱਖ ਵੱਖ ਥਾਵਾਂ ਤੋਂ 2 ਮੋਬਾਇਲ ਫੋਨ ਮਾਰਕਾ ਓਪੋ ਤੇ ਵੀਵੋ ਟੱਚ ਸਕਰੀਨ ਸਮੇਤ ਸਿੰਮ ਕਾਰਡ, 2 ਮੋਬਾਇਲ ਫੋਨ ਮਾਰਕਾ ਸੈਮਸੰਗ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ ਬਰਾਮਦ ਹੋਏ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ...ਸਫ਼ਾ 1 ਦੇ ਬਾਕੀ

### ਭਾਜਪਾ ਨੇ ਸਿੱਖ ਕੌਮ ਦੇ...

ਭਾਜਪਾ ਨੂੰ ਚੇਤਾ ਕਰਵਾਇਆ ਕਿ ਤੁਸੀਂ ਪੁਲਸ ਦੇ ਜ਼ੋਰ ਨਾਲ ਇਨ੍ਹਾਂ ਨੂੰ ਦਿੱਲੀ ਕਮੇਟੀ 'ਚ ਤਾਂ ਵਾੜ ਦਿੱਤਾ, ਪਰ ਤੁਸੀਂ ਇਨ੍ਹਾਂ ਗੁਸਤਾਖੀਆਂ ਕਰਕੇ ਦਿੱਲੀ ਦੇ ਸਿੱਖਾਂ ਦੇ ਦਿਲਾਂ ਵਿਚੋਂ ਉਤਰ ਗਏ ਹੋ, ਕਿਉਂਕਿ ਸਿੱਖ ਆਪਣੇ ਗੁਰਧਾਮਾਂ 'ਚ ਸਰਕਾਰੀ ਦਖ਼ਲਅੰਦਾਜ਼ੀ ਨੂੰ ਕਦੇ ਪ੍ਰਵਾਨ ਨਹੀਂ ਕਰਦੇ। ਇਸੇ ਤਰ੍ਹਾਂ ਹਰਿਆਣਾ ਕਮੇਟੀ ਦੀ ਹੋਂਦ ਨੂੰ ਬਚਾਉਣ ਵਾਸਤੇ ਭਾਜਪਾ ਸਰਕਾਰ ਵੱਲੋਂ ਕੀਤੀਆਂ ਜਾਂਦੀਆਂ ਕੋਸ਼ੀਸ਼ਾਂ ਵੀ ਸਿੱਖਾਂ ਨੂੰ ਪਸੰਦ ਨਹੀਂ ਆਈਆਂ। ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕੇਂਦਰ ਸਰਕਾਰ ਵੱਲੋਂ 2019 'ਚ ਕਰਨ ਦੇ ਬਾਵਜੂਦ ਹੁਣ ਸੁਪਰੀਮ ਕੋਰਟ ਵਿੱਚ ਉਸ ਆਦੇਸ਼ ਤੋਂ ਪਿਛੇ ਹਟਣ ਦਾ ਵੀ ਸਿੱਖਾਂ ਨੇ ਬੁਰਾ ਮਨਾਇਆ ਹੈਂ। ਜੇਕਰ ਬਿਲਕਿਸ ਬਾਨੋ ਕਾਂਡ ਦੇ ਦੋਸ਼ੀ ਛੱਡੇ ਜਾ ਸਕਦੇ ਹਨ ਤਾਂ ਬੰਦੀ ਸਿੰਘਾਂ ਨਾਲ ਬੇਰੁਖੀ ਕਿਉਂ? ਅੱਜ ਹਰ ਸਿੱਖ ਇਹ ਸਵਾਲ ਸਰਕਾਰ ਨੂੰ ਪੁੱਛ ਰਿਹਾ ਹੈ। ਜੀ ਕੇ ਨੇ ਮੰਨਿਆ ਕਿ ਮੋਦੀ ਸਰਕਾਰ ਨੇ ਬੇਸ਼ੱਕ ਸਿੱਖ ਕੌਮ ਲਈ ਕਈ ਚੰਗੇ ਕੰਮ ਕੀਤੇ ਸਨ, ਪਰ ਗਲਤ ਸਲਾਹਕਾਰਾਂ ਨੇ ਸਿੱਖਾਂ 'ਚ ਭਾਜਪਾ ਦੀ ਬੇੜੀ ਡੋਬ ਦਿੱਤੀ ਹੈ। ਦਿੱਲੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ ਨੇ ਕਿਹਾ ਕਿ ਭਾਜਪਾ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਆਦੇਸ਼ ਗੁਪਤਾ ਦੀ ਆਪਣੀ ਪਟੇਲ ਨਗਰ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ ਭਾਜਪਾ ਹਾਰ ਗਈ, ਕਿਉਂਕਿ ਸਿੱਖਾਂ ਨੇ ਭਾਜਪਾ ਤੋਂ ਕਿਨਾਰਾ ਕਰ ਲਿਆ ਸੀ। ਜਾਗੋ ਪਾਰਟੀ ਦੇ ਸਕੱਤਰ ਜਨਰਲ ਪਰਮਿੰਦਰਪਾਲ ਸਿੰਘ ਨੇ ਆਮ ਆਦਮੀ ਪਾਰਟੀ ਨੂੰ ਇਨ੍ਹਾਂ ਨਤੀਜਿਆਂ ਤੋਂ ਸਬਕ ਲੈਣ ਦੀ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜਿਵੇਂ ਮੁਸਲਮਾਨ ਉਨ੍ਹਾਂ ਨੂੰ ਅਤੇ ਸਿੱਖ ਭਾਜਪਾ ਨੂੰ ਛੱਡ ਗਏ, ਕੱਲ੍ਹ ਨੂੰ ਸਿੱਖ ਆਮ ਆਦਮੀ ਪਾਰਟੀ ਨੂੰ ਵੀ ਛੱਡ ਸਕਦੇ ਹਨ, ਜੇਕਰ ਤੁਸੀਂ ਬੰਦੀ ਸਿੰਘ ਭਾਈ ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਗੁਰਮੀਤ ਸਿੰਘ ਇੰਜੀਨੀਅਰ ਦੀ ਤੁਰੰਤ ਰਿਹਾਈ ਨਾ ਕੀਤੀ।

### ਬਾਦਲ ਨੇ ਜਨਮ ਦਿਨ...

ਕੌਰ ਬਾਦਲ, ਮੇਜਰ ਭੁਪਿੰਦਰ ਸਿੰਘ, ਲਾਲੀ ਬਾਦਲ ਅਤੇ ਬਾਵਾ ਬਾਦਲ ਵੀ ਮੌਜੂਦ ਸਨ। ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਅਤੇ ਮੀਤ ਪ੍ਰਧਾਨ ਤੇਜਿੰਦਰ ਸਿੰਘ ਮਿੱਡੂਖੇੜਾ ਨੇ ਕਿਹਾ ਕਿ ਜਨਮ ਦਿਨ ਨਿਰੋਲ ਪਰਵਾਰਕ ਸਮਾਗਮ ਸੀ। ਇਸ ਮੌਕੇ ਬਿਕਰਮ ਸਿੰਘ ਮਜੀਠੀਆ, ਆਦੇਸ਼ਪ੍ਰਤਾਪ ਸਿੰਘ ਕੈਰੋਂ, ਬਲਵਿੰਦਰ ਸਿੰਘ ਭੂੰਦੜ, ਗੁਲਜ਼ਾਰ ਸਿੰਘ ਰਣੀਕੇ, ਸਾਬਕਾ ਬਸਪਾ ਸੰਸਦ ਮੈਂਬਰ ਅਵਤਾਰ ਸਿੰਘ ਕਰੀਮਪੁਰੀ, ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਬਸਪਾ ਵਿਧਾਇਕ ਨਛੱਤਰਪਾਲ, ਸਿਕੰਦਰ ਸਿੰਘ ਮਲੂਕਾ, ਗੋਬਿੰਦ ਸਿੰਘ ਲੌਂਗੋਵਾਲ, ਮਦਨ ਮੋਹਣ ਮਿੱਤਲ, ਅਨਿਲ ਜੋਸ਼ੀ, ਸ਼ਰਨਜੀਤ ਸਿੰਘ ਢਿੱਲੋਂ, ਵਿਰਸਾ ਸਿੰਘ ਵਲਟੋਹਾ ਤੇ ਰੋਜ਼ੀ ਬਰਕੰਦੀ ਸਮੇਤ ਵੱਡੀ ਗਿਣਤੀ ਆਗੂ ਮੌਜੂਦ ਸਨ।

### ਆਮ ਆਦਮੀ ਪਾਰਟੀ...

ਨੇ ਕਿਹਾ ਕਿ ਸਿਰਫ 10 ਸਾਲਾਂ 'ਚ ਕਿਸੇ ਪਾਰਟੀ ਨੂੰ ਰਾਸ਼ਟਰੀ ਪਾਰਟੀ ਦਾ ਦਰਜਾ ਮਿਲਣਾ ਵੱਡੀ ਗੱਲ ਹੈ। ਕੰਮ ਦੀ ਰਾਜਨੀਤੀ ਕਰਨ ਵਾਲੀ ਆਮ ਆਦਮੀ ਪਾਰਟੀ ਨੂੰ ਦੇਸ਼ ਦੀ ਜਨਤਾ ਨੇ ਆਪਣੀ ਮਾਨਤਾ ਦੇ ਦਿੱਤੀ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਟਵਿੱਟਰ 'ਤੇ ਲਿਖਿਆ ਕਿ ਆਮ ਆਦਮੀ ਪਾਰਟੀ ਦਾ ਸਿਆਸੀ ਸਫਰ ਸ਼ਾਨਦਾਰ ਰਿਹਾ ਹੈ। ਸਿਰਫ 10 ਸਾਲਾਂ ਦੇ ਅੰਦਰ ਹੀ 'ਆਪ' ਨੇ ਦਿੱਲੀ ਅਤੇ ਪੰਜਾਬ 'ਚ ਭਾਰੀ ਬਹੁਮਤ ਨਾਲ ਸਰਕਾਰ ਬਣਾਈ ਅਤੇ ਹੁਣ ਗੁਜਰਾਤ 'ਚ ਪਹਿਲੀ ਵਾਰ ਪਾਰਟੀ ਨੂੰ 40 ਲੱਖ ਤੋਂ ਵੀ ਵੱਧ ਵੋਟਾਂ ਮਿਲੀਆਂ। ਦੇਸ਼ ਦੇ ਆਮ ਲੋਕਾਂ ਲਈ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਉਨ੍ਹਾਂ ਨੂੰ ਹੁਣ ਰਾਸ਼ਟਰੀ ਪੱਧਰ 'ਤੇ ਵੀ ਇੱਕ ਚੰਗਾ ਬਦਲ ਮਿਲ ਗਿਆ ਹੈ।

# ਸਿਲਵਰ ਵਾਟਿਕਾ ਸਕੂਲ ਦੀ ਸਪੋਰਟਸ ਮੀਟ ਸ਼ਾਨੋ-ਸ਼ੌਕਤ ਨਾਲ ਸੰਪੰਨ

**ਪੁਲਸ ਵਿਭਾਗ ਦੇ ਅਧਿਕਾਰੀ ਹੋਏ ਖਿਡਾਰੀਆਂ ਦੇ ਸਨਮੁੱਖ**



ਮਾਨਸਾ (ਆਤਮਾ ਸਿੰਘ ਪਮਾਰ)-ਸਿਲਵਰ ਵਾਟਿਕਾ ਸੀਨੀਆ ਸੈਕੰਡਰੀ ਸਕੂਲ ਸਮਾਓਂ ਦੇ ਸ਼੍ਰੀਮਤੀ ਅੰਜੂ ਸਿੰਗਲਾ ਯਾਦਗਾਰ ਤਿੰਨ ਰੋਜ਼ਾ ਸਪੋਰਟਸ ਮੀਟ ਸਕੂਲ ਕੈਂਪਸ ਵਿੱਚ ਸ਼ਾਨੋ-ਸ਼ੌਕਤ ਨਾਲ ਸਮਾਪਤ ਹੋ ਗਈ। ਅੱਜ ਦੇ ਉਦਘਾਟਨੀ ਅਵਸਰ 'ਤੇ ਡੀ.ਐੱਸ.ਪੀ (ਵਿਜੀਲੈਂਸ) ਗੁਰਦੇਵ ਸਿੰਘ ਭੱਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜਾਨ ਨਾਲ ਜਹਾਨ ਹੈ, ਤੰਦਰੁਸਤ ਸਰੀਰ ਨਾਲ ਹੀ ਸੰਭਾਵੀ ਵਿਕਾਸ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾ ਵਿਦਿਆਰਥੀਆਂ ਤੋਂ ਅਹਿਦ ਲਿਆ ਕਿ ਉਹ ਬਚਪਨ ਤੋਂ ਜਵਾਨੀ ਤੱਕ ਤਨਦੇਹੀ ਨਾਲ ਮੁਸ਼ੱਕਤ ਕਰਨ ਤਾਂ ਜੋ ਅੱਜ ਦੇ ਇਸ ਭੌਤਿਕ ਯੁੱਗ ਵਿੱਚ ਹਰ ਮੁਕਾਮ ਹਾਸਲ ਕੀਤਾ ਜਾ ਸਕੇ। ਇਸ ਮੌਕੇ ਉਨ੍ਹਾ ਵਿਦਿਆਰਥੀਆਂ ਤੇ ਇਕੱਤਰ ਮਾਪਿਆਂ ਨੂੰ ਆਪਣੇ ਵਿਭਾਗ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਦੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਵਿਜੀਲੈਂਸ ਵਿਭਾਗ ਸੁਹਿਰਦਤਾ ਨਾਲ ਯਤਨ ਕਰ ਰਿਹਾ ਹੈ, ਜੇਕਰ ਕਿਸੇ ਵੀ ਨਾਗਰਿਕ ਨੂੰ ਰਿਸ਼ਵਤਖੋਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਉਹ ਬੇਝਿਜਕ ਮੇਰੇ ਨਾਲ ਸੰਪਰਕ ਕਰਨ, ਪਰ ਝੂਠੀ ਸ਼ਿਕਾਇਤ ਤੋਂ ਗੁਰੇਜ਼ ਕੀਤਾ ਜਾਵੇ।

ਸ਼ਾਮ ਦੇ ਇਨਾਮ ਵੰਡ ਸਮਾਰੋਹ ਵਿੱਚ ਸ਼ਿਰਕਤ ਕਰਦਿਆਂ ਡੀ.ਐੱਸ.ਪੀ. ਸਬ ਡਵੀਜ਼ਨ ਸੰਜੀਵ ਕੁਮਾਰ ਗੋਇਲ ਨੇ ਕਿਹਾ ਕਿ ਜੇਕਰ ਆਕਾਸ਼ ਵਿੱਚ ਚਮਕਦੇ ਸਿਤਾਰਿਆਂ ਵਾਗ ਲਿਸ਼ਕਣਾ ਚਾਹੁੰਦੇ ਹੋ ਤਾਂ ਅਨੇਕਾਂ ਚੁਣੌਤੀਆਂ ਲਈ ਤਿਆਰ ਰਹਿਣਾ ਪਵੇਗਾ।

ਉਨ੍ਹਾ ਵਿਦਿਆਰਥੀਆਂ ਨੂੰ ਅਨੁਸ਼ਾਸਤ ਜੀਵਨ ਬਤੀਤ ਕਰਨ ਲਈ ਪ੍ਰੇਰਦਿਆਂ ਕਿਹਾ ਕਿ ਇਹ ਆਦਤਾਂ ਬਚਪਨ ਤੋਂ ਹੀ ਪੈਂਦੀਆਂ ਹਨ ਤੇ ਉਮਰ ਦੇ ਨਾਲ ਪਰਪੱਕ ਹੁੰਦੀਆਂ ਹਨ, ਜੇਕਰ ਅਸੀਂ ਤਹਜ਼ੀਬ ਵਿੱਚ ਰਹਿ ਕੇ ਜ਼ਿੰਦਗੀ ਬਤੀਤ ਕਰਾਂਗੇ ਤਾਂ ਹਰ ਸੁਪਨਾ ਪੂਰਾ ਕੀਤਾ ਜਾ ਸਕਦਾ ਹੈ। ਮੀਟ ਦੌਰਾਨ ਸਕੂਲ ਦੇ ਚੇਅਰਮੈਨ ਰਿਸ਼ਵ ਸਿੰਗਲਾ ਤੇ ਉੱਪ ਚੇਅਰਮੈਨ ਨਮਨ ਸਿੰਗਲਾ ਨੇ ਆਏ ਮਹਿਮਾਨਾਂ ਤੇ ਮਾਪਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸੰਸਥਾ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਦਿਲੋਂ ਯਤਨਸ਼ੀਲ ਹੈ। ਸਮਾਗਮ ਵਿੱਚ ਥਾਣਾ ਮੁਖੀ ਪ੍ਰਿਤਪਾਲ ਸਿੰਘ, ਐੱਸ. ਐੱਸ. ਗਰੁੱਪ ਆਫ਼ ਕਾਲਜਿਜ਼ ਦੇ ਡਾਇਰੈਕਟਰ ਸੋਮ ਨਾਥ ਮਹਿਤਾ, ਨਗਰ ਪੰਚਾਇਤ ਦੇ ਪ੍ਰਧਾਨ ਵਿਨੋਦ ਕੁਮਾਰ ਸਿੰਗਲਾ, ਲਵਲੀਨ ਕੁਮਾਰ ਜਿੰਦਲ, ਜਗਤਾਰ ਸਿੰਘ ਚਹਿਲ, ਦੇਵਭੂਸ਼ਨ ਮਾਲੀ, ਸਟਾਰ ਯੂਥ ਕਲੱਬ ਦੇ ਪ੍ਰਧਾਨ ਬਹਾਦਰ ਖ਼ਾਨ, ਸਪੋਰਟਸ ਕੋਚ ਨਰੇਸ਼ ਕੁਮਾਰ ਚਪਟਾ ਸਮੇਤ ਇਲਾਕੇ ਦੇ ਪੰਤਵੰਤੇ ਸੱਜਣ ਮੌਜੂਦ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਧਰਨਾਕਾਰੀ ਕਿਸਾਨਾਂ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਗੁਰਦਾਸਪੁਰ (ਜਨਕ ਮਹਾਜਨ)**-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਡੀਸੀ ਦਫਤਰ ਗੁਰਦਾਸਪੁਰ ਅੱਗੇ ਲੱਗੇ ਮੋਰਚੇ ਵਿੱਚ ਅੱਜ ਬੀਬੀਆਂ, ਮਜ਼ਦੂਰਾਂ, ਨੌਜਵਾਨਾਂ ਨੇ 12 ਤੋਂ 4 ਵਜੇ ਤੱਕ ਡੀਸੀ ਦਫਤਰ ਦੇ ਗੇਟ ਅੱਗੇ ਬੈਠ ਕੇ ਜਥੇਬੰਦੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੋਸ ਪ੍ਰਦਰਸ਼ਨ ਕੀਤਾ ਜਿਸ ਵਿੱਚ ਸੈਂਕੜੇ ਕਿਸਾਨਾਂ ਨੇ ਹਿੱਸਾ ਲਿਆ ਤੇ ਨਾਅਰੇਬਾਜ਼ੀ ਕੀਤੀ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਲਖਵਿੰਦਰ ਸਿੰਘ ਵਰਿਆਮ ਨੰਗਲ, ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫੌਜੀ, ਸਤਨਾਮ ਸਿੰਘ ਮਧਰੈ, ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ, ਗੁਰਮੁਖ ਸਿੰਘ ਖਾਨਮਲੱਕ, ਹਰਭਜਨ ਸਿੰਘ ਵੈਰੋਨੰਗਲ, ਗੁਰਪ੍ਰੀਤ ਸਿੰਘ ਖਾਨਪੁਰ ਨੇ ਡੀਸੀ ਗੁਰਦਾਸਪੁਰ ਨੂੰ ਮੰਗ ਪੱਤਰ ਸੌਂਪਿਆ ਅਤੇ ਕਿਹਾ ਕਿ ਜਿਸ ਤਰ੍ਹਾਂ ਸੂਬੇ ਵਿੱਚ ਬੇਰੋਜ਼ਗਾਰੀ, ਦਫਤਰਾਂ ਵਿੱਚ ਫੈਲਿਆ ਭ੍ਰਿਸ਼ਟਾਚਾਰ, ਮਹਿੰਗਾਈ, ਨਸ਼ਾ,ਚੋਰ ਮਾਫੀਆ, ਗੈਂਗਵਾਰ ਦਿਨ-ਬ-ਦਿਨ ਵੱਧ ਰਿਹਾ ਹੈ ਜੋ ਪੰਜਾਬ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ। ਲੋਕਾਂ ਨੂੰ ਦੋ ਵਕਤ ਦੀ ਰੋਟੀ ਲਈ ਸੰਘਰਸ਼ ਕਰਨਾ ਪੈ ਰਿਹਾ ਹੈ ਪਰ ਸਰਕਾਰਾਂ ਕੁੰਭਕਰਨ ਦੀ ਨੀਂਦ ਸੁੱਤੀਆਂ ਹੋਈਆਂ ਹਨ। ਸਰਕਾਰਾਂ ਨੂੰ ਜਲਦ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ, 23 ਫਸਲਾਂ ਤੇ ਐੱਮਐੱਸਪੀ ਦੀ ਗਰੰਟੀ ਦਾ ਕਾਨੂੰਨ ਲਾਗੂ ਕੀਤਾ ਜਾਵੇ, ਸਵਾਮੀਨਾਥਨ ਦੀ ਰਿਪੋਰਟ ਲਾਗੂ ਕੀਤਾ ਜਾਵੇ, ਪ੍ਰਾਈਵੇਟ ਕੰਪਨੀਆਂ ਦਾ ਕਰਜ਼ਾ ਮੁਆਫ ਕਰਨ ਦੀ ਤਰਜ਼ 'ਤੇ ਕਿਸਾਨਾਂ ਦਾ ਵੀ ਕਰਜ਼ਾ ਮੁਆਫ ਕੀਤਾ ਜਾਵੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦਾ ਹੱਕ ਖੋਹਣ ਵਾਲਾ ਕਾਨੂੰਨ ਰੱਦ ਕੀਤਾ ਜਾਵੇ, ਪ੍ਰਾਈਵੇਟ ਸਕੂਲਾਂ ਵਿੱਚ ਮਾਪਿਆਂ ਦੀ ਹੋ ਰਹੀ ਲੁੱਟ ਖਸੁੱਟ ਬੰਦ ਕੀਤੀ ਜਾਵੇ ਅਤੇ ਸਰਕਾਰੀ ਹਸਪਤਾਲਾਂ ਦਾ ਪ੍ਰਬੰਧ ਠੀਕ ਕੀਤਾ ਜਾਵੇ। ਇਸ ਮੌਕੇ ਸੁਖਵਿੰਦਰ ਸਿੰਘ ਗੋਤ, ਡਾਕਟਰ ਹਰਦੀਪ ਸਿੰਘ, ਜਤਿੰਦਰ ਸਿੰਘ ਵਰਿਆ, ਵੱਸਣ ਸਿੰਘ ਪੀਰਾਂ ਬਾਗ, ਹਰਜੀਤ ਸਿੰਘ ਲੀਲ ਕਲਾਂ, ਸੁਖਵਿੰਦਰ ਸਿੰਘ ਅੱਲੜ ਪਿੰਡੀ, ਸਤਨਾਮ ਸਿੰਘ ਖਜ਼ਾਨਚੀ, ਕਰਨੈਲ ਸਿੰਘ ਆਂਦੀ, ਰਣਬੀਰ ਸਿੰਘ ਡੁਗਰੀ, ਪਰਮਿੰਦਰ ਸਿੰਘ ਚੀਮਾ ਖੁੱਡੀ ਆਦਿ ਹਾਜ਼ਰ ਸਨ।

# ਕਾਮਰੇਡ ਦਰਸ਼ਨ ਸਿੰਘ ਝਬਾਲ ਦੇ ਨਾਂਅ 'ਤੇ ਬਣੇ ਗੇਟ 'ਤੇ ਕਬਜ਼ਾ ਕਰਨਾ ਗਲਤ : ਦਰਾਜਕੇ



**ਪੱਟੀ, ਤਰਨ ਤਾਰਨ (ਬਲਦੇਵ ਸਿੰਘ ਸੰਧੂ /ਸਮਸ਼ੇਰ ਸਿੰਘ ਯੋਧਾ, ਪ੍ਰਿਤਪਾਲ ਸਿੰਘ)** - ਜਿਲ੍ਹਾ ਤਰਨ ਤਾਰਨ 'ਚ ਨਵਨਿਯੁਕਤ ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਨੂੰ ਆਰ ਐਮ ਪੀ ਆਈ ਵੱਲੋਂ ਜਿਲ੍ਹੇ ਅੰਦਰ ਦਰਪੇਸ਼ ਮੁਸ਼ਕਲਾਂ ਤੋਂ ਜਾਣੂ ਕਰਵਾਇਆ। ਜਿਲ੍ਹੇ ਅੰਦਰ ਮੁਸ਼ਕਲਾਂ ਨੂੰ ਲੈ ਕੇ ਇੱਕ ਵਫਦ ਜਿਲ੍ਹਾ ਪ੍ਰਧਾਨ ਸਕੱਤਰ ਚਮਨ ਲਾਲ ਦਰਾਜਕੇ ਮੁਖਤਾਰ ਸਿੰਘ ਮੱਲਾ ਦੀ ਅਗਵਾਈ 'ਚ ਡੀ ਸੀ ਤੇ ਐਸ ਐਸ ਪੀ ਨੂੰ ਮਿਲਿਆ। ਇਨ੍ਹਾਂ ਆਗੂਆਂ ਨੇ ਜਿਲ੍ਹੇ ਦੇ ਦੋਵਾਂ ਮੁਖੀਆਂ ਨੂੰ ਜਾਣਕਾਰੀ ਦੇਦਿਆਂ ਦੱਸਿਆ ਕਿ ਪਿਛਲੇ ਦਿਨੀਂ ਕਸਬਾ ਝਬਾਲ 'ਚ ਸਾਬਕਾ ਐਮ ਐਲ ਏ ਚਾਰ ਵਾਰ ਰਹਿ ਚੁੱਕੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਰਹਿ ਚੁੱਕੇ ਕਾਮਰੇਡ ਦਰਸ਼ਨ ਸਿੰਘ ਝਬਾਲ ਦੇ ਨਾਂਅ 'ਤੇ 2003 'ਚ ਗੇਟ ਬਣਿਆ ਸੀ। ਬੀਤੀ ਰਾਤ ਨੂੰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇਸ ਗੇਟ 'ਤੇ ਚਿੱਟਾ ਪੇਂਟ ਮਾਰ ਕੇ ਮਾਈ ਭਾਗੋ ਦੇ ਨਾਂਅ 'ਤੇ ਗੇਟ ਲਿਖ ਦਿੱਤਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਮਾਈ ਭਾਗੋ ਦੀ ਕੁਰਬਾਨੀ ਦੁਨੀਆਂ ਦੇ ਇਤਿਹਾਸ 'ਚ ਦਰਜ ਹੈ। ਅਸੀਂ ਕੁਰਬਾਨੀ ਭਰੇ ਇਤਿਹਾਸ ਅੱਗੇ ਸਿਰ ਝੁਕਾਉਂਦੇ ਹਾਂ। ਪਰ ਰਾਤ ਸਮੇਂ ਗੇਟ ਨੂੰ ਰੰਗ ਕਰਕੇ ਕਬਜਾ ਕਰਨਾ ਸਰਾ ਸਰ ਗਲਤ ਹੈ ਅਤੇ ਗੁੰਡਾਗਰਦੀ ਹੈ। ਆਗੂਆਂ ਨੇ ਕਿਹਾ ਕਿ ਮਾਈ ਭਾਗੋ ਦੇ ਨਾਂਅ 'ਤੇ ਗੇਟ ਹੋਰ ਜਗ੍ਹਾ 'ਤੇ ਬਣਾਇਆ ਜਾ ਸਕਦਾ ਹੈ। ਸਾਨੂੰ ਕੋਈ ਇਤਰਾਜ ਨਹੀਂ ਹੈ। ਉਹ ਦਿਲੋਂ ਸਤਿਕਾਰ ਕਰਦੇ ਹਾਂ ਪ੍ਰਣਾਮ ਕਰਦੇ ਹਾਂ, ਪਰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਰਾਤ ਨੂੰ ਕਬਜਾ ਕਰਨਾ ਬਹੁਤ ਹੀ ਗਲਤ ਹੈ। ਇਹਨਾ ਆਗੂਆਂ ਨੇ ਹੋਰ ਵੀ ਮਸਲੇ ਵਿਚਾਰੇ ਅਤੇ ਹੱਲ ਕਰਨ ਦੀ ਮੰਗ ਕੀਤੀ। ਜਿਲ੍ਹੇ ਦੇ ਦੋਵਾਂ ਮੁਖੀਆ ਨੇ ਸਾਰੇ ਮਸਲੇ ਛੇਤੀ ਹੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸੁਲੱਖਣ ਸਿੰਘ ਤੁੜ, ਧਰਮ ਸਿੰਘ ਪੱਟੀ, ਮਨਜੀਤ ਸਿੰਘ ਬੱਗੂ, ਜਗੀਰ ਸਿੰਘ ਗੰਡੀਵਿੰਡ ਆਦਿ ਆਗੂ ਹਾਜ਼ਰ ਸਨ।

# ਟਾਂਡਾ ਰੇਲਵੇ ਸਟੇਸ਼ਨ ਚੌਂਕ ਸਥਿਤ ਦੁਕਾਨ 'ਚ ਚੋਰੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਟਾਂਡਾ ਸ਼ਹਿਰ ਵਿੱਚ ਪੁਲਿਸ ਗਸ਼ਤ ਅਤੇ ਰਾਤ ਨੂੰ ਨਾਕੇ ਲਗਾਉਣ ਦੇ ਬਾਵਜੂਦ ਨਿਡਰ ਹੋ ਕੇ ਚੋਰ ਚੋਰੀਆਂ ਨੂੰ ਅੰਜਾਮ ਦੇ ਰਹੇ ਹਨ ਜਿਸਦੇ ਕਾਰਨ ਸ਼ਹਿਰ ਦੇ ਦੁਕਾਨਦਾਰਾਂ ਅਤੇ ਨਗਰ ਨਿਵਾਸੀਆਂ ਦੇ ਦਿਲਾਂ ਵਿਚ ਜਿੱਥੇ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ ਉਥੇ ਪੁਲੀਸ ਪ੍ਰਸ਼ਾਸਨ ਖਿਲਾਫ ਰੋਸ ਦੀ ਭਾਵਨਾ ਵਧਦੀ ਜਾ ਰਹੀ ਹੈ। ਬੀਤੇ ਬੁੱਧਵਾਰ ਦੀ ਰਾਤ ਟਾਂਡਾ ਰੇਲਵੇ ਸਟੇਸ਼ਨ ਚੌਂਕ ਦੀ ਵਿਖੇ ਸਥਿਤ ਅਰੋੜਾ ਕੋਲ ਕਾਰਨ ਦੁਕਾਨ ਦੇ ਤਾਲੇ ਤੋੜ ਕੇ ਦੁਕਾਨ ਅੰਦਰ 15 ਹਜਾਰ ਰੁਪਏ ਨਗਦ ਅਤੇ 13 ਹਜਾਰ ਰੁਪਏ ਦਾ ਡਰਾਈ ਫੂਡ ਤੇ ਚੋਕਲੇਟ ਆਦਿ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਚੋਰੀ ਸਬੰਧੀ ਦੁਕਾਨ ਦੇ ਮਾਲਕ ਕਪਿਲ ਦੇਵ ਬੱਬੂ ਅਤੇ ਵਿਸ਼ਾਲ ਗਰੋਵਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਤ ਕਰੀਬ ਦਸ ਵਜੇ ਦੁਕਾਨ ਬੰਦ ਕਰਕੇ ਆਪਣੇ ਘਰ ਚਲੇ ਗਏ ਸਨ ਤੇ ਜਦੋਂ ਸਵੇਰੇ 8.30 ਵਜੇ ਦੁਕਾਨ 'ਤੇ ਆਏ ਤਾਂ ਦੁਕਾਨ ਦੇ ਤਾਲੇ ਟੁੱਟੇ ਹੋਏ ਸਨ ਅਤੇ ਅੰਦਰ ਲੱਗੇ ਸ਼ੀਸ਼ੇ ਨੂੰ ਤੋੜ ਕੇ ਚੋਰ ਗੱਲੇ 'ਚ ਪਏ ਨਗਦ ਪੈਸੇ ਤੇ ਡਰਾਈ ਫੂਡ ਦੇ ਪੈਕ ਡਿੱਬੇ ਤੇ ਚਾਕਲੇਟਾਂ ਚੋਰੀ ਕਰਕੇ ਲੈ ਗਿਆ। ਇਸ ਸਾਰੀ ਘਟਨਾ ਦੁਕਾਨ ਦੇ ਅੰਦਰ ਲੱਗੇ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋ ਗਈ। ਹੁਣ ਇਹ ਵੀ ਦੱਸਿਆ ਕਿ ਸਾਡੀ ਦੁਕਾਨ ਵਿਚ ਇਹ ਤੀਜੀ ਵਾਰ ਚੋਰੀ ਹੋਈ ਹੈ ਅਤੇ ਚੋਰਾਂ ਬਾਰੇ ਅਜੇ ਤੱਕ ਪੁਲਿਸ ਕੋਈ ਵੀ ਸੁਰਾਗ ਨਹੀਂ ਲੱਭ ਸਕੀ। ਇਥੇ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਸ ਚੌਂਕ ਵਿਚ ਪੁਲਿਸ ਪ੍ਰਸ਼ਾਸਨ ਵੱਲੋਂ ਚਾਰ ਸੀ. ਸੀ. ਟੀ. ਵੀ ਕੈਮਰੇ ਲਗਾਏ ਗਏ ਹਨ ਜਿਹਨਾਂ ਵਿੱਚ ਇੱਕ ਤਾਂ ਬੰਦ ਪਿਆ ਹੈ ਅਤੇ ਬਾਕੀ ਤਿੰਨ ਕੈਮਰੇ ਜ਼ਿਆਦਾ ਉਚਾਈ ਤੇ ਹੋਣ ਕਾਰਨ ਚੌਂਕ ਦੇ ਲਾਗੇ ਪੈਂਦੀਆਂ ਦੁਕਾਨਾਂ ਵਿੱਚ ਹੋਣ ਵਾਲੀਆਂ ਵਾਰਦਾਤਾਂ ਖਬਰ ਨਹੀਂ ਹੁੰਦੀਆਂ। ਇਸ ਚੋਰੀ ਦੀ ਘਟਨਾ ਸਬੰਧੀ ਵਿਸਾਲ ਗਰੋਵਰ ਨੇ ਸਥਾਨਕ ਪੁਲਿਸ ਨੂੰ ਲਿਖਤੀ ਸੂਚਨਾ ਦੇ ਦਿੱਤੀ ਹੈ ਅਤੇ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੁਕਾਨਦਾਰ ਦੇ ਬਿਆਨ ਦਰਜ ਕਰਨ ਤੋਂ ਬਾਅਦ ਸੀ .ਸੀ .ਟੀ .ਵੀ ਫੁਟੇਜ ਦੇ ਅਧਾਰ 'ਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮਹਾਰਾਜਾ ਰਣਜੀਤ ਸਿੰਘ ਅਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ 'ਚ ਦਾਖਲਾ ਸ਼ੁਰੂ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਪੰਜਾਬ ਸਰਕਾਰ ਵੱਲੋਂ ਰਾਜ ਦੇ ਚੁਣੇ ਹੋਏ ਨੌਜਵਾਨਾਂ ਨੂੰ ਐੱਨ.ਡੀ.ਏ. ਰਾਹੀਂ ਹਥਿਆਰਬੰਦ ਸੈਨਾਵਾਂ ਵਿੱਚ ਬਤੌਰ ਕਮਿਸ਼ਨਡ ਅਫ਼ਸਰ ਬਣਨ ਲਈ ਸਿਖਲਾਈ ਦੇਣ ਦੇ ਉਦੇਸ਼ ਨਾਲ ਮੋਹਾਲੀ ਦੇ ਸੈਕਟਰ-77 ਵਿੱਚ ਮਹਾਰਾਜਾ ਰਣਜੀਤ ਸਿੰਘ ਅਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐੱਫ.ਪੀ.ਆਈ.) ਚਲਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮਹਾਰਾਜਾ ਰਣਜੀਤ ਸਿੰਘ ਅਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੇ ਐੱਚ. ਚੌਹਾਨ, ਵੀ.ਐੱਸ.ਐੱਮ. ਨੇ ਦੱਸਿਆ ਕਿ ਇੰਸਟੀਚਿਊਟ ਵਿੱਚ 11ਵੀਂ ਅਤੇ 12ਵੀਂ ਜਮਾਤ ਵਿੱਚ ਪੜ੍ਹ ਰਹੇ ਲੜਕਿਆਂ ਨੂੰ ਵਧੀਆ ਸਿਖਲਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਯੂ.ਪੀ.ਐੱਸ.ਸੀ. ਪ੍ਰੀਖਿਆ ਦੇ ਨਾਲ-ਨਾਲ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਦੀ ਤਿਆਰੀ ਵਿੱਚ ਵੀ ਮਦਦ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇੰਸਟੀਚਿਊਟ ਵਿੱਚ ਸਿਖਲਾਈ, ਬੋਰਡਿੰਗ, ਰਿਹਾਇਸ਼, ਮੈਸਿੰਗ, ਵਰਦੀਆਂ ਆਦਿ ਦਾ ਪੂਰਾ ਖਰਚਾ ਪੰਜਾਬ ਸਰਕਾਰ ਵੱਲੋਂ ਅਦਾ ਕੀਤਾ ਜਾਂਦਾ ਹੈ ਅਤੇ ਵਿਦਿਆਰਥੀਆਂ ਨੂੰ ਸਿਰਫ ਸਕੂਲ ਫੀਸਾਂ ਦਾ ਹੀ ਭੁਗਤਾਨ ਕਰਨਾ ਪੈਂਦਾ ਹੈ ਜੋ ਬਹੁਤ ਘੱਟ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ ਸੰਸਥਾ ਤੋਂ ਹੁਣ ਤੱਕ ਐੱਨ.ਡੀ.ਏ./ਸੇਵਾ ਅਕੈਡਮੀਆਂ ਵਿੱਚ ਸ਼ਾਮਲ ਹੋਏ ਕੈਡਿਟਾਂ ਦੀ ਕੁੱਲ ਗਿਣਤੀ 192 (ਲਗਭਗ 48 ਫੀਸਦੀ) ਹੈ। ਇਸ ਸੰਸਥਾ ਵਿੱਚ ਨਵੇਂ ਕੋਰਸ ਦੇ ਦਾਖਲੇ ਲਈ ਦਸੰਬਰ 2022 ਵਿੱਚ ਆਨ-ਲਾਈਨ ਫਾਰਮ ਭਰੇ ਜਾ ਰਹੇ। ਦਾਖਲੇ ਸਬੰਧੀ ਏ.ਐੱਫ.ਪੀ.ਆਈ. ਬਰਾਓਸ਼ਰ ਦੀ ਕਾਪੀ ਸੰਸਥਾ ਦੀ ਵੈਬਸਾਈਟ www.afpipunjab.org 'ਤੋਂ ਵੀ ਲਈ ਜਾ ਸਕਦੀ ਹੈ।

# ਸਮੈਸ਼ ਹਿੱਟ ਕਾਰਨੀਵਲ ਲੁਧਿਆਣਾ 'ਚ ਉਦਘਾਟਨ ਲਈ ਤਿਆਰ

**ਲੁਧਿਆਣਾ** : ਭਾਰਤ ਦੇ ਸਭ ਤੋਂ ਮਸਹੂਰ ਗੇਮਿੰਗ ਅਤੇ ਮਨੋਰੰਜਨ ਕੇਂਦਰਾਂ ਵਿੱਚੋਂ ਇੱਕ, ਸਮੈਸ਼ - ਹਿੱਟ ਕਾਰਨੀਵਲ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਲਈ ਇੱਕ ਮਜੇਦਾਰ ਅਤੇ ਦਿਲਚਸਪ ਸਮਾਜਿਕ ਅਨੁਭਵ ਵਿੱਚ ਖੇਡਾਂ ਤੇ ਸੰਗੀਤ ਲੈ ਕੇ ਆ ਰਿਹਾ ਹੈ। ਪੰਜਾਬ ਦੇ ਕਈ ਹਿੱਸਿਆਂ ਜਿਵੇਂ ਚੰਡੀਗੜ੍ਹ, ਬਰਨਾਲਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਸਥਾਪਿਤ ਹੋਣ ਤੋਂ ਬਾਅਦ, ਸਮੈਸ਼ ਹੁਣ ਲੁਧਿਆਣਾ ਵਿੱਚ ਆਪਣੇ ਤੀਜੇ ਸਾਨਦਾਰ ਉਦਘਾਟਨ ਲਈ ਤਿਆਰ ਹੈ। ਇਹ ਇੱਕ ਸਾਨਦਾਰ ਸਮਾਰੋਹ ਹੋਵੇਗਾ ਜੋ ਕਿ ਮਨੋਰੰਜਨ, ਭੋਜਨ, ਖੇਡਾਂ ਅਤੇ ਅਨੰਦ ਨਾਲ ਭਰਪੂਰ ਹੋਵੇਗਾ ।

ਇਸ ਵਾਰ, ਪੇਸਕਸਾਂ ਵਿੱਚ ਮਨੋਰੰਜਕ ਅਤੇ ਵਿਲੱਖਣ ਗੇਮਿੰਗ ਜੋਨ ਹੈ ਜਿਵੇਂ ਪੇਂਟਬਾਲ, ਇੱਕ ਰੋਲਰ ਕੋਸਟਰ, ਏਟੀਵੀ ਬਾਈਕ ਸਵਾਰੀਆਂ ਅਤੇ ਇੱਕ ਜ਼ਿੱਪ ਲਾਈਨ। ਉਹਨਾਂ ਯਾਦਾਂ ਨੂੰ ਤਾਜਾ ਕਰਨ ਲਈ ਇਹ ਪਰਿਵਾਰਾਂ ਅਤੇ ਬੱਚਿਆਂ ਲਈ ਇੱਕ ਵਿਲੱਖਣ ਸਮਾਜਿਕ ਕੇਂਦਰ ਹੋਵੇਗਾ। ਸਮੈਸ਼ ਦਾ ਟੀਚਾ ਹਰ ਉਮਰ ਦੇ ਲੋਕਾਂ ਦਾ ਮਨੋਰੰਜਨ ਕਰਨਾ ਹੈ ਜਿਸਦਾ ਉਦੇਸ ਹਰ ਕਿਸੇ ਲਈ ਕੁਝ ਖਾਸ ਪੇਸ ਕਰਨਾ ਹੈ। ਸਮੈਸ਼, ਜਿਸ ਨੂੰ ਦਸ ਸਾਲ ਪਹਿਲਾਂ ਪੇਸ ਕੀਤਾ ਗਿਆ ਸੀ, ਨੇ ਗੇਂਦਬਾਜੀ, ਵਰਚੁਅਲ ਰਿਐਲਿਟੀ ਗੇਮਿੰਗ, ਖੇਡਾਂ, ਪਾਰਟੀ ਅਤੇ ਬੀਟ-ਡ੍ਰੌਪਿੰਗ ਗੇਮਾਂ ਨੂੰ ਇੱਕ ਜੋਸੀਲੇ ਜਸਨ ਵਿੱਚ ਪੂਰੀ ਤਰ੍ਹਾਂ ਜੋੜ ਦਿੱਤਾ ਹੈ। ਸਮੈਸ਼ ਦੇ ਮਾਲਕ, ਸ੍ਰੀਪਾਲ ਮੋਰਖੀਆ ਕਹਿੰਦੇ ਹਨ, "ਖੇਡਾਂ ਦੇ ਮਨੋਰੰਜਨ ਨੂੰ ਮੁੜ ਪਰਿਭਾਸ਼ਿਤ ਕਰਨ ਵਾਲੇ ਵਿਚਾਰਾਂ ਦੇ ਨਾਲ, ਸਮੈਸ਼ ਹਰ ਉਮਰ ਲਈ ਇੱਕ ਆਦਰਸ ਸਥਾਨ ਹੈ। ਅਸੀਂ ਇੱਕ ਹੋਰ ਕਾਰਨਿਵਲ ਪੇਸ਼ ਕਰਕੇ ਖੁਸ਼ ਹਾਂ। ਮੈਂਡੀ ਤੱਖਰ, ਇੱਕ ਪੰਜਾਬੀ ਅਭਿਨੇਤਰੀ, ਜੋ ਇੱਕ ਮੁੱਖ ਮਹਿਮਾਨ ਵਜੋਂ ਇਸ ਕਾਰਨੀਵਾਲ ਵਿੱਚ ਮੌਜੂਦ ਸਨ।

# ਪੇਪਰਫ੍ਰਾਈ ਨੇ ਪੰਜਾਬ 'ਚ ਦੋ ਨਵੇਂ ਸਟੂਡੀਓ ਲਾਂਚ ਕੀਤੇ

**ਲੁਧਿਆਣਾ** : ਈ-ਕਾਮਰਸ ਫਰਨੀਚਰ ਅਤੇ ਮੁੱਖ ਸਮਾਨ ਬਣਾਉਣ ਵਾਲੀ ਕੰਪਨੀ ਪੇਪਰਫ੍ਰਾਈ ਨੇ ਲੁਧਿਆਣਾ ਅਤੇ ਪਟਿਆਲਾ, ਪੰਜਾਬ ਵਿੱਚ ਆਪਣੀ ਦੋ ਨਵੀਂ ਸਟੂਡੀਓ ਸੁਰੂ ਕਰਨ ਦੀ ਘੋਸਣਾ ਕੀਤੀ । ਆਫਲਾਈਨ ਵਿਸਤਾਰ ਕੰਪਨੀ ਦੇ ਬਾਜਾਰਾਂ ਵਿੱਚ ਦਾਖਲੇ ਅਤੇ ਭਾਰਤ ਵਿੱਚ ਘਰ ਅਤੇ ਰਹਿਣ ਦੇ ਸਥਾਨਾਂ ਵਿੱਚ ਤੁਹਾਡੇ ਸਰਬਵਿਆਪੀ ਉਪਭੋਗਤਾ ਵਿਕਾਸ ਨੂੰ ਮਜਬੂਤ ਕਰਨ ਦਾ ਉਦੇਸ਼ ਹੈ। ਪੇਪਰਫ੍ਰਾਈ ਦਾ ਸਟੂਡੀਓ ਫੁੱਟਪ੍ਰਿੰਟ ਮੌਜੂਦਾ ਦੇਸ ਵਿੱਚ 200+ ਸਟੂਡੀਓ ਦੇ 100+ ਸਹਿਰ ਵਿੱਚ ਫੈਲਾ ਹੋਇਆ ਹੈ। ਪੇਪਰਫ੍ਰਾਈ ਸਟੂਡਿਓਜ ਨੇ ਭਾਰਤ ਵਿੱਚ ਫਰਨੀਚਰ ਦੇ ਰਿਟੇਲ ਲੈਂਡਸਕੇਪ ਨੂੰ ਬਦਲ ਦਿੱਤਾ ਹੈ । ਕੰਪਨੀ ਦੀ ਸਰਬਵਿਆਪੀ ਰਣਨੀਤੀ ਦੇਸ ਭਰ ਵਿੱਚ ਐਫਓਐਫਓ ਸਟੂਡੀਓ ਦੇ ਵਿਸਤਾਰ ਤੋਂ ਨਿਰਦੇਸਕ ਹੈ ਅਤੇ ਇਹ ਮੌਜੂਦਾ ਸਮੇਂ ਵਿੱਚ 90 ਤੋਂ ਵੱਧ ਵਿਲੱਖਣ ਸਾਂਝੇਦਾਰਾਂ ਦੇ ਨਾਲ ਕੰਮ ਕਰਦੀ ਹੈ। ਇਹ ਗਾਹਕਾਂ ਨੂੰ ਭੋਜਨ ਅਤੇ ਬੁਨਿਆਦੀ ਉਤਪਾਦਾਂ ਦੀ ਅਨੰਤ ਸੂਚੀ ਪ੍ਰਤੱਖ ਅਨੁਭਵ ਪ੍ਰਦਾਨ ਕਰਦਾ ਹੈ। ਲੁਧਿਆਣਾ ਅਤੇ ਪਟਿਆਲਾ ਦੇ ਸਟੂਡਿਓ ਦਾ ਉਦੇਸ ਪੰਜਾਬ ਵਿੱਚ ਅਤੇ ਰਹਿਣ ਵਾਲੇ ਗਾਹਕਾਂ ਦੀ ਅਨੂਠੀ ਲੋੜਾਂ ਨੂੰ ਇੱਕ ਨਿੱਜੀ ਘਰੇਲੂ ਅਨੁਭਵ ਪ੍ਰਦਾਨ ਕਰਨਾ ਹੈ।

# ਹਰਮਿੰਦਰ ਸਿੰਘ ਗਿੱਲ ਵੱਲੋਂ ਦੁੱਖ ਦਾ ਪ੍ਰਗਟਾਵਾ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਪਿਛਲੇ ਦਿਨੀਂ ਯੂਥ ਆਗੂ ਦਰਸ਼ਨ ਸਿੰਘ ਢਿੱਲੋਂ ਦੇ ਦਾਦਾ ਅਤੇ ਸਰਪੰਚ ਗੁਰਪਾਲ ਸਿੰਘ ਜਗਤਪੁਰਾ ਦੇ ਪਿਤਾ.ਦਇਆ ਸਿੰਘ ਢਿੱਲੋਂ ਦਾ ਦਿਹਾਂਤ ਹੋ ਗਿਆ ਸੀ। ਕਾਂਗਰਸ ਦੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਤੇ ਸਾਬਕਾ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਦੁੱਖ ਸਾਂਝਾ ਕਰਨ ਢਿੱਲੋਂ ਪਰਿਵਾਰ ਦੇ ਗ੍ਰਹਿ ਪਿੰਡ ਜਗਤਪੁਰਾ ਵਿਖੇ ਪਹੁੰਚੇ। ਉਨ੍ਹਾਂ ਕਿਹਾ ਕਿ.ਦਇਆ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਜੋ ਘਾਟਾ ਪਰਿਵਾਰ ਤੇ ਕਾਂਗਰਸ ਪਾਰਟੀ ਨੂੰ ਪਿਆ ਹੈ ਉਹ ਕਦੇ ਨਹੀਂ ਪੂਰਾ ਹੋ ਸਕਦਾ, ਬਾਪੂ ਜੀ ਦੀ ਆਤਮਾ ਨੂੰ ਪ੍ਰਮਾਤਮਾ ਆਪਣੇ ਚਰਨਾਂ ਵਿਚ ਨਿਵਾਸ ਦੇਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਇਸ ਮੌਕੇ ਸਾਬਕਾ ਮੈਂਬਰ ਪੰਚਾਇਤ ਦਲਬੀਰ ਸਿੰਘ, ਅਜੀਤ ਸਿੰਘ ਲਹੀਆਂ ਵਾਲੇ, ਗੁਰਵੇਲ ਸਿੰਘ ਢਿੱਲੋਂ, ਅਮਨ ਢਿੱਲੋਂ, ਕਾਬਲ ਸਿੰਘ ਢਿੱਲੋਂ, ਤਾਰਾ ਸਿੰਘ ਫੌਜੀ, ਸਾਬਕਾ ਮੈਂਬਰ ਪੰਚਾਇਤ ਨਿਸ਼ਾਨ ਸਿੰਘ, ਬੱਬੂ ਹਾਰਡਵੇਅਰ ਸਟੋਰ ਅਤੇ ਸਵਰਨ ਸਿੰਘ ਕਸੇਲ ਹਾਜ਼ਰ ਸਨ।


## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ।

| | |
|---|---|
| Name of Work | ਫਿਰੋਜ਼ਪੁਰ ਮੰਡਲ ਦੇ ਵੱਖ-ਵੱਖ ਸਟੇਸ਼ਨਾਂ ਉਤੇ ਪਾਰਕਿੰਗ ਦਾ ਠੇਕਾ ਤਿੰਨ ਸਾਲ ਦੇ ਲਈ ਅਲਾਟਮੈਂਟ ਕਰਨ ਲਈ। |
| Auction Catalog No. | EA-FZR-PARKG-22-20 |
| Auction Start | 23.12.2022 11:00 hours |
| **ਲਾਟ ਨੰਬਰ** | **ਸਟੇਸ਼ਨਾਂ ਦਾ ਨਾਮ** |
| PARKING-FZR-BGTN-TW-14-22-1 | ਭਗਤਾਵਾਲਾ |
| PARKING-FZR-KRE-TW-26-22-1 | ਕਰਤਾਰਪੁਰ |
| PARKING-FZR-MKS-TW-31-22-1 | ਮੁਕਤਸਰ |
| PARKING-FZR-BWZ-TW-57-22-1 | ਬਢੇਵਾਲ |
| PARKING-FZR-NUPR-TW-28-22-1 | ਨੂਰਪੁਰ |
| PARKING-FZR-NNKR-TW-59-22-1 | ਨਾਨਕਸ਼ਹਰ |
| PARKING-FZR-LNK-TW-30-22-1 | ਲੋਹਿਯਾਖਾਸ |
| PARKING-FZR-SJNP-TW-62-22-1 | ਸੁਜਜਾਨਪੁਰ |
| PARKING-FZR-GHS-TW-18-22-1 | ਗੁਰੂਹਰਸਹਾਯ |
| PRAKING-FZR-CIA-TW-56-22-1 | ਛਿਹਾਟਾ |
| PARKING-FZR-PAX-TW-15-22-1 | ਪੱਟੀ |
| PARKING-FZR-MLX-TW-58-22-1 | ਮਲਵਾਵਾਲਾ ਖਾਸ |
| PARKING-FZR-MG-TW-61-22-1 | ਮੋਡਲਗ੍ਰਾਮ |
| PARKING-FZR-NRO-TW-27-22-2 | ਨਕੋਦਰ |
| PARKING-FZR-LKK-TW-29-22-1 | ਲਾਲਪੁਰ ਖਾਲਸਾ ਕਾਲੇਜ ਹਾਲਟ |
| PARKING-FZR-GNA-TW-17-22-2 | ਗੁਨਿਯਾਨਾ |
| PARKING-FZR-KXH-TW-19-22-1 | ਕਪੂਰਥਲਾ |
| PARKING-FZR-TTO-TW-54-22-1 | ਤਰਨ-ਤਾਰਨ |
| PARKING-FZR-VKA-TW-53-22-1 | ਵੇਰਕਾ |
| PARKING-FZR-MWX-TW-22-22-1 | ਮੱਲਾਂਵਾਲਾ |
| PARKING-FZR-VJPJ-TW-25-22-1 | ਵਿਜੈਪੁਰ ਜੰਮੂ |
| PARKING-FZR-GJUT-TW-16-22-1 | ਗੰਗਸਰ ਜੈਤੋਂ |
| PARKING-FZR-AJL-TW-60-22-1 | ਅਜੀਤਵਾਲ |
| PARKING-FZR-MDPB-TW-63-22-1 | ਮਾਧੋਪਰ ਪੰਜਾਬ |
| PARKING-FZR-MEX-TW-47-22-1 | ਮੁਕੇਰਿਯਾ |
| PARKING-FZR-BAT-TW-11-22-1 | ਬਟਾਲਾ |
| PARKING-FZR-PHR-TW-55-22-1 | ਫਿਲੌਰ |
| PARKING-FZR-QG-MX-52-22-1 | ਕਾਜੀਕੁੰਡ |
| PARKING-FZR-BRML-MX-50-22-1 | ਬਾਰਾਮੂਲਾ |
| PARKING-FZR-BDGM-MX-49-22-1 | ਬਡਗਾਂਵ |

ਪੂਰੀ ਜਾਣਕਾਰੀ ਰੇਲਵੇ ਵੇਬਸਾਈਟ www.ireps.gov.in ਉਤੇ ਉਪਲਬਧ ਹੈ । 3265/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਪਾਣੀ ਦੇ ਡੂੰਘੇ ਹੁੰਦੇ ਜਾ ਰਹੇ ਸੰਕਟ ਲਈ ਕੇਂਦਰ ਸਰਕਾਰ ਪੰਜਾਬ ਤੇ ਕਿਸਾਨਾਂ ਦੀ ਮਦਦ ਕਰੇ : ਸੀਚੇਵਾਲ




**ਸੁਲਤਾਨਪੁਰ ਲੋਧੀ, ( ਹਨੀ )**- ਪਾਰਲੀਮੈਂਟ ਦੇ ਚੱਲ ਰਹੇ ਸਰਦ ਰੁੱਤ ਦੇ ਸ਼ੈਸ਼ਨ ਦੌਰਾਨ ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਪਾਣੀਆਂ ਦੀ ਫਿਕਰਮੰਦੀ ਜ਼ਹਿਰ ਕਰਦਿਆ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਤੇ ਕਿਸਾਨਾਂ ਦੀ ਮੱਦਦ ਕਰੇ। ਚੱਲ ਰਹੇ ਸ਼ੈਸ਼ਨ ਦੇ ਦੂਜੇ ਦਿਨ ਪੰਜਾਬ ਦੇ ਡੂੰਘੇ ਹੋ ਰਹੇ ਪਾਣੀਆਂ ਦੇ ਸੰਕਟ ਬਾਰੇ ਸੁਚੇਤ ਕਰਦਿਆ ਸੰਤ ਸੀਚੇਵਾਲ ਨੇ ਗੁਰਬਾਣੀ ਦੇ ਹਵਾਲੇ ਦਿੰਦਿਆਂ ਕਿਹਾ ਕਿ ਜਿਹੜੇ ਪੰਜਾਬ ਨੇ ਅਨਾਜ਼ ਨਾਲ ਦੇਸ਼ ਦਾ ਢਿੱਡ ਭਰਿਆ ਅੱਜ ਉਹ ਪਾਣੀਆਂ ਦੇ ਸੰਕਟ ਨਾਲ ਜੂਝ ਰਿਹਾ ਹੈ। ਸੈਂਟਰਲ ਗਰਾਉਂਡ ਵਾਟਰ ਬੋਰਡ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਉਹਨਾਂ ਕਿਹਾ ਕਿ ਇਹ ਰਿਪੋਰਟ ਪੰਜ ਸਾਲ ਪਹਿਲਾਂ ਆਈ ਸੀ। ਇਸ ਰਿਪੋਰਟ ਮੁਤਾਬਿਕ ਪੰਜਾਬ ਵਿੱਚ ਸੰਨ 2039 ਤੱਕ ਧਰਤੀ ਹੇਠਲੇ ਪਾਣੀ ਦਾ ਪੱਧਰ 300 ਮੀਟਰ ਭਾਵ ਕਿ 1000 ਫੁੱਟ ਤੱਕ ਹੋਰ ਡੂੰਘਾ ਚਲਿਆ ਜਾਵੇਗਾ, ਜਿਹਦੇ ਵਿੱਚ ਭਾਰੀ ਧਾਤਾਂ ਹੋਣ ਦੇ ਖਦਸ਼ੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਸਿਰਫ 17 ਸਾਲਾਂ ਦਾ ਹੀ ਪਾਣੀ ਬਚਿਆ ਹੈ। ਸੰਤ ਸੀਚੇਵਾਲ ਨੇ ਨੀਤੀ ਆਯੋਗ ਦੀ ਸੰਨ 2018-19 ਦੀ ਰਿਪੋਰਟ ਦਾ ਹਵਾਲਾ ਰਾਜ ਸਭਾ ਵਿੱਚ ਰੱਖਦਿਆ ਕਿਹਾ ਕਿ ਹਰ ਸਾਲ ਲਗਭਗ ਦੋ ਲੱਖ ਲੋਕ ਪੀਣ ਵਾਲਾ ਸਾਫ਼ ਪਾਣੀ ਨਾ ਮਿਲਣ ਕਾਰਨ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਇਸੇ ਤਰ੍ਹਾਂ ਨੀਤੀ ਆਯੋਗ ਦੀ ਸੰਨ 2020 ਵਿੱਚ ਜਾਰੀ ਕੀਤੀ ਰਿਪੋਰਟ ਅਨੁਸਾਰ ਸਾਲ 2030 ਤੱਕ ਦੇਸ਼ ਦੀ ਕੁਲ ਅਬਾਦੀ ਦਾ 40 ਫੀਸਦੀ ਹਿੱਸਾ ਪੀਣ ਵੱਲੇ ਪਾਣੀ ਤੋਂ ਵਾਂਝਾ ਹੋ ਜਾਵੇਗਾ। ਪੰਜਾਬ ਬਾਰੇ ਅੰਕੜੇ ਪੇਸ਼ ਕਰਦਿਆਂ ਸੰਤ ਸੀਚੇਵਾਲ ਨੇ ਦੱਸਿਆ ਕਿ ਸੂਬੇ ਵਿੱਚ 80 ਫੀਸਦੀ ਖੇਤੀ ਧਰਤੀ ਹੇਠਲੇ ਪਾਣੀ ਨਾਲ ਕੀਤੀ ਜਾ ਰਹੀ ਅਤੇ ਸਿਰਫ਼ 20 ਫੀਸਦੀ ਖੇਤੀ ਹੀ ਨਹਿਰੀ ਪਾਣੀ ਨਾਲ ਕੀਤੀ ਜਾ ਰਹੀ ਹੈ। ਨੀਤੀ ਆਯੋਗ ਦੀ ਰਿਪੋਰਟ ਮੁਤਾਬਿਕ ਪੰਜਾਬ ਦੇ 133 ਬਲਾਕਾਂ ਵਿੱਚੋਂ 109 ਬਲਾਕ ਡਾਰਕ ਜ਼ੋਨ ਵਿਚ ਬਦਲ ਗਏ ਹਨ। ਇਸ ਸਮੇਂ ਭਾਰਤ ਦੇ ਲਗਭਗ 21 ਸੂਬਿਆਂ ਦੇ 10 ਕਰੋੜ ਲੋਕ ਪੀਣ ਵਾਲੇ ਪਾਣੀ ਦੇ ਸੰਕਟ ਨਾਲ ਜੂਝ ਰਹੇ ਹਨ। ਸੰਤ ਸੀਚੇਵਾਲ ਨੇ ਤਾਮਿਲਨਾਡੂ ਵਿੱਚ ਸਾਲ 2019 ਵਿੱਚ ਆਏ ਪਾਣੀ ਦੇ ਸੰਕਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਥੇ ਪਾਣੀ ਦੇ ਸੰਕਟ ਨੂੰ ਠੱਲ ਪਾਉਣ ਲਈ 50 ਬੋਗੀਆਂ ਵਾਲੀ ਵਿਸ਼ੇਸ਼ ਰੇਲ ਗੱਡੀ ਚਲਾਉਣੀ ਪਈ ਸੀ। ਪਾਣੀ ਦੇ ਇਸ ਗੰਭੀਰ ਮਸਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਦੀ ਬਰਬਾਦੀ ਰੋਕਣ ਦੇ ਠੋਸ ਉਪਰਾਲੇ ਕੀਤੇ ਜਾਣ ਤਾਂ ਜੋ ਆਉਣ ਵਾਲੀਆਂ ਪੀੜੀਆਂ ਅਤੇ ਮੌਜੂਦਾ ਪੀੜੀਆਂ ਨੂੰ ਪੀਣ ਵਾਲਾ ਪਾਣੀ ਦੇ ਸਕੀਏ।

# ਸਹਾਇਕ ਰਜਿਸਟਰਾਰ ਦੀ ਪੱਕੀ ਅਸਾਮੀ ਤੇ ਪ੍ਰੋਗਰਾਮਾਂ ਦੀਆਂ ਪ੍ਰੋਮੋਸ਼ਨਾਂ ਜਲਦ ਕਰਵਾਈਆਂ ਜਾਣਗੀਆਂ : ਭਾਰਦਵਾਜ, ਮਨਵਿੰਦਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਆਫਿਸਰਜ਼ ਐਸੋਸੀਏਸ਼ਨ 2023 ਦੀਆਂ 15 ਦਸੰਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਪ੍ਰਚਾਰ ਤੇਜ ਕਰਦਿਆਂ 'ਡੈਮੋਕਰੇਟਿਕ ਆਫਿਸਰਜ਼ ਫਰੰਟ ਦੇ ਪ੍ਰਧਾਨ ਉਮੀਦਵਾਰ ਰਜਨੀਸ਼ ਭਾਰਦਵਾਜ ਨੇ ਪ੍ਰੈਸ ਰੀਲੀਜ਼ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ ਅਤੇ ਵੱਖ-ਵੱਖ ਵਿਭਾਗਾਂ ਵਿਚ ਨਿਜੀ ਪਹੁੰਚ ਕਰਕੇ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਚੋਣਾਂ ਵਿਚ ਉਨ੍ਹਾਂ ਵੱਲੋਂ ਵਾਅਦਾ ਕੀਤਾ ਜਾ ਰਿਹਾ ਹੈ ਕਿ ਸਹਾਇਕ ਰਜਿਸਟਰਾਰ ਦੀ ਅਸਾਮੀ ਤੇ ਪੱਕੀ ਭਰਤੀ ਬਹਾਲ ਕਰਵਾਈ ਜਾਵੇਗੀ, ਪ੍ਰੋਗਰਾਮਾਂ ਦੀਆਂ ਪ੍ਰੋਮੋਸ਼ਨਾਂ ਵੀ ਅਥਾਰਟੀ ਨਾਲ ਗੱਲ ਕਰਕੇ ਜਲਦ ਕਰਵਾਈਆਂ ਜਾਣਗੀਆਂ। ਡੈਮੋਕਰੇਟਿਕ ਫਰੰਟ ਪਹਿਲਾਂ ਵੀ 2 ਸਾਲ ਐਸੋਸੀਏਸ਼ਨ ਤੇ ਕਾਬਜ਼ ਰਿਹਾ ਹੈ, ਉਨ੍ਹਾਂ ਦੱਸਿਆ ਕਿ ਜਿੱਥੇ ਮਾਨਯੋਗ ਵਾਈਸ ਚਾਂਸਲਰ ਸਾਹਿਬ ਨਾਨ-ਟੀਚਿੰਗ ਕਰਮਚਾਰੀਆਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਪ੍ਰਤੀ ਹਾਂ ਪੱਖੀ ਵਤੀਰਾ ਰੱਖਦੇ ਹਨ ਉੱਥੇ ਅਫਸਰਾਂ ਦੀਆਂ ਮੰਗਾਂ ਬਾਰੇ ਵੀ ਉਨ੍ਹਾਂ ਦੀ ਸੋਚ ਹਾਂ ਪੱਖੀ ਹੈ ਇਸ ਲਈ ਚੋਣ ਜਿੱਤ ਕੇ ਉਨ੍ਹਾਂ ਦੀ ਪਾਰਟੀ ਅਫਸਰ ਸਾਹਿਬਾਨ ਦੀਆਂ ਰੁਕੀਆਂ ਤਰੱਕੀਆਂ ਕਰਵਾਉਣ ਵਿਚ ਕਾਮਯਾਬ ਰਹੇਗੀ। ਇਸ ਮੌਕੇ ਪਾਰਟੀ ਵੱਲੋਂ ਚੋਣ ਮਨੋਰਥ ਪੱਤਰ ਵੀ ਜਾਰੀ ਕੀਤਾ ਗਿਆ।

# ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਮੌਕ ਡਰਿੱਲ 10 ਨੂੰ



**ਪਠਾਨਕੋਟ, (ਦਵਿੰਦਰ ਸਿੰਘ)**-ਕੁਦਰਤੀ ਆਫਤਾਂ ਨਾਲ ਨਜਿੱਠਣ ਦੇ ਲਈ ਸਾਨੂੰ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਇਸ ਲਈ ਸਮੇਂ-ਸਮੇਂ 'ਤੇ ਮੌਕ ਡਰਿੱਲਜ਼ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਹ ਪ੍ਰਗਟਾਵਾ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਨੇ ਇਕ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਕਾਲਾ ਰਾਮ ਕਾਂਸਲ ਐੱਸਡੀਐੱਮ, ਅਰਵਿੰਦਰਪਾਲ ਸਿੰਘ ਡੀਆਰਓ, ਲੱਛਮਣ ਸਿੰਘ ਤਹਿਸੀਲਦਾਰ, ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਧਿਕਾਰੀ, ਜ਼ਿਲ੍ਹਾ ਪਠਾਨਕੋਟ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਐਨਡੀਆਰਐੱਫ ਟੀਮ ਦੇ ਉੱਚ ਅਧਿਕਾਰੀ ਅਤੇ ਹੋਰ ਕਰਮਚਾਰੀ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਫਲੱਡ ਤੋਂ ਬਚਾਓ ਸਬੰਧੀ 10 ਦਸੰਬਰ ਨੂੰ ਚੰਮਰੋੜ ਪੱਤਣ ਵਿਖੇ ਇੱਕ ਮੌਕ ਡਰਿੱਲ ਕੀਤੀ ਜਾ ਰਹੀ ਹੈ, ਜਿਸ ਵਿੱਚ ਹਰੇਕ ਵਿਭਾਗ ਜਿਸ ਦੀ ਜੋ ਵੀ ਜ਼ਿੰਮੇਵਾਰੀ ਬਣਦੀ ਹੈ ਉਸ ਹਿਸਾਬ ਨਾਲ ਅਪਣੀਆਂ ਸੇਵਾਵਾਂ ਪ੍ਰਦਾਨ ਕਰੇਗਾ। ਉਨ੍ਹਾਂ ਦੱਸਿਆ ਕਿ ਕਿਸੇ ਵੀ ਕੁਦਰਤੀ ਆਫਤ ਨਾਲ ਨਜਿੱਠਣ ਲਈ ਸਾਨੂੰ ਆਪਣੀਆਂ ਡਿਊਟੀਆਂ ਪਤਾ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਲਈ ਅਜਿਹੀ ਹੀ ਮੌਕ ਡਰਿੱਲ ਦੇ ਮਾਧਿਅਮ ਰਾਹੀਂ ਸਾਰੇ ਅਧਿਕਾਰੀਆਂ ਨੂੰ ਕਿਸੇ ਵਿਸ਼ੇਸ਼ ਸਥਿਤੀ ਨਾਲ ਨਜਿੱਠਣ ਤਿਆਰ ਕਰਵਾਇਆ ਜਾਵੇਗਾ।

# ਪੱਤਰਕਾਰ ਦੀ ਗੱਡੀ ਨੂੰ ਬਲੈਰੋ ਨੇ ਮਾਰੀ ਸਾਈਡ

**ਭੋਗਪੁਰ (ਪੱਤਰ ਪ੍ਰੇਰਕ)**-ਸਥਾਨਕ ਸ਼ਹੀਦ ਭਗਤ ਸਿੰਘ ਚੌਕ ਨੇੜੇ ਫਾਟਕ ਕਰੋਸ ਕਰਨ ਸਮੇਂ ਭੋਗਪੁਰ ਦੇ ਪੱਤਰਕਾਰ ਦੀ ਗੱਡੀ ਵਿੱਚ ਅਣਪਛਾਤੀ ਬਲੈਰੋ ਗੱਡੀ ਵੱਲੋਂ ਸਾਈਡ ਮਾਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਰੋਜਾਨਾ ਨਵਾਂ ਜਮਾਨਾ ਅਖਬਾਰ ਦੇ ਪੱਤਰਕਾਰ ਭੋਗਪੁਰ ਸਹੀਦ ਭਗਤ ਸਿੰਘ ਚੌਕ ਨੇੜੇ ਵਾਲਾ ਫਾਟਕ ਕਰੋਸ ਕਰਨ ਲੱਗੇ ਤਾਂ ਫਾਟਕ ਬੰਦ ਹੋਣ ਲੱਗਾ। ਸਾਹਮਣੇ ਤੋਂ ਆ ਰਹੀ ਰੋਂਗ ਸਾਈਡ ਬਲੈਰੋ ਗੱਡੀ ਨੇ ਸਾਈਡ ਮਾਰ ਦਿੱਤੀ। ਮੌਕੇ 'ਤੇ ਪੱਤਰਕਾਰ ਵੱਲੋਂ ਭੋਗਪੁਰ ਪੁਲਸ ਨੂੰ ਇਤਲਾਹ ਕਰ ਦਿੱਤੀ। ਕੁਝ ਸਮਾਂ ਬੀਤਣ ਤੋਂ ਬਾਅਦ ਜਦ ਪੁਲੀਸ ਨਹੀ ਪੁੱਜੀ ਤਾਂ ਦੁਬਾਰਾ ਫਿਰ ਫੋਨ ਕੀਤਾ ਤਾਂ ਪੱਤਰਕਾਰ ਦਾ ਫੋਨ ਨਹੀਂ ਉਠਾਇਆ ਗਿਆ। ਜਦ ਪੁਲੀਸ ਥਾਣੇ 'ਚ ਪ੍ਰੈੱਸ ਕਾਨਫਰੰਸ ਕਰਦੀ ਹੈ ਜਾਂ ਹੋਰ ਕੋਈ ਵੀ ਖਬਰਾਂ ਪੱਤਰਕਾਰਾਂ ਨੂੰ ਭੇਜਦੀ ਹੈ ਤਾਂ ਪੱਤਰਕਾਰ ਉਸ ਖਬਰ ਨੂੰ ਪਹਿਲ ਦੇ ਆਧਾਰ 'ਤੇ ਲਿਖ ਅਖਬਾਰਾਂ ਨੂੰ ਭੇਜਦਾ ਹੈ। ਜਦ ਪੱਤਰਕਾਰ ਪੁਲਿਸ ਨਾਲ ਮਿਲ ਕੇ ਚਲਦੇ ਹਨ ਤਾਂ ਪੁਲਿਸ ਨੂੰ ਵੀ ਚਾਹੀਦਾ ਹੈ ਤਾਂ ਉਹ ਵੀ ਪੱਤਰਕਾਰਾਂ ਦਾ ਪੂਰਾ ਸਾਥ ਦੇਵੇ।

# ਨਾਕਿਆਂ 'ਤੋਂ ਪੁਲਸ ਕਰਮਚਾਰੀ ਹੋਏ ਗਾਇਬ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਸ਼ਹਿਰ ਵਿੱਚ ਦਿਨ ਸਮੇਂ ਸ਼ਹਿਰ ਦੇ ਸਾਰੇ ਪੁਲਿਸ ਨਾਕਿਆਂ ਦੀ ਅਚਨਚੇਤ ਚੈਕਿੰਗ ਕੀਤੀ, ਪਰ ਸ਼ਹਿਰ ਦੇ ਮੁੱਖ ਚੌਕਾਂ ਜਿਵੇਂ ਕਿ ਸ਼ਹੀਦ ਭਗਤ ਸਿੰਘ ਚੌਕ, ਬੁਲੋਵਾਲ ਚੌਕ, ਅਤੇ ਟੀ ਪੁਆਇੰਟ ਅਤੇ ਹੋਰ ਨਾਕਿਆਂ 'ਤੇ ਪੁਲਿਸ ਕਰਮਚਾਰੀ ਦੇਖਣ ਨੂੰ ਨਹੀਂ ਮਿਲੇ। ਜਦ ਰਾਤ ਨੂੰ ਵੀ ਇਸੇ ਤਰਾਂ ਪੁਲਿਸ ਦੇ ਨਾਕਿਆਂ 'ਤੇ ਚੈਕਿੰਗ ਕੀਤੀ ਤਾਂ ਕਿਸੇ ਵੀ ਜਗ੍ਹਾ ਮੁਲਾਜਮ ਮੌਜੂਦ ਨਹੀਂ ਮਿਲੇ, ਉਸ ਤੋਂ ਲੱਗਦਾ ਹੈ ਕਿ ਸ਼ਹਿਰ ਵਿੱਚ ਪੁਲਿਸ ਸੁਸਤ ਹੈ ਤੇ ਚੋਰ ਚੁਸਤ ਹਨ ਅਤੇ ਦੀਆਂ ਵਾਰਦਾਤਾਂ ਵਧ ਰਹੀਆਂ ਹਨ। ਲੋਕਾਂ ਵਿਚ ਇਸ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸ਼ਹਿਰ ਵਿਚ ਲੁੱਟਾਂ-ਖੋਹਾਂ ਤੇ ਰਾਤ ਸਮੇਂ ਚੋਰੀਆਂ ਦੀਆਂ ਵਾਰਦਾਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਕੋਈ ਵੀ ਸਮਾਜ ਵਿਰੋਧੀ ਅਨਸਰ ਕਿਸੇ ਵੱਡੀ ਘਟਨਾ ਨੂੰ ਅੰਜਾਮ ਦੇ ਸਕਦਾ ਹੈ। ਇਸ ਮੌਕੇ ਜਦ ਥਾਣਾ ਮੁਖੀ ਰਛਪਾਲ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਲਦੀ ਹੀ ਸਾਰੇ ਚੌਕਾਂ ਵਿੱਚ ਮੁਲਾਜਮ ਤਾਇਨਾਤ ਕਰ ਦਿੱਤੇ ਜਾਣਗੇ। ਇਸ ਮੌਕੇ ਜੀਤ ਲਾਲ ਭੱਟੀ ਨਾਲ ਗੱਲਬਾਤ ਕੀਤੀ ਉਨ੍ਹਾਂ ਕਿਹਾ ਕਿ ਕਾਨੂੰਨ ਵਿਵਸਥਾ ਤੇ ਲੋਕਾਂ ਦੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੁੰਦੀ ਹੈ, ਪਰ ਪੁਲਿਸ ਵਲੋਂ ਇਸ ਤਰ੍ਹਾਂ ਲਾਪ੍ਰਵਾਹੀ ਕਰਨਾ ਬਹੁਤ ਹੀ ਚਿੰਤਾਜਨਕ ਹੈ ਤੇ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਸ਼ਹੀਦ ਭਗਤ ਸਿੰਘ ਚੌਕ

ਬੁੱਲ੍ਹੋਵਾਲ ਚੌਕ

ਟੀ ਪੁਆਇੰਟ ਜੀ ਟੀ ਰੋਡ ਭੋਗਪੁਰ


## ਉਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਲਈ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਦਾ ਸੱਦਾ ਦਿਤਾ ਜਾਂਦਾ ਹੈ।

| | | |
|---|---|---|
| ਨੀਲਾਮੀ ਸੂਚੀ ਨੰ. | | EAFZR-MIS22-2 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | | 23-12-22 12:00 hours |
| ਕ) | ਕੰਮ ਦਾ ਨਾਮ | ਰੇਲਵੇ ਸਟੇਸ਼ਨਾਂ ਤੇ ਪਲਾਸਟਿਕ ਬੋਤਲ ਕ੍ਰਸ਼ਿੰਗ / ਸ਼੍ਰੇਡਿੰਗ/ ਬੇਲਿੰਗ ਮਸ਼ੀਨ ਦੀ ਸਥਾਪਨਾ, ਸੰਚਾਲਨ ਅਤੇ ਰਖਰਖਾਅ ਦੇ ਮਾਧਿਅਮ ਨਾਲ ਵਾਣਿਜਕ ਵਿਗਿਆਪਨ ਅਧਿਕਾਰ ਦਾ ਅਲਾਟਮੈਂਟ |
| | **ਲਾਟ ਨੰਬਰ** | **ਸਟੇਸ਼ਨਾਂ ਦਾ ਨਾਮ** |
| 1 | MSS-FZR-PTK-BCrush-3-22-1 | ਪਠਾਨਕੋਟ |
| 2 | MSS-FZR-FZR-BCrush-6-22-1 | ਫਿਰੋਜਪੁਰ ਕੈਂਟ |
| 3 | MSS-FZR-PGW-BCrush-4-22-1 | ਫਗਵਾੜਾ |
| 4 | MSS-FZR-JRC-BCrush-5-22-1 | ਜਲੰਧਰ ਕੈਂਟ |
| 5 | MSS-FZR-PTKC-BCrush-2-22-1 | ਪਠਾਨਕੋਟ ਕੈਂਟ |
| 6 | MSS-FZR-UHP-BCrush-1-22-1 | ਉਧਮਪੁਰ |
| ਨੀਲਾਮੀ ਸੂਚੀ ਨੰ. | | EAFZR-MA22-9 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | | 23.12.22 11:30 hours |
| ਖ) | ਕੰਮ ਦਾ ਨਾਮ | ਯਾਤਰੀ ਗੱਡੀਆਂ ਦੇ ਡੱਬਿਆਂ ਦੇ ਬਾਹਰੀ ਹਿਸੇ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦਾ ਅਲਾਟਮੈਂਟ |
| | **ਲਾਟ ਨੰਬਰ/ਰੇਕ ਲਿੰਕ** | **ਰੇਕ ਲਿੰਕ ਵਿਚ ਗੱਡੀਆਂ ਦੀ ਸੂਚੀ** |
| 1 | ADVT-EFF-109222-22-1 | 14612/14611 |
| 2 | ADVT-EFF-84053-22-1 | 14650/14650/14674/14673 |
| 3 | ADVT-EFF-95027-22-1 | 12408/12407 |
| 4 | ADVT-EFF-110591-22-1 | 12422/12421/14616/14615 |
| 5 | ADVT-EFF-132173-22-1 | 12492/12491/12470/12469/14606 /14605 |
| 6 | ADVT-EFF-132340-22-1 | 12472/12471/12474/12473/12476/ 12475/12478/12477 |
| 7 | ADVT-EFF-109229-22-1 | 12460/12459/14681/14682 |
| 8 | ADVT-EFF-88368-22-1 | 14610/14609 |
| 9 | ADVT-EFF-110792-22-1 | 14632/14631 |
| 10 | ADVT-EFF-98513-22-1 | 14646/14645/14662/14661 |
| 11 | ADVT-EFF-90417-22-1 | 12414/12413 |
| 12 | ADVT-EFF-91669-22-1 | 22462/22461 |
| 13 | ADVT-EFF-110778-22-1 | 14602/14601/14614/ 14613/14630/ 14629 |
| 14 | ADVT-EFF-90978-22-1 | 14624/14623 |
| 15 | ADVT-EFF-133298-22-1 | 14634/14633/54612/54613/54615 / 54616/54621/54622/54625/54626 |

ਵਿਸਤ੍ਰਿਤ ਜਾਣਕਾਰੀ ਰੇਲਵੇ ਵੈਬਸਾਈਟ www.ireps.gov.in ਉਤੇ ਉਪਲਬਧ ਹੈ। 3264/2022

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਡਿਪਟੀ ਕਮਿਸ਼ਨਰ ਅੱਜ ਫ਼ੀਲਡ ਦੌਰੇ ਦੌਰਾਨ ਪਿੰਡ ਚੱਕ ਬਿਲਗਾ ਵਿਖੇ ਸੁਣਨਗੇ ਮੁਸ਼ਕਲਾਂ

**ਬਹਿਰਾਮ (ਅਵਤਾਰ ਕਲੇਰ)** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ 9 ਦਸੰਬਰ ਨੂੰ ਆਪਣੇ ਫ਼ੀਲਡ ਦੌਰੇ ਦੌਰਾਨ ਪਿੰਡ ਚੱਕ ਬਿਲਗਾ ਦੇ ਕਮਿਊਨਿਟੀ ਸੈਂਟਰ (ਗੁਰਦੁਆਰਾ ਸਾਹਿਬ ਦੇ ਨੇੜੇ) ਵਿਖੇ ਸਵੇਰੇ 10 ਵਜੇ ਤੋਂ 12 ਵਜੇ ਤੱਕ ਆਲੇ-ਦੁਆਲੇ ਪੈਂਦੇ ਪਿੰਡਾਂ ਚੱਕ ਬਿਲਗਾ, ਖਾਨਪੁਰ, ਖਾਨਖਾਨਾ, ਕੱਟ, ਲੰਗੇਰੀ ਤੇ ਲੱਖਪੁਰ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ ਸੁਣਨਗੇ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਮਰਦੀਪ ਸਿੰਘ ਬੈਂਸ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਕਮਿਊਨਿਟੀ ਸੈਂਟਰ ਵਿਖੇ ਉਪਰੋਕਤ ਪਿੰਡਾਂ ਦੇ ਵਸਨੀਕਾਂ ਦੀਆਂ ਮੁਸ਼ਕਿਲਾਂ ਸੁਣਨ ਦੇ ਨਾਲ-ਨਾਲ ਵਿਕਾਸ ਕਾਰਜਾਂ ਦਾ ਜਾਇਜ਼ਾ ਵੀ ਲੈਣਗੇ। ਇਸ ਮੌਕੇ ਜ਼ਿਲ੍ਹਾ ਤੇ ਬਲਾਕ ਪੱਧਰ ਦੇ ਪੇਂਡੂ ਵਿਕਾਸ ਤੇ ਪੰਚਾਇਤ ਅਧਿਕਾਰੀਆਂ ਤੋਂ ਇਲਾਵਾ ਜਲ ਸਪਲਾਈ ਤੇ ਸੈਨੀਟੇਸ਼ਨ, ਖੁਰਾਕ ਤੇ ਸਿਵਲ ਸਪਲਾਈ, ਮਾਲ ਮਹਿਕਮਾ, ਮਨਰੇਗਾ, ਮੰਡੀ ਬੋਰਡ, ਪਾਵਰਕਾਮ, ਪੁਲਿਸ ਅਤੇ ਬਾਲ ਵਿਕਾਸ ਤੇ ਪ੍ਰਾਜੈਕਟ ਅਧਿਕਾਰੀ ਵੀ ਮੌਜੂਦ ਰਹਿਣਗੇ।

# 3 ਔਰਤਾਂ ਬੈਗ 'ਚੋਂ 50 ਹਜ਼ਾਰ ਦੀ ਨਗਦੀ ਕੱਢ ਕੇ ਫਰਾਰ



**ਫਿਲੌਰ (ਨਿਰਮਲ)** ਸੁਨੀਤਾ ਪਿੰਡ ਜੱਜਾ ਖੁਰਦ ਨੇ ਦੱਸਿਆ ਕਿ ਉਸਨੇ ਕੈਨਰਾ ਬੈਂਕ 'ਚੋਂ 50 ਹਜ਼ਾਰ ਰੁਪਏ ਕਢਵਾਏ ਸੀ ਤੇ ਉਹ ਨੂਰਮਹਿਲ ਰੋਡ ਫਿਲੌਰ ਦੇ ਅੱਡੇ ਤੋਂ ਸਬਜ਼ੀ ਲੈ ਰਹੀ ਸੀ, ਉਸੇ ਵਕਤ 3 ਔਰਤਾਂ ਆਈਆਂ ਤੇ ਸਬਜ਼ੀ ਲੈਣ ਦੇ ਬਹਾਨੇ ਮੇਰੇ ਪਰਸ 'ਚੋਂ 50 ਹਜਾਰ ਰੁਪਏ ਤੇ ਪਾਸਪੋਰਟ ਕੱਢ ਕੇ ਲੈ ਗਈਆਂ। ਮੌਕੇ 'ਤੇ ਫਿਲੌਰ ਪੁਲਿਸ ਨੇ ਪਹੁੰਚ ਕੇ ਲਾਗੇ ਲੱਗੇ ਸੀ ਸੀ ਕੀ ਵੀ ਕੈਮਰਿਆਂ ਦੀ ਜਾਂਚ ਕੀਤੀ। ਐਸ ਐਚ ਓ ਫਿਲੌਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਜਲਦੀ ਹੀ ਪਰਸ 'ਚੋਂ ਪੈਸੇ ਕੱਢਣ ਵਾਲੇ ਫੜ ਲਏ ਜਾਣਗੇ।

# ਜੇ ਆਰ ਬਿਲਡਰਜ਼ ਵੱਲੋਂ ਗੁਰਦਾਸਪੁਰ 'ਚ ਕੰਕਰੀਟ ਪਲਾਂਟ ਸ਼ੁਰੂ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਹਾਟ ਮਿਕਸ ਦੇ ਕੰਮਕਾਜ 'ਚ ਨਾਮਣਾ ਖੱਟਣ ਵਾਲੀ ਜੇ. ਆਰ. ਹਾਟ ਮਿਕਸ ਵਲੋਂ ਬਿਲਡਿੰਗ ਦੇ ਖੇਤਰ 'ਚ ਵੀ ਇੱਕ ਕਦਮ ਹੋਰ ਵਧਾਉਂਦਿਆਂ ਹੋਇਆਂ ਗੁਰਦਾਸਪੁਰ 'ਚ ਬਿਲਡਿੰਗ ਮਟੀਰੀਅਲ ਲਈ ਰੈਡੀਮੇਡ ਕੰਕਰੀਟ (ਆਰ. ਐੱਮ. ਸੀ.) ਪਲਾਂਟ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਦਾ ਉਦਘਾਟਨ ਸਾ. ਕੈਬਨਿਟ ਮੰਤਰੀ ਸੁੱਚਾ ਸਿੰਘ ਛੋਟੇਪੁਰ ਵਲੋਂ ਰੀਬਨ ਕੱਟ ਕੇ ਕੀਤਾ ਗਿਆ। ਇਸ ਤੋਂ ਪਹਿਲਾਂ ਜੇ. ਆਰ. ਬਿਲਡਰਜ਼ ਦੇ ਗੁਰਦਾਸਪੁਰ 'ਚ ਬੱਬਰੀ ਕਲਾਨੌਰ ਬਾਈਪਾਸ 'ਤੇ ਸਥਿਤ ਕਾਰੋਬਾਰ ਸਥਾਨ 'ਤੇ ਸ੍ਰੀ. ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸੰਬੋਧਨ ਦੌਰਾਨ ਸਾਬਕਾ ਕੈਬਨਿਟ ਮੰਤਰੀ ਸੁੱਚਾ ਸਿੰਘ ਛੋਟੇਪੁਰ, ਇੰਜੀਨੀਅਰ ਵਿੰਗ ਦੇ ਸੂਬਾ ਸਲਾਹਕਾਰ ਐਸ. ਡੀ. ਓ. ਨਿਰਮਲ ਸਿੰਘ ਭੰਗੂ, ਮਾਸਟਰ ਗਿਆਨ ਸਿੰਘ ਨੇ ਸੰਬੋਧਨ ਦੌਰਾਨ ਕਿਹਾ ਕਿ ਜੇ. ਆਰ. ਬਿਲਡਰਜ਼ ਵਲੋਂ ਪਹਿਲਾਂ ਸੜਕਾਂ ਨਿਰਮਾਣ ਦੇ ਕਾਰੋਬਾਰ 'ਚ ਆਪਣੀ ਭਰੋਸੇਯੋਗਤਾ ਬਣਾਈ ਹੈ ਅਤੇ ਜੇ. ਆਰ. ਬਿਲਡਰਜ਼ ਦਾ ਸਮਾਜ 'ਚ ਅਤੇ ਵਿਭਾਗਾਂ 'ਚ ਆਪਣਾ ਵੱਖਰਾ ਅਕਸ਼ ਨਿਰਮਿਤ ਹੈ। ਉਨ੍ਹਾਂ ਕਿਹਾ ਕਿ ਕੰਕਰੀਟ ਮਜ਼ਬੂਤ ਇਮਾਰਤ ਦਾ ਅਹਿਮ ਅੰਗ ਹੈ ਅਤੇ ਆਰ. ਐੱਮ. ਸੀ. ਪਲਾਂਟ ਨਵੀਂ ਤੇ ਕੰਪਿਊਟਰਾਈਜ਼ਡ ਤਕਨੀਕ ਹੈ ਜਿਸ ਦੇ ਮਟੀਰੀਅਲ ਨਾਲ ਤਿਆਰ ਇਮਾਰਤ 6 ਰਿਐਕਟਰ ਤੱਕ ਭੁਚਾਲ ਆਉਣ 'ਤੇ ਵੀ ਮਜ਼ਬੂਤ ਰਹਿੰਦੀ ਹੈ। ਇਸ ਮੌਕੇ 'ਤੇ ਜੇ. ਆਰ. ਕੰਕਰੀਟਜ਼ ਦੇ ਅਮਰਬੀਰ ਸਿੰਘ ਜੌਹਲ ਅਤੇ ਰਣਜੀਤ ਸਿੰਘ ਰਾਣਾ ਬੋਪਾਰਾਏ ਨੇ ਦੱਸਿਆ ਕਿ ਉਹ ਆਪਣੀ ਭਰੋਸੇਯੋਗਤਾ ਨੂੰ ਨਿਰੰਤਰ ਬਰਕਾਰ ਰੱਖਣ ਲਈ ਵਚਨਬੱਧ ਰਹਿਣਗੇ ਅਤੇ ਰੈਡੀ ਮਿਕਸ ਕੰਕਰੀਟ ਪਲਾਂਟ ਦੀ ਸਮੱਗਰੀ 'ਚ ਗੁਣਵੱਤਾ 'ਚ ਕੋਈ ਸਮਝੌਤਾ ਨਹੀਂ ਕਰਨਗੇ। ਇਸ ਮੌਕੇ ਐਕਸੀਅਨ ਹਰਜੋਤ ਸਿੰਘ, ਐਕਸੀਅਨ ਜਤਿੰਦਰ ਮੋਹਨ, ਐਸ. ਡੀ. ਓ. ਪਰਮਿੰਦਰ ਸਿੰਘ, ਐੱਸ. ਡੀ. ਓ. ਲਵਜੀਤ ਸਿੰਘ, ਐੱਸ. ਡੀ. ਓ. ਗੁਰਦੇਵ ਸਿੰਘ, ਐੱਸ. ਡੀ. ਓ. ਅਸ਼ੋਕ ਕੁਮਾਰ, ਸੰਮਤੀ ਮੈਂਬਰ ਪ੍ਰਗਟ ਸਿੰਘ ਪੰਨਵਾਂ, ਡਾਇਰੈਕਟਰ ਅੰਮ੍ਰਿਤਪਾਲ ਸਿੰਘ ਪੰਨੂੰ, ਅਵਤਾਰ ਸਿੰਘ ਮਾਹਲ ਚੇਅਰਮੈਨ, ਅਮਨਦੀਪ ਸਿੰਘ ਕੋਟਸੰਤੋਖ ਰਾਏ, ਅਵਤਾਰ ਸਿੰਘ ਛੋਟੇਪੁਰ, ਮਨਦੀਪ ਸਿੰਘ ਸੈਣੀ, ਕੰਵਰਪਾਲ ਸਿੰਘ ਸੰਧੂ, ਸੁਰਿੰਦਰ ਸਿੰਘ ਗੁਣੀਆਂ, ਮੁਖਵਿੰਦਰਜੀਤ ਸਿੰਘ ਮਸਤਕੋਟ, ਚੇਅ. ਹਰਵਿੰਦਰਪਾਲ ਸਿੰਘ ਅਲਾਵਲਪੁਰ, ਹਰਵੰਤ ਸਿੰਘ ਲੋਪਾ, ਸਮਾਜਸੇਵਕ ਗੁਰਸ਼ਰਨਜੀਤ ਸਿੰਘ ਪੁਰੇਵਾਲ, ਬਲਜੀਤ ਸਿੰਘ ਚਾਹਲ, ਗੁਰਪ੍ਰੀਤ ਸਿੰਘ ਡਾਲਾ, ਅਮਰਿੰਦਰ ਸਿੰਘ ਮੱਲ੍ਹੀ, ਠੇਕੇਦਾਰ ਹਰਪ੍ਰੀਤ ਸਿੰਘ ਬਾਜਵਾ, ਅਮਰੀਕ ਸਿੰਘ ਰਿਆੜ, ਮਨਜੀਤ ਸਿੰਘ ਡਾਲਾ, ਅਕਾਸ਼ ਮਹਾਜਨ, ਜੰਗਬਹਾਦਰ ਸਿੰਘ, ਅਮਰਬੀਰ ਸਿੰਘ ਮਾਹਲ ਸਮੇਤ ਹੋਰ ਅਹਿਮ ਸ਼ਖ਼ਸੀਅਤਾਂ ਹਾਜ਼ਰ ਰਹੀਆਂ।

9-December-PAGE-4-2.qxd 12/8/2022 10:20 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 9 ਦਸੰਬਰ 2022

# ਭਾਜਪਾ ਗੁਜਰਾਤ ਜਿੱਤੀ, ਬਾਕੀ ਥਾਈਂ ਚਿੱਤ

ਪਿਛਲੇ ਦਿਨੀਂ ਹੋਈਆਂ ਦੋ ਵਿਧਾਨ ਸਭਾਵਾਂ, ਦਿੱਲੀ ਨਗਰ ਨਿਗਮ ਚੋਣਾਂ ਅਤੇ ਵੱਖ-ਵੱਖ ਰਾਜਾਂ ਦੀਆਂ 6 ਵਿਧਾਨ ਸਭਾ ਤੇ ਇੱਕ ਲੋਕ ਸਭਾ ਹਲਕੇ ਦੀਆਂ ਉੱਪ ਚੋਣਾਂ ਦੇ ਨਤੀਜੇ ਆ ਗਏ ਹਨ। ਭਾਜਪਾ ਨੇ ਗੁਜਰਾਤ ਵਿੱਚ ਹੂੰਝਾ ਫੇਰੂ ਜਿੱਤ ਹਾਸਲ ਕੀਤੀ ਹੈ, ਪਰ ਬਾਕੀ ਸਭ ਥਾਵਾਂ ਉੱਤੇ ਉਸ ਨੂੰ ਵੱਡੇ ਝਟਕੇ ਲੱਗੇ ਹਨ।

ਗੁਜਰਾਤ ਵਿੱਚ ਭਾਜਪਾ ਨੇ ਡੇਢ ਸੌ ਤੋਂ ਵੱਧ ਸੀਟਾਂ ਜਿੱਤ ਕੇ ਇੱਕ ਰਿਕਾਰਡ ਬਣਾ ਲਿਆ ਹੈ। ਕਾਂਗਰਸ ਪਾਰਟੀ 17 ਉਤੇ ਖਿਸਕ ਗਈ ਹੈ ਤੇ ਆਮ ਆਦਮੀ ਪਾਰਟੀ ਦੇ ਪੱਲੇ ਵੀ ਸਿਰਫ਼ 5 ਸੀਟਾਂ ਪਈਆਂ ਹਨ। ਗੁਜਰਾਤ ਵਿੱਚ ਅਸਲ ਲੜਾਈ ਕੇਂਦਰ ਦੀ ਸਰਕਾਰ ਤੇ ਕਾਂਗਰਸ ਦੇ ਸੂਬਾਈ ਯੂਨਿਟ ਵਿਚਕਾਰ ਸੀ। ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਨੇ ਚੋਣ ਪ੍ਰਚਾਰ ਤੋਂ ਪਾਸਾ ਵੱਟੀ ਰੱਖਿਆ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਿੱਚ ਵੱਡੀ ਗਿਣਤੀ ਕੇਂਦਰੀ ਮੰਤਰੀਆਂ ਨੇ ਤਾਬੜਤੋੜ ਰੈਲੀਆਂ ਤੇ ਹੋਰ ਪ੍ਰਚਾਰ ਸਾਧਨਾਂ ਰਾਹੀਂ ਪ੍ਰਧਾਨ ਮੰਤਰੀ ਦੇ ਨੱਕ ਦਾ ਸਵਾਲ ਬਣਾ ਕੇ ਚੋਣ ਜੰਗ ਲੜੀ ਸੀ। ਆਮ ਆਦਮੀ ਪਾਰਟੀ ਨੇ ਵੀ ਪੂਰੇ ਜਾਹੋ-ਜਲਾਲ ਨਾਲ ਗੁਜਰਾਤ ਚੋਣਾਂ ਵਿੱਚ ਹਿੱਸਾ ਲਿਆ। ਉਸ ਨੂੰ ਦਾਅਵਿਆਂ ਮੁਤਾਬਕ ਤਾਂ ਸਫ਼ਲਤਾ ਨਹੀਂ ਮਿਲੀ, ਪਰ ਉਹ ਵਿਧਾਨ ਸਭਾ ਵਿੱਚ ਹਾਜ਼ਰੀ ਲਵਾਉਣ ਵਿੱਚ ਜ਼ਰੂਰ ਕਾਮਯਾਬ ਹੋ ਗਈ ਹੈ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਤੇ ਆਪ ਵਿੱਚ ਵੋਟਾਂ ਵੰਡੇ ਜਾਣ ਦਾ ਭਾਜਪਾ ਨੂੰ ਵੱਡਾ ਲਾਭ ਮਿਲਿਆ ਹੈ।

ਗੁਜਰਾਤ ਦੀ ਜਿੱਤ ਤੋਂ ਬਾਅਦ ਭਾਜਪਾ ਲੀਡਰਸ਼ਿਪ ਜਸ਼ਨ ਤਾਂ ਮਨਾ ਸਕਦੀ ਹੈ, ਪਰ ਹਿਮਾਚਲ ਤੇ ਦਿੱਲੀ ਸਮੇਤ ਪੰਜ ਵਿੱਚੋਂ 4 ਰਾਜਾਂ ਦੀਆਂ ਉਪ ਚੋਣਾਂ ਵਿੱਚ ਹੋਈ ਹਾਰ ਨੇ ਉਸ ਦੀ ਖੁਸ਼ੀ ਨੂੰ ਗ੍ਰਹਿਣ ਲਾ ਦਿੱਤਾ ਹੈ।

ਹਿਮਾਚਲ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਭਾਜਪਾ ਨੇ ਪੂਰੀ ਤਾਕਤ ਝੋਕ ਦਿੱਤੀ ਸੀ। ਦੂਜੇ ਪਾਸੇ ਕਾਂਗਰਸ ਸਿਰਫ਼ ਪ੍ਰਿਅੰਕਾ ਗਾਂਧੀ ਦੇ ਸਹਾਰੇ ਸੀ। ਉੱਥੇ ਸਥਾਨਕ ਕਾਂਗਰਸੀਆਂ ਨੇ ਗਹਿਗੱਚ ਲੜਾਈ ਵਿੱਚ ਲੋੜੀਂਦੀਆਂ ਸੀਟਾਂ ਜਿੱਤ ਕੇ ਬਹੁਗਿਣਤੀ ਹਾਸਲ ਕਰ ਲਈ ਹੈ। ਭਾਜਪਾ ਸੱਤਾ ਵਿੱਚੋਂ ਬਾਹਰ ਹੋ ਗਈ ਹੈ। ਭਾਜਪਾ ਦੇ 10 ਮੰਤਰੀਆਂ ਵਿੱਚੋਂ 8 ਹਾਰ ਗਏ ਹਨ।

ਦਿੱਲੀ ਨਗਰ ਨਿਗਮ ਕੋਲ ਅਸੀਮਤ ਅਧਿਕਾਰ ਹਨ। ਇਸ ਦੇ ਆਪਣੇ ਹਸਪਤਾਲ ਤੇ ਸਕੂਲ ਹਨ। ਇਸੇ ਕਾਰਨ ਭਾਜਪਾ ਕਿਸੇ ਹਾਲਤ ਵਿੱਚ ਦਿੱਲੀ ਨਗਰ ਨਿਗਮ ਨੂੰ ਆਪਣੇ ਹੱਥਾਂ ਵਿੱਚੋਂ ਨਿਕਲ ਜਾਣ ਦੇਣਾ ਨਹੀਂ ਚਾਹੁੰਦੀ ਸੀ। ਉਸ ਨੇ ਐਨ ਚੋਣਾਂ ਮੌਕੇ ਪਹਿਲੀਆਂ ਤਿੰਨ ਨਗਰ ਨਿਗਮਾਂ ਨੂੰ ਭੰਗ ਕਰਕੇ ਇੱਕ ਕਰ ਦਿੱਤਾ ਸੀ। ਪਹਿਲਾਂ ਤਿੰਨ ਨਗਰ ਨਿਗਮਾਂ ਵਿੱਚ 522 ਵਾਰਡ ਹੁੰਦੇ ਸਨ, ਉਨ੍ਹਾਂ ਨੂੰ ਘਟਾ ਕੇ 250 ਕਰ ਦਿੱਤਾ ਗਿਆ। ਭਾਜਪਾ ਨੂੰ ਲੱਗਦਾ ਸੀ ਕਿ ਇਕ ਨਿਗਮ ਕਰਨ ਨਾਲ ਉਸ ਦੇ 15 ਸਾਲਾ ਮਾੜੇ ਸ਼ਾਸਨ ਨੂੰ ਭੁੱਲ ਕੇ ਲੋਕ ਉਸ ਨੂੰ ਵੋਟਾਂ ਪਾ ਦੇਣਗੇ। ਭਾਜਪਾ ਨੂੰ ਇਹ ਵੀ ਲਗਦਾ ਸੀ ਕਿ ਜਿਸ ਤਰ੍ਹਾਂ ਅਸੰਬਲੀ ਚੋਣਾਂ ਦੀ ਥਾਂ ਲੋਕ ਸਭਾ ਚੋਣਾਂ ਵਿੱਚ ਵੱਡੇ ਹਲਕੇ ਹੋਣ ਕਾਰਨ ਉਸ ਨੂੰ ਫਾਇਦਾ ਮਿਲਦਾ ਹੈ, ਇਸੇ ਤਰ੍ਹਾਂ ਵੱਡੇ ਵਾਰਡ ਬਣਾਉਣ ਨਾਲ ਨਿਗਮ ਚੋਣਾਂ ਵਿੱਚ ਵੀ ਉਸ ਨੂੰ ਲਾਭ ਮਿਲੇਗਾ। ਇਨ੍ਹਾਂ ਚੋਣਾਂ ਵਿੱਚ ਵੀ ਕੇਂਦਰੀ ਮੰਤਰੀ ਇੱਕ-ਇੱਕ ਵਾਰਡ ਵਿੱਚ ਘੁੰਮੇ, ਹਰ ਗਲੀ ਤੇ ਮੋੜ ਉੱਤੇ ਪ੍ਰਧਾਨ ਮੰਤਰੀ ਦੀਆਂ ਫੋਟੋਆਂ ਵਾਲੇ ਪੋਸਟਰ ਚਪਕਾਏ ਗਏ, ਪਰ ਜਿੱਤ ਨਸੀਬ ਨਾ ਹੋ ਸਕੀ। ਆਮ ਆਦਮੀ ਪਾਰਟੀ ਨੇ 134 ਸੀਟਾਂ ਜਿੱਤ ਕੇ ਬਹੁਗਿਣਤੀ ਹਾਸਲ ਕਰ ਲਈ ਹੈ। ਭਾਜਪਾ ਨੂੰ 104 ਤੇ ਕਾਂਗਰਸ ਨੂੰ ਸਿਰਫ਼ 9 ਸੀਟਾਂ ਮਿਲੀਆਂ ਹਨ।

ਪੰਜ ਰਾਜਾਂ ਦੀਆਂ 6 ਵਿਧਾਨ ਸਭਾ ਤੇ ਇੱਕ ਲੋਕ ਸਭਾ ਸੀਟ ਉੱਤੇ ਭਾਜਪਾ ਨੂੰ ਵੱਡੀ ਮਾਰ ਪਈ ਹੈ। ਬਿਹਾਰ ਦੀ ਕੁੜਨੀ ਤੇ ਯੂ ਪੀ ਦੀ ਰਾਮਪੁਰ ਸੀਟ ਭਾਵੇਂ ਉਸ ਨੇ ਜਿੱਤ ਲਈ, ਪਰ ਬਾਕੀ ਥਾਵਾਂ ਉੱਤੇ ਉਸ ਨੂੰ ਵੱਡੇ ਅੰਤਰ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਛੱਤੀਸਗੜ੍ਹ ਦੀ ਭਾਨੂੰਪ੍ਰਤਾਪ ਸੀਟ ਕਾਂਗਰਸ ਨੇ 21 ਹਜ਼ਾਰ ਤੋਂ ਵੱਧ ਦੇ ਫਰਕ, ਓਡੀਸ਼ਾ ਦੀ ਪਦਮਪੁਰ ਸੀਟ ਬੀਜੂ ਜਨਤਾ ਦਲ ਨੇ 38 ਹਜ਼ਾਰ ਤੋਂ ਵੱਧ ਦੇ ਫ਼ਰਕ, ਰਾਜਸਥਾਨ ਦੀ ਸਰਦਾਰ ਸ਼ਹਿਰ ਸੀਟ ਕਾਂਗਰਸ ਨੇ 26 ਹਜ਼ਾਰ ਤੋਂ ਵੱਧ ਦੇ ਫ਼ਰਕ ਤੇ ਯੂ ਪੀ ਦੀ ਖਤੌਲੀ ਸੀਟ ਰਾਸ਼ਟਰੀ ਲੋਕ ਦਲ ਨੇ 18 ਹਜ਼ਾਰ ਤੋਂ ਵੱਧ ਦੇ ਅੰਤਰ ਨਾਲ ਭਾਜਪਾ ਨੂੰ ਹਰਾ ਕੇ ਜਿੱਤੀ ਹੈ। ਮੈਨਪੁਰੀ ਲੋਕ ਸਭਾ ਸੀਟ ਤਾਂ ਸਮਾਜਵਾਦੀ ਪਾਰਟੀ ਨੇ ਭਾਜਪਾ ਉਮੀਦਵਾਰ ਨੂੰ ਢਾਈ ਲੱਖ ਤੋਂ ਵੱਧ ਵੋਟਾਂ ਦੇ ਵੱਡੇ ਅੰਤਰ ਨਾਲ ਹਰਾ ਕੇ ਜਿੱਤੀ ਹੈ। ਇਨ੍ਹਾਂ ਚੋਣਾਂ ਵਿੱਚ ਵੋਟਰਾਂ ਨੇ ਇਹੋ ਸੁਨੇਹਾ ਦਿੱਤਾ ਹੈ ਕਿ ਭਾਜਪਾ ਅਜਿੱਤ ਨਹੀਂ, ਜੇਕਰ ਵਿਰੋਧੀ ਪਾਰਟੀਆਂ ਇੱਕਮੁੱਠ ਹੋ ਜਾਣ ਤਾਂ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਉਸ ਨੂੰ ਹਰਾਇਆ ਜਾ ਸਕਦਾ ਹੈ।

# ਪੈਨਸ਼ਨ ਦਾ ਹੱਕ ਮੰਗਣ 'ਤੇ ਕੇਂਦਰੀ ਕਾਨੂੰਨਾਂ ਦੇ ਬਹਾਨੇ ਖਜ਼ਾਨੇ 'ਤੇ ਬੋਝ ਦੀ ਦੁਹਾਈ



ਪ੍ਰਭਜੀਤ ਸਿੰਘ ਰਸੂਲਪੁਰ

ਅੱਜ ਜਦ ਸੰਸਾਰ 'ਚ ਇਕ ਪਾਸੇ ਕਲਿਆਣਕਾਰੀ ਰਾਜ ਦੇ ਸੰਕਲਪ ਵਾਲਾ ਯੁੱਗ ਚੱਲ ਰਿਹਾ ਹੈ ਤਾਂ ਦੂਜੇ ਪਾਸੇ ਭਾਰਤ 'ਚ ਸੰਸਾਰ ਬੈਂਕ ਅਤੇ ਆਈ ਐੱਮ ਐੱਫ ਦੀਆਂ ਨੀਤੀਆਂ ਵਾਲੀ ਨਿੱਜੀਕਰਨ ਦੀ ਹਨੇਰੀ ਜਨਤਕ ਅਦਾਰਿਆਂ ਅਤੇ ਸਬਸਿਡੀਆ ਨੂੰ ਉਡਾ ਕੇ ਲਿਜਾ ਰਹੀ ਹੈ। ਜਨਤਾ ਲਈ ਜ਼ਰੂਰੀ ਤਿੰਨ 'ਸੱਸੇ' ਵਾਲੇ ਸ਼ਬਦ ਸਿਹਤ, ਸਿੱਖਿਆ ਅਤੇ ਸੁਰੱਖਿਆ ਜਨਤਾ ਨੂੰ ਮਿਲਣੇ ਮੁਸ਼ਕਲ ਹੋ ਗਏ ਹਨ। ਸਾਰਾ ਸਰਮਾਇਆ ਆਨੇ-ਬਹਾਨੇ ਕਾਰਪੋਰੇਟ ਘਰਾਣਿਆਂ ਵੱਲ ਤੋਰਿਆ ਜਾ ਰਿਹਾ ਹੈ। ਸੰਸਾਰ ਬੈਂਕ ਨਾਲ ਸਮਝੌਤਾ ਹੋਣ ਕਾਰਨ ਹੀ ਸਾਡੀਆਂ ਕੇਂਦਰੀ ਅਤੇ ਰਾਜ ਸਰਕਾਰਾਂ ਨੇ ਮੁਲਾਜ਼ਮਾਂ ਹੱਥੋਂ ਬੁਢਾਪੇ ਦੀ ਡੰਗੋਰੀ ਖੋਹੀ ਹੈ।

ਪੁਰਾਣੀ ਪੈਨਸ਼ਨ ਦਾ ਸੰਵਿਧਾਨਕ ਪੱਖ -ਡੀ ਐੱਸ ਨਕਾਰਾ ਬਨਾਮ ਭਾਰਤ ਸਰਕਾਰ ਕੇਸ 'ਚ ਸੁਪਰੀਮ ਕੋਰਟ ਨੇ ਜਿਹੜਾ ਫੈਸਲਾ ਦਿੱਤਾ ਸੀ, ਉਸ ਨੇ ਪੰਜਾਹ ਲੱਖ ਲੋਕਾਂ ਨੂੰ ਸਮਾਜਿਕ ਸੁਰੱਖਿਆ ਦਿਵਾਈ ਸੀ ਅਤੇ ਦੁਨੀਆ ਦਾ ਸਭ ਤੋਂ ਵੱਧ ਲੋਕਾਂ ਨੂੰ ਫਾਇਦਾ ਪਹੁੰਚਾਉਣ ਵਾਲਾ ਫੈਸਲਾ ਹੋਣ ਕਰਕੇ ਉਸ ਦਾ ਨਾਂਅ ਗਿੰਨੀਜ਼ ਬੁੱਕ ਆਫ ਰਿਕਾਰਡ ਵਿਚ ਦਰਜ ਹੋਇਆ ਸੀ, ਉਸ 'ਚ ਕਿਹਾ ਗਿਆ ਸੀ ਕਿ ਪੈਨਸ਼ਨ ਕੋਈ ਬਖਸ਼ੀਸ਼ ਜਾ ਭੀਖ ਨਹੀਂ, ਸਗੋਂ ਕਰਮਚਾਰੀਆਂ ਦੀਆਂ ਉਮਰ ਭਰ ਨਿਭਾਈਆਂ ਸੇਵਾਵਾਂ ਦਾ ਫਲ ਹੈ। ਇਸ ਫੈਸਲੇ ਨੂੰ ਭਾਰਤੀ ਕਰਮਚਾਰੀਆਂ ਦਾ 'ਮੈਗਨਾ ਕਾਰਟਾ' ਵੀ ਕਿਹਾ ਜਾਂਦਾ ਹੈ। ਸਰਕਾਰ ਇਸ ਫੈਸਲੇ ਦੇ ਹੀ ਉਲਟ ਨਹੀਂ ਗਈ ਸੀ, ਬਲਕਿ ਸੰਵਿਧਾਨ ਦੇ ਆਰਟੀਕਲ 21, 38, 38-(1), 38-(2) ਅਤੇ 41ਦੀ ਵੀ ਉਲੰਘਣਾ ਕਰਕੇ ਇਕ ਵਧੀਆ ਪੈਨਸ਼ਨ ਪ੍ਰਣਾਲੀ ਖਤਮ ਕੀਤੀ ਹੈ। ਕਾਰਪੋਰੇਟ ਘਰਾਣਿਆਂ ਦੇ ਅਰਬਾਂ ਰੁਪਏ ਦੇ ਕਰਜ਼ੇ ਮਾਫ ਕਰਨ ਵਾਲੀਆਂ ਸਰਕਾਰਾਂ ਨੇ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਅਸੀਂ ਸਾਰੀ ਉਮਰ ਦੇਸ਼ ਲਈ ਨੌਕਰੀ ਕਰਨ ਵਾਲੇ ਮੁਲਾਜ਼ਮਾਂ ਲਈ ਪੈਨਸ਼ਨ ਦੇਣ ਦੇ ਯੋਗ ਨਹੀਂ ਰਹੇ ਹਾਂ।

ਜਦ ਕਿ ਭਾਰਤ 'ਚ ਦੇਸ਼ ਦੀ ਕੁੱਲ ਜੀ ਡੀ ਪੀ ਦਾ 1.7 ਫੀਸਦੀ ਹੀ ਪੈਨਸ਼ਨ 'ਤੇ ਖਰਚ ਹੁੰਦਾ ਹੈ। ਹੋਰਨਾਂ ਦੇਸ਼ਾਂ 'ਚ ਪੈਨਸਨ ਖਰਚ ਕਿੰਨਾ ਹੁੰਦਾ, ਇਹ ਵੀ ਦੇਖਿਆ ਜਾਵੇ। ਕੋਰੀਆ ਅਤੇ ਹਾਂਗਕਾਂਗ ਚ 2%, ਜਪਾਨ 9% , ਜਰਮਨੀ 12%, ਇਟਲੀ 14% ਹਿੱਸਾ ਜੀ ਡੀ ਪੀ ਦਾ ਪੈਨਸ਼ਨ 'ਤੇ ਖਰਚ ਰਿਹਾ ਹੈ। ਇੰਗਲੈਂਡ 'ਚ ਨੈਸ਼ਨਲ ਇਨਕਮ ਦਾ 10% ਪੈਨਸ਼ਨਰ ਭਲਾਈ ਲਈ ਵਰਤਿਆ ਜਾਂਦਾ ਹੈ।

ਪੁਰਾਣੀ ਪੈਨਸ਼ਨ ਬਹਾਲੀ ਲਈ ਕੇਂਦਰੀ ਕਾਨੂੰਨ ਦਾ ਅੜਿੱਕਾ, ਇੱਕ ਬਹਾਨਾ : ਅੱਜਕੱਲ੍ਹ ਪੂਰੇ ਭਾਰਤ ਵਿਚ ਪੁਰਾਣੀ ਪੈਨਸ਼ਨ ਬਹਾਲੀ ਲਈ



ਸੰਘਰਸ਼ ਪੂਰੇ ਜ਼ੋਰ ਨਾਲ ਚੱਲ ਰਿਹਾ ਹੈ। ਕਰਮਚਾਰੀਆਂ ਦੇ ਵਧਦੇ ਨਵੀਂ ਪੈਨਸ਼ਨ ਸਕੀਮ ਵਿਰੁੱਧ ਵਧਦੇ ਵਿਰੋਧ ਨੂੰ ਸ਼ਾਂਤ ਕਰਨ ਲਈ ਰਾਜ ਸਰਕਾਰਾਂ ਨੇ ਸਾਂਝਾ ਬਹਾਨਾ ਲੱਭਿਆ ਹੈ ਕਿ ਐੱਨ ਪੀ ਐੱਸ ਐਕਟ ਦੇ ਹੁੰਦਿਆਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਹੋ ਸਕਦੀ। ਇਸ ਕਾਨੂੰਨ ਦੀ ਕਿੰਨੀ ਕੁਝ ਸਖਤਾਈ ਹੈ, ਇਹ ਹੇਠਾਂ ਦਿੱਤੀਆਂ ਕੁਝ ਉਦਾਹਰਣਾਂ ਨਾਲ ਪਤਾ ਲੱਗ ਜਾਂਦਾ ਹੈ:

ਜੇਕਰ ਇਹ ਕਾਨੂੰਨ ਸਾਰੇ ਰਾਜਾਂ ਲਈ ਜ਼ਰੂਰੀ ਸੀ ਤਾਂ 2004 ਵਿਚ ਇਸ ਦੇ ਲਾਗੂ ਕਰਨ ਸਮੇਂ ਚਾਰ ਰਾਜਾਂ ਨੇ ਕਰਮਚਾਰੀਆਂ ਅਤੇ ਰਾਜ ਦੇ ਹਿੱਤਾਂ ਦੀ ਵਿਰੋਧੀ ਹੋਣ ਕਰਕੇ ਨਵੀਂ ਪੈਨਸ਼ਨ ਸਕੀਮ ਲਾਗੂ ਨਹੀਂ ਕੀਤੀ ਅਤੇ ਪੁਰਾਣੀ ਪੈਨਸ਼ਨ ਹੀ ਜਾਰੀ ਰੱਖੀ। ਬੰਗਾਲ ਵਿਚ ਨਵੀਂ ਪੈਨਸ਼ਨ ਸਕੀਮ ਅੱਜ ਤੱਕ ਲਾਗੂ ਈ ਨਹੀਂ ਕੀਤੀ ਜਾ ਸਕੀ, ਜਦਕਿ ਤਾਮਿਲਨਾਡੂ,ਕੇਰਲਾ, ਮੇਘਾਲਿਆ 'ਚ ਕਮਿਊਨਿਸਟ ਸਰਕਾਰਾਂ ਦੇ ਜਾਣ ਬਾਅਦ ਭਾਜਪਾ ਜਾਂ ਕਾਂਗਰਸੀ ਸਰਕਾਰਾਂ ਆਉਣ 'ਤੇ ਹੀ ਨਵੀਂ ਪੈਨਸ਼ਨ ਸਕੀਮ ਲਾਗੂ ਹੋਈ। ਨਵੀਂ ਪੈਨਸ਼ਨ ਸਕੀਮ ਲਾਗੂ ਹੋਣ ਸਮੇ ਪੀ. ਐੱਫ .ਆਰ. ਡੀ. ਏ ਕਾਨੂੰਨ ਬਣਿਆ ਨਹੀਂ ਸੀ। ਪੈਨਸ਼ਨ ਫੰਡ ਤੋਂ ਸਾਡਾ ਅਧਿਕਾਰ ਡਾਕਟਰ ਮਨਮੋਹਨ ਸਿੰਘ ਸਰਕਾਰ ਦੇ ਬਣਾਏ ਇਸ ਕਾਨੂੰਨ ਨੇ ਖੋਹਿਆ ਸੀ। ਆਰ ਟੀ ਆਈ ਰਾਹੀਂ ਪ੍ਰਾਪਤ ਸੂਚਨਾ ਅਨੁਸਾਰ ਤਾਮਿਲਨਾਡੂ ਦੀ ਸਰਕਾਰ ਨੇ ਨਵੀਂ ਪੈਨਸ਼ਨ ਸਕੀਮ ਲਾਗੂ ਤਾਂ ਕਰ ਦਿੱਤੀ, ਪਰ ਅੱਜ ਤੱਕ ਕਰਮਚਾਰੀਆਂ ਦਾ ਫੰਡ ਪੀ.ਐੱਫ. ਆਰ. ਡੀ. ਏ ਨੂੰ ਨਹੀਂ ਭੇਜਿਆ। ਇਸ ਤੋਂ ਸਿੱਧ ਹੁੰਦਾ ਹੈ ਕਿ ਮੁਲਾਜ਼ਮਾਂ ਦੇ ਪੈਨਸ਼ਨ ਫੰਡ ਨੂੰ ਰਾਜ ਸਰਕਾਰ ਜਿਵੇਂ ਚਾਹੇ, ਉਸੇ ਤਰਾਂ ਰੱਖ ਕੇ ਵਰਤ ਸਕਦੀ ਹੈ।

ਇਹਨਾਂ ਉਦਾਹਰਨਾਂ ਦੇ ਮੁਤਾਬਕ ਸਾਰੇ ਰਾਜ ਪੁਰਾਣੀ ਪੈਨਸ਼ਨ ਅਤੇ ਨਵੀਂ ਪੈਨਸ਼ਨ ਸਕੀਮ 'ਚੋਂ ਕਿਸੇ ਨੂੰ ਵੀ ਚੁਣਨ ਲਈ ਆਜਾਦ ਹਨ। ਪੈਨਸ਼ਨ ਫੰਡ ਪਿਛੇ ਸਾਰੇ ਰਾਜਾਂ ਨੂੰ ਜਾਂ ਪੁਰਾਣੀ ਪੈਨਸ਼ਨ ਬਹਾਲ ਕਰ ਚੁੱਕੇ ਰਾਜਾਂ ਨੂੰ ਵਿਧਾਨ ਸਭਾਵਾਂ 'ਚ ਰਾਜ ਪੈਨਸ਼ਨ ਫੰਡ ਐਕਟ ਪਾਸ ਕਰਕੇ ਸੀ ਪੀ ਐੱਫ ਨੂੰ ਜੀ ਪੀ ਐੱਫ 'ਚ ਤਬਦੀਲ ਕਰਨਾ ਚਾਹੀਦਾ ਹੈ। ਸਾਂਝਾ ਕਾਨੂੰਨੀ ਮੰਚ ਸਥਾਪਤ ਕਰਕੇ ਇਕੱਠੇ ਹੋ ਕਿ ਸੁਪਰੀਮ ਕੋਰਟ ਵੱਲ ਰੁਖ ਵੀ ਕਰਨਾ ਪਵੇ ਤਾਂ ਵੀ ਸੋਚ ਲੈਣਾ ਚਾਹੀਦਾ। ਇਹ ਕੋਈ ਵੱਡਾ ਕਾਨੂੰਨ ਨਹੀਂ। ਜੇ ਇਹ ਕਾਨੂੰਨ ਕੋਈ ਸਖਤ ਕਾਨੂੰਨ ਜਾਂ ਸੁਪਰੀਮ ਕਾਨੂੰਨ ਹੁੰਦਾ ਤਾਂ ਹੁਣ ਪੁਰਾਣੀ ਪੈਨਸ਼ਨ ਬਹਾਲ ਕਰਨ ਵਾਲੇ ਚਾਰ ਰਾਜ ਆਪਣੇ ਰਾਜ 'ਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਸੀ ਕਰ ਸਕਦੇ।

ਜਿਹੜੀਆਂ ਸਰਕਾਰਾਂ ਦੀ ਇੱਛਾ ਮੁਲਾਜ਼ਮਾਂ ਦੀ ਬੁਢਾਪੇ ਦੀ ਡੰਗੋਰੀ ਦੇਣ ਦੀ ਨਹੀਂ ਹੈ, ਉਹ ਕਦੇ ਕੇਂਦਰੀ ਕਾਨੂੰਨ ਦਾ ਬਹਾਨਾ ਅਤੇ ਕਦੇ ਕਾਰਪੋਰੇਟ ਘਰਾਣਿਆਂ ਕੋਲ ਗਏ ਫੰਡ ਦਾ ਬਹਾਨਾ ਲਾ ਕੇ ਸਾਡੀ ਮੰਗ ਨੂੰ ਮੰਨ ਨਹੀਂ ਰਹੇ।

*# ਸੰਪਰਕ : 98780-23768*

# ਕਿਤਾਬਾਂ ਅਤੇ ਸਫ਼ਲਤਾ ਨਾਲ-ਨਾਲ ਕਿਵੇਂ ?

ਦੀਪਕ ਸ਼ਰਮਾ

ਮਨੁੱਖੀ ਜੀਵਨ ਵਿੱਚ ਕਿਤਾਬਾਂ ਦੀ ਬਹੁਤ ਮਹੱਤਤਾ ਹੈ। ਇਹ ਕਿਤਾਬਾਂ ਹੀ ਹਨ, ਜੋ ਮਨੁੱਖੀ ਸ਼ਖਸੀਅਤ ਦੇ ਵਿਕਾਸ ਵਿੱਚ ਵਾਧਾ ਕਰਦੀਆਂ ਹਨ, ਕਿਉਂਕਿ ਜੇਕਰ ਕਿਤਾਬਾਂ ਦੀ ਮਹੱਤਤਾ ਨਾ ਸਮਝੀ ਹੁੰਦੀ ਤਾਂ ਕਬਾੜ ਦੀ ਦੁਕਾਨ 'ਤੇ ਕੰਮ ਕਰਨ ਵਾਲਾ ਅਬਰਾਹਿਮ ਲਿੰਕਨ ਕਦੇ ਵੀ ਅਮਰੀਕਾ ਦਾ ਰਾਸ਼ਟਰਪਤੀ ਨਹੀਂ ਬਣ ਸਕਦਾ ਸੀ। ਇਹ ਕਿਤਾਬਾਂ ਹੀ ਹਨ, ਜਿਨ੍ਹਾਂ ਨੇ ਮਛੇਰਿਆਂ ਦੇ ਪਰਵਾਰ ਵਿੱਚ ਜਨਮੇ ਡਾਕਟਰ ਏ.ਪੀ.ਜੇ ਅਬਦੁੱਲ ਕਲਾਮ ਨੂੰ ਭਾਰਤ ਦੇ ਮਿਸਾਈਲਮੈਨ ਦਾ ਖਿਤਾਬ ਦਿਵਾਇਆ, ਕਿਉਂਕਿ ਕਿਹਾ ਜਾਂਦਾ ਹੈ ਕਿ ਹਰ ਸਫ਼ਲਤਾ ਦਾ ਰਸਤਾ ਕਿਤਾਬਾਂ ਵਿੱਚੋਂ ਹੋ ਕੇ ਗੁਜ਼ਰਦਾ ਹੈ। ਇਹ ਕਿਤਾਬਾਂ ਵਿਅਕਤੀ ਦੇ ਦਿਮਾਗ ਨੂੰ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਕੇ ਸਮਾਜ ਦੀਆਂ ਅਲੱਗ-ਅਲੱਗ ਸਮੱਸਿਆਵਾਂ ਦੇ ਪ੍ਰਤੀ ਉਸ ਦੀ ਚੇਤਨਾ ਨੂੰ ਵੀ ਜਾਗਰੂਕ ਕਰਦੀਆਂ ਹਨ। ਇਸ ਤੋਂ ਹੀ ਵਿਅਕਤੀ ਦੇ ਵਿਅਕਤੀਤਵ ਦਾ ਨਿਰਮਾਣ ਹੁੰਦਾ ਹੈ, ਜੋ ਸ਼ਾਇਦ ਸਫਲਤਾ ਨੂੰ ਯਕੀਨੀ ਬਣਾਉਣ ਦਾ ਪਹਿਲਾ ਕਾਰਕ ਹੈ। ਸਵਾਮੀ ਵਿਵੇਕਾਨੰਦ ਨੇ ਕਿਹਾ ਸੀ ਕਿ ਪੜ੍ਹਨ ਦਾ ਸ਼ੌਕੀਨ ਵਿਅਕਤੀ ਕਦੇ ਵੀ ਮੂਰਖ ਨਹੀਂ ਰਹਿੰਦਾ, ਸ਼ਾਇਦ ਇਹ ਇਸ ਲਈ ਹੈ, ਕਿਉਂਕਿ ਪੜ੍ਹਿਆ-ਲਿਖਿਆ ਵਿਅਕਤੀ ਆਪਣੀ ਜ਼ਿੰਦਗੀ ਵਿਚ ਦੂਜਿਆਂ ਨਾਲੋਂ ਜ਼ਿਆਦਾ ਸੰਤੁਲਿਤ ਫੈਸਲੇ ਲੈ ਸਕਦਾ ਹੈ, ਭਾਵੇਂ ਉਹ ਪਰਵਾਰਕ ਮੈਂਬਰ ਹੋਣ ਦੇ ਨਾਤੇ ਹੋਵੇ ਜਾਂ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਕਿਉਂ ਨਾ ਹੋਵੇ, ਪਰ ਕੀ ਸਾਡੇ ਅਜੋਕੇ ਜੀਵਨ ਵਿੱਚ ਕਿਤਾਬਾਂ ਪੜ੍ਹਨ ਦਾ ਮਕਸਦ ਸਿਰਫ਼ ਡਿਗਰੀ ਪ੍ਰਾਪਤ ਕਰਨਾ ਹੈ? ਕਿਉਂਕਿ ਅਜੋਕਾ ਮੁਕਾਬਲੇ ਦਾ ਜੀਵਨ ਸਾਡੀ ਸਿੱਖਿਆ ਪ੍ਰਣਾਲੀ ਵਿੱਚ ਵੀ ਹੈ। ਅੱਜ 90 ਫੀਸਦੀ ਨੰਬਰ ਲੈਣ ਵਾਲੇ ਬੱਚੇ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਫੇਲ੍ਹ ਹੋਣ ਵਾਲੇ ਬੱਚੇ ਵੀ ਖੁਦਕੁਸ਼ੀਆਂ ਕਰ ਰਹੇ ਹਨ, ਪਰ ਉਨ੍ਹਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਇਸੇ ਸਿੱਖਿਆ ਪ੍ਰਣਾਲੀ ਤੋਂ ਹਾਸਲ ਕੀਤੇ ਗਿਆਨ ਦੀ ਵਰਤੋਂ ਕਿਸੇ ਹੋਰ ਬੱਚੇ ਦਾ ਭਵਿੱਖ ਬਣਾਉਣ ਲਈ ਵੀ ਕਰ ਸਕਦੇ ਹਨ ਜਾਂ ਉੱਦਮੀ ਬਣ ਕੇ ਦੇਸ਼ ਨੂੰ ਸਫ਼ਲਤਾ ਦੀਆਂ ਬੁਲੰਦੀਆਂ 'ਤੇ ਲਿਜਾ ਸਕਦੇ ਹਨ।

ਇਸ ਲਈ ਕਿਤਾਬਾਂ ਦਾ ਮਕਸਦ ਸਿਰਫ਼ ਡਿਗਰੀ ਪ੍ਰਾਪਤ ਕਰਨ ਜਾਂ ਚੰਗੇ ਅੰਕ ਹਾਸਲ ਕਰਨ ਤੱਕ ਹੀ ਸੀਮਤ ਨਹੀਂ ਹੈ, ਕਿਉਂਕਿ ਜੇਕਰ ਅਜਿਹਾ ਹੁੰਦਾ ਤਾਂ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਰਹੇ ਬਿਲ ਗੇਟਸ ਨੇ 1975 ਵਿੱਚ ਆਪਣੀ ਹਾਰਵਰਡ ਯੂਨੀਵਰਸਿਟੀ ਦੀ ਪੜ੍ਹਾਈ ਕਦੇ ਨਾ ਛੱਡੀ ਹੁੰਦੀ। ਉਨ੍ਹਾਂ ਬਾਰੇ ਕਿਹਾ ਜਾਂਦਾ ਹੈ



ਕਿ ਉਹ ਸਾਲ ਵਿੱਚ ਔਸਤਨ ਲੱਗਭੱਗ 50 ਕਿਤਾਬਾਂ ਪੜ੍ਹਦੇ ਹਨ। ਇੱਕ ਵਿਅਕਤੀ ਦੀ ਸਫਲਤਾ ਦੇ ਨਾਲ ਕਿਤਾਬਾਂ ਉਸ ਦੇ ਸਮਾਜ ਲਈ ਵੀ ਜੀਵਨ ਰੇਖਾ ਪ੍ਰਦਾਨ ਕਰਦੀਆਂ ਹਨ, ਜਿਵੇਂ ਮਹਾਰਾਸ਼ਟਰ ਦੀ ਮਾਲੀ ਜਾਤੀ ਵਿੱਚ ਪੈਦਾ ਹੋਏ ਜੋਤੀਰਾਓ ਫੂਲੇ ਦੀ ਪਤਨੀ ਸਾਵਿੱਤਰੀ ਬਾਈ ਫੂਲੇ ਨੇ ਪੁਣੇ ਵਿੱਚ ਬਾਲਿਕਾ ਸਕੂਲ ਦੀ ਸਥਾਪਨਾ ਕੀਤੀ ਸੀ, ਜੋ ਉਸ ਨੂੰ ਸਮਾਜਿਕ ਤੌਰ 'ਤੇ ਇੱਕ ਸਫਲ ਵਿਅਕਤੀ ਬਣਾਉਂਦੀ ਹੈ। ਰਾਸ਼ਟਰੀ ਪੱਧਰ 'ਤੇ ਵੀ ਡਾ: ਭੀਮ ਰਾਓ ਅੰਬੇਡਕਰ ਦਾ ਯੋਗਦਾਨ ਸ਼ਲਾਘਾਯੋਗ ਰਿਹਾ, ਕਿਉਂਕਿ 32 ਡਿਗਰੀਆਂ ਅਤੇ 9 ਭਾਸ਼ਾਵਾਂ ਦਾ ਗਿਆਨ ਹਾਸਲ ਕਰਨ ਵਾਲੇ ਅੰਬੇਡਕਰ ਦਾ ਗਿਆਨ ਭਾਰਤੀ ਸੰਵਿਧਾਨ ਨੂੰ ਸਭ ਤੋਂ ਲੰਬਾ ਲਿਖਤੀ ਸੰਵਿਧਾਨ ਬਣਾਉਣ ਵਿੱਚ ਭਾਰਤ ਲਈ ਸਹਾਈ ਸੀ, ਕਿਉਂਕਿ ਭਾਰਤੀ ਸੰਵਿਧਾਨ ਨੂੰ ਬਣਾਉਣ ਤੋਂ ਪਹਿਲਾਂ ਉਨ੍ਹਾਂ ਵਲੋਂ 60 ਦੇਸ਼ਾਂ ਦੇ ਸੰਵਿਧਾਨਾਂ ਦਾ ਨਿਰੀਖ਼ਣ ਕੀਤਾ ਗਿਆ ਸੀ, ਜੋ ਭਾਰਤ ਦੇਸ਼ ਨੂੰ ਵਿਸ਼ਵ ਪੱਧਰ 'ਤੇ ਸਫ਼ਲ ਸੰਵਿਧਾਨਕ ਰਾਸ਼ਟਰ ਬਣਾਉਣ ਵਿੱਚ ਸਹਾਈ ਰਿਹਾ।

ਇਸ ਲਈ ਮਹਾਤਮਾ ਗਾਂਧੀ ਦੇ ਉਸ ਕਥਨ ਨੂੰ ਯਾਦ ਕਰਨ ਦੀ ਲੋੜ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਉਹ ਸਿੱਖਿਆ ਹੀ ਕੀ ਹੈ, ਜਿਸ ਤੋਂ ਵਿਅਕਤੀ ਦੇ ਚਰਿੱਤਰ ਦਾ ਨਿਰਮਾਣ ਹੀ ਨਹੀਂ ਹੁੰਦਾ ਅਤੇ ਉਹ ਚਰਿੱਤਰ ਹੀ ਕੀ ਹੈ, ਜਿਸ ਵਿੱਚ ਵਿਅਕਤੀਗਤ ਸ਼ੁੱਧਤਾ ਨਹੀਂ ਹੈ। ਇਸ ਲਈ ਸਿੱਖਿਆ ਨੂੰ ਸ਼ਖਸੀਅਤ ਨਿਰਮਾਣ ਨਾਲ ਜੋੜ ਕੇ ਸਰਵਪੱਖੀ ਵਿਕਾਸ ਕਰਨਾ ਸਮੇਂ ਦੀ ਮੁੱਖ ਲੋੜ ਹੈ।

*# ਸੰਪਰਕ : 82958-95953*

# 80ਵਿਆਂ ਦੇ ਬੁਰੇ ਦਿਨਾਂ 'ਚ ਭਲਾ ਆਦਮੀ

ਕਮਲ ਬਠਿੰਡਾ

ਹੁਣ ਫੇਰ ਜਦੋਂ ਪੰਜਾਬ ਦੇ ਮਾਹੌਲ ਨੂੰ 80ਵਿਆਂ ਦੇ ਕਾਲੇ ਦੌਰ ਵੱਲ ਧੱਕਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਤਾਂ ਉਨ੍ਹਾਂ ਵੇਲਿਆਂ ਦੀ ਇੱਕ ਘਟਨਾ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗ ਜਾਂਦੀ ਹੈ, ਹੋਇਆ ਇਸ ਤਰ੍ਹਾਂ ਕਿ ਮੈਂ ਦਸਵੀਂ ਕਰਨ ਤੋਂ ਬਾਅਦ ਮੋਗਾ ਵਿਖੇ ਕਾਲਜ ਵਿੱਚ ਦਾਖਲਾ ਲਿਆ, ਦੋ-ਤਿੰਨ ਛੁੱਟੀਆਂ ਇਕੱਠੀਆਂ ਹੋਣ ਕਰਕੇ ਮੈਂ ਪਿੰਡ ਜਾਣ ਦਾ ਪ੍ਰੋਗਰਾਮ ਬਣਾ ਲਿਆ। ਕਾਲਜ ਵਿੱਚੋਂ ਛੁੱਟੀ ਹੋਣ ਉਪਰੰਤ ਮੈਂ ਸਿੱਧੀ ਬੱਸ ਸਟੈਂਡ ਚਲੀ ਗਈ ਅਤੇ ਪਿੰਡ ਦੇ ਨੇੜੇ ਦੇ ਸ਼ਹਿਰ ਜਾਣ ਵਾਲੀ ਬੱਸ ਫੜ ਲਈ, ਉਸ ਵਿੱਚ ਪਿੰਡ ਦੀਆਂ ਕਈ ਮਰਦ ਸਵਾਰੀਆਂ ਸਨ, ਮੈਨੂੰ ਹੌਸਲਾ ਜਿਹਾ ਹੋ ਗਿਆ, ਕਿਉਂਕਿ ਮੇਰਾ ਬੱਸ ਵਿੱਚ ਇਕੱਲਿਆਂ ਪਿੰਡ ਜਾਣ ਦਾ ਪਹਿਲਾ ਹੀ ਸਫਰ ਸੀ। ਜਦੋਂ ਮੈਂ ਪਿੰਡ ਦੇ ਨੇੜਲੇ ਸ਼ਹਿਰ ਜਾ ਕੇ ਉੱਤਰੀ ਤਾਂ ਸ਼ੁਕਰ ਕੀਤਾ ਕਿ ਪਿੰਡ ਜਾਣ ਵਾਲੀ ਬੱਸ ਦਾ ਸਮਾਂ ਅਜੇ ਹੋਇਆ ਨਹੀਂ ਸੀ। ਮੈਂ ਬੱਸ ਨੂੰ ਉਡੀਕਣ ਲੱਗ ਪਈ, ਪਰ ਕਾਫੀ ਸਮਾਂ ਲੰਘ ਜਾਣ ਤੋਂ ਬਾਅਦ ਵੀ ਬੱਸ ਨਾ ਆਈ ਅਤੇ ਪਿੰਡ ਵਾਲੀਆਂ ਸਵਾਰੀਆਂ ਵੀ ਮੈਨੂੰ ਦਿਸਣੋਂ ਹਟਗੀਆਂ, ਕਿਉਂਕਿ ਹੋ ਸਕਦਾ ਹੈ ਕਿ ਉਹ ਰੋਜ਼ ਹੀ ਆਉਣ-ਜਾਣ ਕਰਦੇ ਹੋਣ ਅਤੇ ਉਨ੍ਹਾਂ ਨੇ ਆਪਣੇ ਪੱਧਰ 'ਤੇ ਪਿੰਡ ਜਾਣ ਦੇ ਪ੍ਰਬੰਧ ਕੀਤੇ ਹੋਏ ਹੋਣ।

ਉਡੀਕਦਿਆਂ-ਉਡੀਕਦਿਆਂ ਕਾਫੀ ਹਨੇਰਾ ਹੀ ਹੋ ਗਿਆ, ਪਤਾ ਨਹੀਂ ਕਿਧਰੋਂ ਆ ਕੇ ਅਚਾਨਕ ਹੀ ਮੈਨੂੰ ਸਾਡੇ ਪਿੰਡ ਦੇ ਮੁੰਡੇ ਨੇ ਕਿਹਾ ,"ਗੁੱਡੀ ਪਿੰਡ ਜਾਣੈਂ।" ਮੈਂ ਕਿਹਾ, "ਹਾਂ ਜੀ ਬਾਈ, ਮੈਂ ਤਾਂ ਪਿੰਡ ਵਾਲੀ ਬੱਸ ਉਡੀਕਦੀ ਸੀ, ਉਹ ਅਜੇ ਆਈ ਹੀ ਨਹੀਂ, ਸਮਾਂ ਤਾਂ ਬਹੁਤ ਹੋ ਗਿਆ।" ਉਹ ਕਹਿੰਦਾ, "ਗੁੱਡੀ ਉਹ ਤਾਂ ਅੱਜ-ਕੱਲ੍ਹ ਆਉਂਦੀ ਹੀ ਨਹੀਂ, ਰੌਲੇ-ਗੌਲੇ ਜਿਹੇ ਕਰਕੇ ਬੰਦ ਹੋਗੀ" ਮੇਰੀ ਤਾਂ ਖਾਨਿਓਂ ਗਈ, ਬਈ ਹੁਣ ਕੀ ਬਣੂੰ ? ਉਦੋਂ ਕਿਹੜਾ ਫੋਨ ਹੁੰਦੇ ਸੀ ਬਈ ਕਿਸੇ ਨੂੰ ਬੁਲਾ ਲਵਾਂ, ਨਾ ਕੋਈ ਜਾਣ-ਪਛਾਣ, ਅਜੇ ਦਸਵੀਂ ਪਾਸ ਕਰਕੇ ਤਾਂ ਘਰੋਂ ਬਾਹਰ ਆਉਣ ਦਾ ਮੌਕਾ ਮਿਲਿਆ ਸੀ, ਪਰ ਮੈਂ ਘਬਰਾਹਟ ਦਾ ਕੋਈ ਚਿੰਨ੍ਹ ਨਾ ਮੂੰਹ 'ਤੇ, ਨਾ ਹੀ ਬੋਲਾਂ ਵਿੱਚ ਆਉਣ ਦਿੱਤਾ ਤੇ ਫਿਰ ਕਿਹਾ, "ਬਾਈ ਜੀ ਹੁਣ ਕੀ ਜਾਊਗਾ ਪਿੰਡ ? ਉਹਨਾਂ ਕਿਹਾ ਟੈਂਪੂ ਵਾਲੇ ਨੂੰ ਪੁੱਛਦੇ ਆਂ, ਜੇ ਸਵਾਰੀਆਂ ਬਣ ਜਾਣ ਤਾਂ, ਚਲੇ ਜਾਂਦੇ ਹੁੰਦੇ ਐ।' ਅਸੀਂ ਟੈਂਪੂ ਵੱਲ ਤੁਰ ਪਏ, ਸਾਡੇ ਪਿੰਡ ਦੀਆਂ ਤਾਂ ਅਸੀਂ ਦੋ ਸਵਾਰੀਆਂ ਸੀ, ਪਰ ਪਿੰਡ ਤੋਂ 4-5 ਕਿਲੋਮੀਟਰ ਉਰਲੇ ਪਿੰਡ ਦੀਆਂ ਕਈ ਸਵਾਰੀਆਂ ਹੋਣ ਕਰਕੇ ਟੈਂਪੂ ਵਾਲਾ ਉਥੋਂ ਤੱਕ ਜਾਣ ਲਈ ਤਿਆਰ ਹੋ ਗਿਆ। ਬਾਈ ਨੇ ਕਿਹਾ, "ਗੁੱਡੀ ਆਪਾਂ ਉੱਥੇ ਤੱਕ ਚੱਲਦੇ ਆਂ, ਉਥੋਂ ਮੈਂ ਸਾਈਕਲ ਪੁੱਛ ਲਊਂਗਾ।" ਉਦੋਂ ਤਾਂ ਸਾਈਕਲ ਹੀ ਮਸਾਂ ਹੁੰਦੇ ਸੀ, ਸਕੂਟਰ ਤਾਂ ਕਿਸੇ-ਕਿਸੇ ਕੋਲ ਹੁੰਦਾ ਸੀ, ਉਹ ਵੀ ਹਰ ਕਿਸੇ ਨੂੰ ਚਲਾਉਣਾ ਨਹੀਂ ਆਉਂਦਾ ਸੀ। ਅਸੀਂ ਟੈਂਪੂ ਵਿੱਚ ਬੈਠ ਗਏ। ਉਸ ਪਿੰਡ ਉੱਤਰ ਕੇ ਅਸੀਂ ਇਕ ਘਰੇ ਗਏ, ਜਿਥੇ ਸ਼ਾਇਦ ਉਸ ਨੇ ਉਨ੍ਹਾਂ ਦੇ ਘਰ ਮਿਸਤਰੀ ਦਾ ਕੰਮ ਕੀਤਾ ਹੋਣੈ, ਉਹਨਾਂ ਦੀਆਂ ਗੱਲਾਂਬਾਤਾਂ ਤੋਂ ਮੈਨੂੰ ਇਹੋ ਅੰਦਾਜ਼ਾ ਹੋਇਆ। ਬਾਈ ਨੇ ਉਨ੍ਹਾਂ ਦੇ ਘਰ ਜਾ ਕੇ ਦੁਆ-ਸਲਾਮ ਤੋਂ ਬਾਅਦ ਕਿਹਾ, "ਮੈਨੂੰ ਥੋੜਾ ਸਾਇਕਲ ਦਿਓ, ਪਿੰਡ ਤੱਕ ਹੁਣ ਕੁੱਝ ਵੀ ਜਾਂਦਾ ਨਹੀਂ, ਮੇਰੀ ਭੈਣ ਵੀ ਮੇਰੇ ਨਾਲ ਹੈ।"

ਉਹਨਾਂ ਨੇ ਸਾਈਕਲ ਤਾਂ ਦੇ ਦਿੱਤਾ, ਪਰ ਉਸ ਦੇ ਤਾਂ ਕੈਰੀਅਰ ਹੀ ਨਹੀਂ ਸੀ। ਮੇਰੀ ਜਾਨ ਤਾਂ ਫਿਰ ਕੁੜਿੱਕੀ 'ਚ ਆ ਗਈ, ਪਰ ਮੇਰੇ ਕੋਲ ਕੋਈ ਚਾਰਾ ਨਾ ਹੋਣ ਕਰਕੇ ਮੈਂ ਬਗੈਰ ਕਿਸੇ ਹਿਚਕਚਾਹਟ ਦੇ ਸਾਈਕਲ ਦੇ ਡੰਡੇ 'ਤੇ ਬੈਠ ਗਈ। ਮਨ ਵਿੱਚ ਇੱਕ ਸੁਆਲ ਆਵੇ ਤੇ ਇੱਕ ਜਾਵੇ, ਪਰ ਮੈਂ ਬਗੈਰ ਕਿਸੇ ਹਿਲਜੁਲ ਦੇ ਚੁੱਪਚਾਪ ਬੈਠੀ ਰਹੀ। ਬਾਈ ਵੀ ਚੁੱਪਚਾਪ ਸਾਈਕਲ ਚਲਾਉਂਦਾ ਰਿਹਾ। ਸੁੰਨੇ ਰਾਹ, ਘੁੱਪ ਹਨੇਰਾ। ਉਦੋਂ ਤਾਂ ਸੂਰਜ ਦੇ ਹੁੰਦਿਆਂ ਵੀ ਹਨੇਰਾ ਤੇ ਸੰਨਾਟਾ ਛਾਇਆ ਰਹਿੰਦਾ ਸੀ, ਹਨੇਰੇ ਵੇਲੇ ਤਾਂ ਹਨੇਰਾ ਹੋਣਾ ਹੀ ਹੋਇਆ। ਮੇਰੀ ਲੱਤ ਵੀ ਸੌਂ ਗਈ, ਪਰ ਮੈਂ ਅਹਿੱਲ ਬੈਠੀ ਰਹੀ। ਬੱਸ ਇਸੇ ਤਰ੍ਹਾਂ ਮਨ ਦੇ ਉਤਰਾਵਾਂ-ਚੜ੍ਹਾਵਾਂ ਵਿੱਚ ਆਖਿਰ ਪਿੰਡ ਆ ਗਿਆ। ਪਿੰਡ ਵੜਦਿਆਂ ਸਾਰ ਮੈਂ ਛੱਪੜ ਕੋਲ ਹੀ ਕਿਹਾ," ਬਾਈ ਮੈਨੂੰ ਇਥੇ ਹੀ ਉਤਾਰ ਦਿਓ।" ਮੈਂ ਬੜੇ ਚਾਅ ਨਾਲ ਕੇਲੇ ਖਰੀਦੇ ਸਨ, ਜਿਹੜੇ ਸਾਈਕਲ ਦੀ ਟੋਕਰੀ ਵਿੱਚ ਰੱਖੇ ਸਨ, ਪਰ ਹਚਕੋਲਿਆਂ ਨਾਲ ਲਿਫਾਫੇ 'ਚੋਂ ਬਾਹਰ ਖਿੱਲਰ ਗਏ ਸਨ, ਮੈਂ ਬੱਸ ਸਾਈਕਲ ਦੀ ਟੋਕਰੀ 'ਚ ਮਾੜਾ ਜਿਹਾ ਹੱਥ ਮਾਰ ਕੇ ਜਿਹੜੇ ਵੀ ਹੱਥ ਆਏ। ਲੈ ਕੇ ਤੁਰਦੀ ਬਣੀ। ਪਤਾ ਨਹੀਂ ਸਾਰੇ ਆ ਗਏ ਪਤਾ ਨਹੀਂ ਟੋਕਰੀ ਦੇ ਵਿੱਚੇ ਰਹਿ ਗਏ, ਸੁੰਨੀ ਹੋਈ ਲੱਤ ਨਾਲ ਕਾਹਲੇ ਕਦਮੀਂ ਘਰੇ ਪਹੁੰਚਣ ਅਤੇ ਸਹਿਜ ਹੋਣ ਦੀ ਕੋਸ਼ਿਸ਼ ਕਰ ਰਹੀ ਸੀ ਕਿਉਂਕਿ ਪਤਾ ਸੀ ਜੇ ਘਰੇ ਜਾ ਕੇ ਦੱਸਿਆ ਤਾਂ ਝਿੜਕਾਂ ਪੈਣਗੀਆਂ, ਤੂੰ ਕੁਵੇਲੇ ਕਿਉਂ ਤੁਰੀ, ਸਵੇਰੇ ਆ ਜਾਂਦੀ ਵਗੈਰਾ ਵਗੈਰਾ। ਘਰ ਦੇ ਕੋਲ ਪਹੁੰਚੀ ਤਾਂ ਸਾਡੇ ਦਰਵਾਜ਼ੇ 'ਤੇ ਨਿੰਮ ਬੰਨ੍ਹਿਆ ਦਿਸਿਆ, ਸਾਡੇ ਘਰ ਭਾਣਜਾ ਆਇਆ ਸੀ। ਘਰੇ ਵੜੀ ਤਾਂ ਓਹੀ ਗੱਲ, ਨਾ ਸੁੱਖ, ਨਾ ਸਾਂਦ, ਸਾਰੇ ਇਕੋ ਸਾਹ ਕਹਿਣ,"ਕਾਹਦੇ 'ਤੇ ਆਈ ਹੈਂ, ਕਾਹਦੇ 'ਤੇ ਆਈ ਹੈਂ?"

ਮੈਂ ਜੁਆਕ ਦੇ ਪੱਜ ਅਣਗੌਲਿਆਂ ਕਰਨ ਦਾ ਡਰਾਮਾ ਜਿਹਾ ਕਰਦਿਆਂ ਕਿਹਾ, " ਟੈਂਪੂ 'ਤੇ, ਵਾਧੂ ਸਵਾਰੀਆਂ ਸੀ ਪਿੰਡ ਦੀਆਂ," ਖਹਿੜਾ ਛੁਡਾਉਣ ਲਈ ਮੈਂ ਜੁਆਕ ਨਾਲ ਉੱਚੀ-ਉੱਚੀ ਗੱਲਾਂ ਕਰਨ ਲੱਗ ਪਈ, ਪਰ ਮਾਨਸਿਕ ਤਨਾਅ ਕਰਕੇ ਮੈਂ ਬੱਚੇ ਦਾ ਨਾਂਅ ਭੁੱਲ ਗਈ, ਜਿਹੜਾ ਮੈਂ ਪਹਿਲਾਂ ਹੀ ਕਹਿੰਦੀ ਰਹਿੰਦੀ ਸੀ ਕਿ ਇਹ ਨਾਂਅ ਰੱਖਾਂਗੇ, ਚਾਹੇ ਹੋਵੇ ਲੜਕੀ ਤੇ ਚਾਹੇ ਹੋਵੇ ਲੜਕਾ। ਸਾਰੇ ਵਾਰ-ਵਾਰ ਕਹੀ ਜਾਣ, ਨਾਮ ਦੱਸ, ਜਿਹੜਾ ਪਹਿਲਾਂ ਕਹਿੰਦੀ ਹੁੰਨੀ ਐਂ, ਅਸੀਂ ਓਦਣ ਦੇ ਯਾਦ ਕਰੀ ਜਾਨੇ ਆਂ, ਪਰ ਮੈਂ ਜੁਆਕ ਨਾਲ ਖੇਡਣ ਦਾ ਬਹਾਨਾ ਬਣਾ ਕੇ ਕੋਈ ਲੜ ਨਾ ਫੜਾਇਆ ਤੇ ਤਰ੍ਹਾਂ-ਤਰ੍ਹਾਂ ਦੇ ਨਾਂਅ ਰੱਖਣ ਲੱਗ ਪਈ ਅਤੇ ਸਹਿਜ ਹੋਣ ਦੀ ਕੋਸ਼ਿਸ਼ ਕਰਦੀ ਰਹੀ।

ਪਰ ਅੱਜ ਵੀ, ਜਦੋਂ ਮੈਨੂੰ ਉਹ ਘਟਨਾ ਯਾਦ ਆਉਂਦੀ ਐ ਤਾਂ ਲੂੰ ਕੰਡਾ ਖੜ੍ਹਾ ਹੋ ਜਾਂਦਾ ਹੈ, ਪਰ ਮੈਂ ਉਸ ਭਲੇ ਆਦਮੀ ਦੀ ਬਹੁਤ ਸ਼ੁਕਰ ਗੁਜ਼ਾਰ ਹੁੰਦੀ ਆਂ, ਜਿਸ ਨੇ ਭੈਣ ਕਿਹਾ ਤੇ ਭਰਾ ਦਾ ਪੂਰਾ ਫਰਜ਼ ਨਿਭਾਇਆ, ਪੂਰੀ ਹਿਫਾਜ਼ਤ ਨਾਲ ਘਰ ਪਹੁੰਚਾਇਆ, (ਇਹ ਵੀ ਨਹੀਂ ਸੀ ਕਿ ਉਦੋਂ ਬਹੁਤ ਭਲਾ ਜ਼ਮਾਨਾ ਸੀ, ਉਦੋਂ ਵੀ ਬਥੇਰੇ ਮਸ਼ਟੰਡੇ ਹੁੰਦੇ ਸੀ, ਸਕੂਲ ਸਮੇਂ ਵੀ ਬਥੇਰੇ ਹੁੰਦੇ ਸੀ, ਜਿਹਨਾਂ ਦਾ ਮੁਕਾਬਲਾ ਬੜੀ ਜੁਰਅੱਤ ਨਾਲ ਕਰੀਦਾ ਸੀ) ਜਦੋਂ ਕਿ ਐਨੀ ਫਿਰਕੂ ਹਨੇਰੀ ਚੱਲੀ ਹੋਈ ਅਤੇ ਅਸੀਂ ਦੋਨੋਂ ਵੀ ਵੱਖ-ਵੱਖ ਫਿਰਕਿਆਂ ਨਾਲ ਸੰਬੰਧਤ ਸੀ। ਮੈਂ ਤਾਂ ਇਹੋ ਨਤੀਜਾ ਕੱਢਿਆ ਬਈ ਸਾਡੇ ਹੁਕਮਰਾਨ ਤੇ ਫਿਰਕੂ ਤਾਕਤਾਂ ਲੋਕਾਂ ਵਿੱਚ ਵੰਡੀਆਂ ਪਾਉਣ ਲਈ ਜਿੰਨਾ ਮਰਜ਼ੀ ਜ਼ੋਰ ਲਗਾ ਲੈਣ, ਪਰ ਲੋਕ ਹਮੇਸ਼ਾ ਹੀ ਇੱਕ-ਦੂਜੇ ਦਾ ਸਹਾਰਾ ਬਣਦੇ ਰਹੇ ਹਨ ਅਤੇ ਬਣਦੇ ਰਹਿਣਗੇ।

ਕਾਸ਼ ! 80ਵਿਆਂ ਵਾਲਾ ਕਾਲਾ ਦੌਰ ਮੁੜ ਕਦੇ ਨਾ ਆਵੇ, ਨਾ ਬੱਸਾਂ ਬੰਦ ਹੋਣ, ਨਾ ਹੀ ਸੜਕਾਂ ਸੁੰਨੀਆਂ ਹੋਣ, ਨਾ ਮੇਰੇ ਵਾਂਗੂੰ ਕਿਸੇ 'ਕੱਲੇ 'ਕੇਰੇ ਨੂੰ ਮਾਨਸਿਕ ਤਨਾਅ 'ਚੋਂ ਗੁਜ਼ਰਨਾ ਪਵੇ ਤੇ ਨਾ ਹੀ ਝੂਠ ਬੋਲਣ ਲਈ ਮਜਬੂਰ ਹੋਣਾ ਪਵੇ, ਲੋਕ ਆਰਾਮ ਨਾਲ ਬੇਖੌਫ ਆਪਣੇ ਕੰਮੀਂ-ਧੰਦੀਂ ਆਉਣ-ਜਾਣ, ਮੰਜ਼ਲਾਂ ਹਾਸਲ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਕਦੇ ਵੀ ਆਂਚ ਨਾ ਆਉਣ ਦੇਣ।

*# ਸੰਪਰਕ : 94630-23100*

# ਪਾਠਕ-ਸੱਥ

## ਪ੍ਰੀ-ਨਿਰਵਾਣ ਦਿਵਸ ਅਤੇ ਫਰਜ਼

ਡਾਕਟਰ ਅੰਬੇਡਕਰ ਸਾਹਿਬ ਜੀ ਬਹੁਤ ਹੀ ਵਿਦਵਾਨ ਸਨ। ਉਹਨਾਂ ਦੀ ਲਾਇਬ੍ਰੇਰੀ ਵਿੱਚ ਬਹੁਤ ਕਿਤਾਬਾਂ ਸਨ। ਸੰਵਿਧਾਨ ਦਾ ਨਿਰਮਾਣ ਕਰਦੇ ਸਮੇਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸਮੱਸਿਆਵਾਂ ਦਾ ਹੱਲ ਦੱਸਿਆ। ਅਸੀਂ ਸਿਰਫ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋਏ ਹਾਂ। ਸੰਵਿਧਾਨ ਵਿਚ ਦਰਸਾਏ ਫਰਜ਼ਾਂ ਨੂੰ ਅਣਡਿੱਠ ਕੀਤਾ ਹੋਇਆ ਹੈ। ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੇਸ਼ ਪ੍ਰਤੀ ਬਣਦੇ ਫਰਜ਼ਾਂ ਨੂੰ ਪਹਿਚਾਨਣ ਅਤੇ ਸਨਮਾਨ ਕਰਨ। ਪੁਸਤਕਾਂ ਨਾਲ ਪਿਆਰ ਕਰੀਏ। ਆਪਣੇ ਘਰਾਂ ਵਿੱਚ ਲਾਇਬ੍ਰੇਰੀਆਂ ਸਥਾਪਤ ਕਰੀਏ। ਸੰਘਰਸ਼ਾਂ ਨੂੰ ਕਰਦੇ ਸਮੇਂ ਨਸ਼ਿਆਂ ਤੋਂ ਦੂਰ ਰਹੀਏ। ਸੰਘਰਸ਼ ਦੇ ਉਦੇਸ਼ ਸਾਫ ਅਤੇ ਸਪੱਸ਼ਟ ਹੋਣ।

ਡਾਕਟਰ ਅੰਬੇਡਕਰ ਦੀ ਸਿੱਖਿਆ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਨੂੰ ਅਮਲੀ ਰੂਪ ਦਿੱਤਾ ਜਾਵੇ। ਸੰਘਰਸ਼ਾਂ ਵਿੱਚ ਕੋਈ ਵੀ ਵਿਤਕਰੇਬਾਜ਼ੀ ਨਾ ਕੀਤੀ ਜਾਵੇ। ਸੰਘਰਸ਼ ਕਰਦੇ ਸਮੇਂ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਬਣਾਈ ਰੱਖਣੀ ਅਤਿ ਜ਼ਰੂਰੀ ਹੈ। ਪ੍ਰੀ-ਨਿਰਵਾਣ ਦਿਵਸ ਉਸਾਰੂ ਅਤੇ ਰਚਨਾਤਮਕ ਸੋਚ ਨਾਲ ਮਨਾਇਆ ਜਾ ਸਕਦਾ ਹੈ।

**-ਸੰਤ ਸਿੰਘ ਬੀਲ੍ਹਾ**, 82888-03674

## ਆਖਿਰ ਕਿਉਂ ਖੁਦਕੁਸ਼ੀ?

ਦਿਨ ਪ੍ਰਤੀ ਦਿਨ ਅਸੀਂ ਆਪਣੇ ਆਲੇ-ਦੁਆਲੇ, ਅਖ਼ਬਾਰਾਂ 'ਚ ਖੁਦਕੁਸ਼ੀ ਕਰਨ ਦੀਆਂ ਖ਼ਬਰਾਂ ਆਮ ਸੁਣਦੇ ਹਾਂ। ਕਿਹੋ ਜਿਹਾ ਸਮਾਂ ਆ ਚੁੱਕਿਆ ਹੈ ਕਿ ਲੋਕਾਂ ਵਿੱਚ ਸਹਿਣਸ਼ੀਲਤਾ ਨਹੀਂ ਰਹੀ ਹੈ। ਕੋਈ ਆਪਣੇ ਘਰੇਲੂ ਝਗੜੇ ਕਾਰਨ ਤੇ ਕੋਈ ਆਪਣੇ ਦਫਤਰਾਂ ਵਿੱਚ ਸੀਨੀਅਰਾਂ ਕਰਕੇ ਖੁਦਕੁਸ਼ੀ ਨੂੰ ਤਰਜੀਹ ਦੇ ਰਿਹਾ ਹੈ। ਖੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਅਕਸਰ ਪਰਵਾਰਾਂ ਵਿਚ ਤਕਰਾਰ ਹੋ ਜਾਂਦਾ ਹੈ। ਅਕਸਰ ਅਸੀਂ ਦੇਖਦੇ ਹਾਂ ਕਿ ਘਰ ਵਿੱਚ ਇੱਕ ਮੈਂਬਰ ਦਾ ਸੁਭਾਅ ਬੜਾ ਕੱਬਾ ਹੁੰਦਾ ਹੈ, ਜੇ ਉਸ ਇਨਸਾਨ ਦਾ ਸੁਭਾਅ ਗਰਮ ਹੈ, ਤਾਂ ਬਾਕੀ ਮੈਂਬਰਾਂ ਨੂੰ ਸ਼ਾਂਤ ਰਹਿਣਾ ਚਾਹੀਦਾ ਹੈ। ਕਿਉਂ ਇੰਨੀ ਸੋਹਣੀ ਜ਼ਿੰਦਗੀ ਨੂੰ ਫਿਰ ਅਸੀਂ ਹੱਸ ਖੇਡ ਕੇ ਨਹੀਂ ਗੁਜਾਰਦੇ? ਕਿਉਂ ਅਸੀਂ ਅਜਿਹੇ ਗਲਤ ਕਦਮ ਚੁੱਕਦੇ ਹਾਂ। ਜ਼ਿੰਦਗੀ ਬਹੁਤ ਖ਼ੂਬਸੂਰਤ ਹੈ।

ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣੋ। ਕਦੇ ਵੀ ਮਾੜੇ ਖਿਆਲ ਆਪਣੇ ਦਿਮਾਗ ਵਿੱਚ ਲੈ ਕੇ ਨਾ ਆਵੋ। ਵਿਚਾਰੋ ਅਸੀਂ ਇਸ ਧਰਤੀ 'ਤੇ ਵਾਰ-ਵਾਰ ਥੋੜ੍ਹੀ ਹੀ ਆਉਣਾ ਹੈ। ਅੱਜ ਕੱਲ੍ਹ ਦੀ ਜ਼ਿੰਦਗੀ ਤਾਂ ਵੈਸੇ ਵੀ ਟੈਨਸ਼ਨ ਨਾਲ ਭਰੀ ਹੋਈ ਹੈ। ਛੋਟੀ-ਛੋਟੀ ਉਮਰ ਵਿੱਚ ਹੀ ਬੱਚਿਆਂ ਨੂੰ ਅਟੈਕ ਹੋ ਰਹੇ ਹਨ। ਟੈਨਸ਼ਨ ਨਾ ਲਵੋ। ਹੱਸ-ਖੇਡ ਕੇ ਸਮਾਂ ਗੁਜ਼ਾਰੋ।

**-ਸੰਜੀਵ ਸਿੰਘ ਸੈਣੀ, ਮੁਹਾਲੀ**

# ਪੰਜਾਬ ਰੋਡਵੇਜ਼, ਪਨਬੱਸ ਤੇ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਗੇਟ ਰੈਲੀ










**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**

ਸਥਾਨਕ ਬੱਸ ਸਟੈਂਡ ਵਿਖੇ ਪੰਜਾਬ ਰੋਡਵੇਜ਼, ਪਨਬੱਸ ਤੇ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਇੱਕ ਵਾਰ ਫੇਰ ਗੁੱਸੇ ਵਿੱਚ ਹੈ। ਸੰਘਰਸ਼ ਫਿਰ ਤਿੱਖਾ ਹੋ ਗਿਆ ਹੈ ਤੇ ਕਿਸੇ ਵੀ ਵੇਲੇ ਹੋ ਸਕਦਾ ਹੈ ਅਣਮਿੱਥੇ ਸਮੇਂ ਲਈ ਹੜਤਾਲ ਜਾਂ ਮੁੱਖ ਮੰਤਰੀ ਦੇ ਘੇਰਾਓ ਦਾ ਐਲਾਨ। ਅੱਜ ਯੂਨੀਅਨ ਵੱਲੋਂ ਗੇਟ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਪ੍ਰਦਰਸ਼ਨ ਕੀਤਾ ਤੇ ਤਿੱਖੀ ਨਾਅਰੇਬਾਜ਼ੀ ਕੀਤੀ।

ਪ੍ਰਦਰਸ਼ਨ ਕਰ ਰਹੇ ਕੰਟਰੈਕਟ ਵਰਕਰਜ਼ ਯੂਨੀਅਨ ਆਗੂਆਂ ਨੇ ਦੋਸ਼ ਲਗਾਉਂਦੇ ਹੋਏ ਕਿਹਾ ਅਫਸਰਸ਼ਾਹੀ ਜਾਣਬੁੱਝ ਕੇ ਮੁਲਾਜ਼ਮਾਂ ਨੂੰ ਹੜਤਾਲ ਕਰਨ ਲਈ ਮਜਬੂਰ ਕਰ ਰਹੀ ਹੈ ਪਹਿਲਾਂ ਬਟਾਲਾ ਡਿੱਪੂ ਕਰਮਚਾਰੀ ਦੀ ਇਨਕੁਆਰੀ ਤੇ ਫਿਰੋਜ਼ਪੁਰ ਡਿੱਪੂ ਦੇ ਮੁਲਾਜ਼ਮਾਂ ਦੀਆਂ ਬਦਲੀਆਂ ਰੱਦ ਕਰਨ ਦਾ ਸਮਾਂ ਪ੍ਰਮੁੱਖ ਸਕੱਤਰ ਹਿਮਾਂਸ਼ੂ ਜੈਨ ਨੇ 3 ਦਿਨ ਦਾ ਸਮਾਂ ਲਿਆ ਸੀ, ਪ੍ਰੰਤੂ 24-25 ਦਿਨਾਂ ਬਾਅਦ ਬਟਾਲਾ ਡਿੱਪੂ ਦੇ ਕੰਡਕਟਰ ਨੂੰ ਨਜਾਇਜ਼ ਤਰੀਕੇ ਨਾਲ ਇਨਕੁਆਰੀ ਖਿਲਾਫ ਕਰਕੇ ਡਿਊਟੀ ਤੋਂ ਫਾਰਗ ਕਰ ਦਿੱਤਾ ਗਿਆ ਹੈ।

ਇਸ ਇਨਕੁਆਰੀ ਵਿੱਚ ਬੱਸ ਵਿੱਚ ਮੌਜੂਦ ਸਵਾਰੀ ਵਿੱਚ 7 ਸਵਾਰੀਆਂ ਦੇ ਬਿਆਨ ਵੀ ਕੰਡਕਟਰ ਦੇ ਹੱਕ ਵਿੱਚ ਹਨਸ਼ ਪ੍ਰੰਤੂ ਸਾਰੇ ਤੱਥਾਂ ਨੂੰ ਨਜ਼ਰਅੰਦਾਜ਼ ਕਰਕੇ ਤਾਨਾਸ਼ਾਹੀ ਰਵੱਈਏ ਨਾਲ ਇਹ ਹੁਕਮ ਜਾਰੀ ਕੀਤੇ ਗਏ ਹਨ, ਜਿਸ ਦੇ ਵਿਰੋਧ ਵਿੱਚ ਅੱਜ ਉਹ ਗੇਟ ਰੈਲੀਆਂ ਕਰਨ ਨੂੰ ਮਜਬੂਰ ਹਨ। ਉਨ੍ਹਾਂ ਨੂੰ ਸਰਕਾਰ ਨੂੰ ਸਖਤ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਟਰਾਂਸਪੋਟ ਮੰਤਰੀ ਤੇ ਮੁੱਖ ਮੰਤਰੀ ਦਾ ਘਿਰਾਓ ਕੀਤਾ ਜਾਵੇਗਾ। ਇਨ੍ਹਾਂ ਆਗੂਆਂ ਨੇ ਗੈਰ-ਰਸਮੀ ਤੌਰ 'ਤੇ ਦੱਸਿਆ ਕਿ ਅਸਲ ਵਿੱਚ ਸਾਨੂੰ ਹੀ ਬਹਾਨਾ ਤੇ ਨਿਸ਼ਾਨਾ ਬਣਾ ਕੇ ਭਗਵੰਤ ਮਾਨ ਦੀ ਸਰਕਾਰ ਵੀ ਮੋਦੀ ਸਰਕਾਰ ਵਾਂਗ ਨਿੱਜੀਕਰਨ ਵੱਲ ਕਦਮ ਵਧ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿੱਚ ਆ ਕੇ ਵੀ ਪੂੰਜੀਪਤੀਆਂ ਦੇ ਹੱਕ ਵਿੱਚ ਭੁਗਤਣ ਵਾਲੀ ਨੀਤੀ ਅਪਣਾਈ ਹੋਈ ਹੈ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)** : ਪੰਜਾਬ ਰੋਡਵੇਜ਼/ਪਨਬੱਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਪਨਬੱਸ ਵਿੱਚ ਮੁਲਾਜ਼ਮਾਂ ਨਾਲ ਹੋ ਰਹੀ ਧੱਕੇਸ਼ਾਹੀ ਖਿਲਾਫ ਪਨਬੱਸ ਦੇ ਸਮੂਹ ਡਿੱਪੂਆਂ ਅੱਗੇ ਗੇਟ ਰੈਲੀਆਂ ਕੀਤੀਆਂ ਗਈਆਂ। ਇਸ ਦੇ ਤਹਿਤ ਸ੍ਰੀ ਮੁਕਤਸਰ ਸਾਹਿਬ ਡਿੱਪੂ ਦੇ ਗੇਟ ਸਾਹਮਣੇ ਵੀ ਵਰਕਰਾਂ ਵੱਲੋਂ ਗੇਟ ਰੈਲੀ ਕੀਤੀ ਗਈ। ਇਸ ਮੌਕੇ ਆਗੂ ਗੁਰਪ੍ਰੀਤ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਉੱਚ ਅਧਿਕਾਰੀਆਂ ਵੱਲੋਂ ਲਗਾਤਾਰ ਪਨਬੱਸ ਤੇ ਪੀਆਰਟੀਸੀ ਕੱਚੇ ਮੁਲਾਜ਼ਮਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਧੱਕੇਸ਼ਾਹੀ ਨਾਲ ਰੋਜ਼ਗਾਰ ਖੋਹਣ ਦੀ ਪ੍ਰਕਿਰਿਆ ਵੱਲ ਤੁਰੀ ਹੋਈ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਘਰ ਘਰ ਰੋਜ਼ਗਾਰ ਦੇਣ, ਟਰਾਂਸਪੋਰਟ ਮਾਫੀਆ ਖਤਮ ਕਰਨ ਸਮੇਤ ਅਨੇਕਾਂ ਵਾਅਦੇ ਕੀਤੇ ਸਨ, ਪਰ ਸੱਤਾ ਵਿੱਚ ਆਉਂਦਿਆਂ ਹੀ ਸਭ ਕੁਝ ਉਸ ਦੇ ਉਲਟ ਕਰਨ ਵੱਲ ਵਧ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕੱਚੇ ਮੁਲਾਜ਼ਮਾਂ ਨਾਲ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਇਸ ਸਬੰਧੀ ਯੂਨੀਅਨ ਵੱਲੋਂ ਫੈਸਲਾ ਕੀਤਾ ਗਿਆ ਹੈ ਇਸ ਗਲਤ ਤਰੀਕੇ ਨਾਲ ਕੀਤੀ ਇਨਕੁਆਰੀ ਨੂੰ ਖਿਲਾਫ ਸਖਤ ਕਦਮ ਚੁੱਕਦੇ ਅਗਲਾ ਸੰਘਰਸ਼ ਕਰਨ ਤੋਂ ਪਹਿਲਾਂ 12 ਦਸੰਬਰ ਨੂੰ ਚੀਫ ਸੈਕਟਰੀ ਪੰਜਾਬ ਨਾਲ ਹੋਣ ਵਾਲੀ ਮੰਗਾਂ ਸਬੰਧੀ ਮੀਟਿੰਗ ਵਿੱਚ ਇਸ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰ ਕਰਨ ਲਈ ਸਮਾਂ ਦਿੱਤਾ ਗਿਆ ਹੈ। ਇਸ ਮੌਕੇ ਸ੍ਰੀ ਮੁਕਤਸਰ ਸਾਹਿਬ ਦੇ ਡਿੱਪੂ ਪ੍ਰਧਾਨ ਜਗਸੀਰ ਸਿੰਘ ਮਾਣਕ, ਚੇਅਰਮੈਨ ਤਰਸੇਮ ਸਿੰਘ ਨੇ ਕਿਹਾ ਕਿ ਅਫਸਰਸ਼ਾਹੀ ਜਾਣਬੁੱਝ ਕੇ ਮੁਲਾਜ਼ਮਾਂ ਨੂੰ ਹੜਤਾਲ ਕਰਨ ਲਈ ਮਜਬੂਰ ਕਰ ਰਹੀ ਹੈ, ਪਹਿਲਾਂ ਬਟਾਲਾ ਡਿੱਪੂ ਦੀ ਇਨਕੁਆਰੀ ਖਿਲਾਫ ਕਰਨਾ ਫੇਰ ਹੁਣ ਆਊਟਸੋਰਸਿੰਗ ਤੇ ਬਿਨਾਂ ਕਿਸੇ ਟੈਸਟ ਦੇ ਭਰਤੀ ਕੀਤੇ ਪੈਰਾਸ਼ੂਟ ਰਾਹੀਂ 28 ਡਰਾਈਵਰਾਂ ਨੂੰ ਭੇਜਿਆ ਜਾ ਰਿਹਾ ਹੈ, ਜਿਸ ਨਾਲ ਪੰਜਾਬ ਦਾ ਮਾਹੌਲ ਖਰਾਬ ਕਰਨ ਤੇ ਮੁਲਾਜ਼ਮਾਂ ਨੂੰ ਹੜਤਾਲ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੁਰੰਤ ਅਫਸਰਸ਼ਾਹੀ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਨੂੰ ਬੰਦ ਕਰੇ ਨਹੀਂ ਤਾਂ ਮੁਲਾਜ਼ਮਾਂ ਤੇ ਯੂਨੀਅਨ ਸੰਘਰਸ਼ ਦੇ ਰਾਹ 'ਤੇ ਤੁਰਨ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ੁੰਮੇਵਾਰੀ ਟਰਾਂਸਪੋਰਟ ਦੀ ਅਫਸਰਸ਼ਾਹੀ ਦੀ ਹੋਵੇਗੀ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਰੋਡਵੇਜ਼ ਪਨਬੱਸ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਵਲੋਂ ਪਨਬੱਸ ਵਿੱਚ ਮੁਲਾਜ਼ਮਾਂ ਨਾਲ ਹੋ ਰਹੀਆਂ ਧੱਕੇਸ਼ਾਹੀ ਖ਼ਿਲਾਫ਼ ਪਨਬੱਸ ਦੇ ਸਮੂਹ ਡਿੱਪੂਆਂ ਅੱਗੇ ਗੇਟ ਰੈਲੀਆਂ ਕੀਤੀਆਂ ਗਈਆਂ। ਫਿਰੋਜ਼ਪੁਰ ਡਿੱਪੂ ਦੇ ਗੇਟ 'ਤੇ ਬੋਲਦਿਆਂ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਉੱਚ ਅਧਿਕਾਰੀਆਂ ਵੱਲੋਂ ਲਗਾਤਾਰ ਪਨਬੱਸ ਅਤੇ ਪੀ ਆਰ ਟੀ ਸੀ ਕੱਚੇ ਮੁਲਾਜ਼ਮਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਧੱਕੇਸ਼ਾਹੀ ਨਾਲ ਰੋਜ਼ਗਾਰ ਖੋਹਣ ਦੀ ਪ੍ਰਕਿਰਿਆ ਵੱਲ ਤੁਰੀ ਹੋਈ ਹੈ। ਇਸ ਦੇ ਨਾਲ ਹੀ ਆਪਣੇ ਮਹਿਕਮੇ ਨੂੰ ਬਚਾਉਣ ਤੇ ਰੋਜ਼ਗਾਰ ਨੂੰ ਪੱਕਾ ਕਰਨ ਦੀ ਲੜਾਈ ਲੜ ਰਹੇ ਕੱਚੇ ਮੁਲਾਜ਼ਮਾਂ ਨਾਲ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਮਹਿਕਮਾ ਬਚਾਉਣ ਦੇ ਸੰਘਰਸ਼ ਨੂੰ ਉਲਝਾਉਣ ਲਈ ਨਿੱਤ ਨਜਾਇਜ਼ ਰਿਪੋਰਟਾਂ ਕਰਕੇ ਨੌਕਰੀਆ ਤੋਂ ਕੱਢਿਆ ਜਾ ਰਿਹਾ ਹੈ, ਜਿਸ ਖਿਲਾਫ ਪਿਛਲੇ ਮਹੀਨੇ ਯੂਨੀਅਨ ਵੱਲੋਂ ਹੜਤਾਲ ਕਰਕੇ ਤੇ ਜਿਸ ਕਰਮਚਾਰੀ ਦੀ ਨਜਾਇਜ਼ ਰਿਪੋਰਟ ਹੋਈ ਸੀ 7 ਦਿਨ ਪਾਣੀ ਵਾਲੀ ਟੈਂਕੀ ਤੇ ਬੈਠ ਕੇ ਸੰਘਰਸ਼ ਕੀਤਾ, ਜਿਸ ਤਹਿਤ ਉਸ ਕਰਮਚਾਰੀ ਦੀ ਇਨਕੁਆਰੀ ਤੇ ਫਿਰੋਜ਼ਪੁਰ ਡਿੱਪੂ ਦੇ ਮੁਲਾਜ਼ਮਾਂ ਦੀਆਂ ਬਦਲੀਆਂ ਰੱਦ ਕਰਨ ਦਾ ਸਮਾਂ ਪ੍ਰਮੁੱਖ ਸਕੱਤਰ ਹਿਮਾਂਸ਼ੂ ਜੈਨ ਨੇ ਸੱਤ ਦਿਨ ਦਾ ਸਮਾਂ ਲਿਆ ਸੀ, ਪਰ 21 ਦਿਨਾਂ ਬਾਅਦ ਬਟਾਲਾ ਡਿੱਪੂ ਦੇ ਕੰਡਕਟਰ ਨੂੰ ਨਜਾਇਜ਼ ਤਰੀਕੇ ਨਾਲ ਇਨਕੁਆਰੀ ਖਿਲਾਫ ਕਰਕੇ ਡਿਊਟੀ ਤੋਂ ਫਾਰਗ ਕਰ ਦਿੱਤਾ ਗਿਆ ਹੈ। ਇਸ ਸਬੰਧੀ ਯੂਨੀਅਨ ਵੱਲੋਂ ਫੈਸਲਾ ਕੀਤਾ ਗਿਆ ਹੈ ਇਸ ਗਲਤ ਤਰੀਕੇ ਨਾਲ ਕੀਤੀ ਇਨਕੁਆਰੀ ਨੂੰ ਖਿਲਾਫ ਸਖਤ ਕਦਮ ਚੁੱਕਦੇ ਅਗਲਾ ਸੰਘਰਸ਼ ਕਰਨ ਤੋਂ ਪਹਿਲਾਂ 12 ਦਸੰਬਰ ਨੂੰ ਚੀਫ ਸੈਕਟਰੀ/ਮੁੱਖ ਮੰਤਰੀ ਪੰਜਾਬ ਨਾਲ ਹੋਣ ਵਾਲੀ ਮੰਗਾਂ ਸਬੰਧੀ ਮੀਟਿੰਗ ਵਿੱਚ ਇਸ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰ ਕਰਨ ਲਈ ਸਮਾਂ ਦਿੱਤਾ ਗਿਆ ਹੈ।ਫਾਜ਼ਿਲਕਾ ਡਿੱਪੂ ਪ੍ਰਧਾਨ ਮਨਪ੍ਰੀਤ ਸਿੰਘ, ਚੇਅਰਮੈਨ ਪ੍ਰਿਤਪਾਲ ਸਿੰਘ, ਫਿਰੋਜ਼ਪੁਰ ਕੈਸ਼ੀਅਰ ਰਾਜ ਕੁਮਾਰ, ਸੌਰਵ ਮੈਣੀ ਨੇ ਕਿਹਾ ਕਿ ਅਫ਼ਸਰਸ਼ਾਹੀ ਜਾਣ-ਬੁੱਝ ਕੇ ਮੁਲਾਜ਼ਮਾਂ ਨੂੰ ਹੜਤਾਲ ਕਰਨ ਲਈ ਮਜਬੂਰ ਕਰ ਰਹੀ ਹੈ। ਪਹਿਲਾਂ ਬਟਾਲਾ ਡਿੱਪੂ ਦੀ ਇਨਕੁਆਰੀ ਖਿਲਾਫ ਕਰਨਾ ਫੇਰ ਹੁਣ ਆਊਟਸੋਰਸਿੰਗ ਤੇ ਬਿਨਾਂ ਕਿਸੇ ਟੈਸਟ ਦੇ ਭਰਤੀ ਕੀਤੇ ਪੈਰਾਸ਼ੂਟ ਰਾਹੀਂ 28 ਡਰਾਈਵਰਾਂ ਨੂੰ ਭੇਜਿਆ ਜਾ ਰਿਹਾ ਹੈ, ਜਿਸ ਨਾਲ ਪੰਜਾਬ ਦਾ ਮਾਹੌਲ ਖਰਾਬ ਕਰਨ ਤੇ ਮੁਲਾਜ਼ਮਾਂ ਨੂੰ ਹੜਤਾਲ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੁਰੰਤ ਅਫ਼ਸਰਸ਼ਾਹੀ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਨੂੰ ਬੰਦ ਕਰੇ ਨਹੀਂ ਤਾਂ ਮੁਲਾਜ਼ਮ ਤੇ ਯੂਨੀਅਨ ਸੰਘਰਸ਼ ਦੇ ਰਾਹ 'ਤੇ ਤੁਰਨ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ੁੰਮੇਵਾਰੀ ਟਰਾਂਸਪੋਰਟ ਦੇ ਉੱਚ ਅਧਿਕਾਰੀਆਂ ਤੇ ਪੰਜਾਬ ਸਰਕਾਰ ਦੀ ਹੋਵੇਗੀ।

## ਕਾਤਰਾਂ

### ਦੋ ਵਿਅਕਤੀ ਭਗੌੜੇ ਕਰਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਣਯੋਗ ਅਦਾਲਤ ਫਿਰੋਜ਼ਪੁਰ ਨੇ ਦੋ ਵਿਅਕਤੀਆਂ ਨੂੰ ਭਗੋੜਾ ਕਰਾਰ ਦਿੱਤਾ ਹੈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਦੋ ਵਿਅਕਤੀਆਂ ਖਿਲਾਫ 174-ਏ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਰਮਨ ਕੁਮਾਰ ਨੇ ਦੱਸਿਆ ਕਿ ਬਾ-ਅਦਾਲਤ ਕਿਰਨਦੀਪ ਸਿੰਘ ਜੇਐੱਮਆਈਸੀ ਫਿਰੋਜ਼ਪੁਰ ਵੱਲੋਂ ਮੌਸੂਲ ਹੋਏ ਪੱਤਰ ਤਹਿਤ ਵਰਿਆਮ ਸਿੰਘ ਪੁੱਤਰ ਮਟਵਲ ਸਿੰਘ ਵਾਸੀ ਮਕਾਨ ਨੰਬਰ 768 ਗੋਬਿੰਦ ਨਗਰੀ ਨੂੰ ਪੀ ਓ ਘੋਸ਼ਿਤ ਕਰਕੇ ਮੁਕੱਦਮਾ ਦਰਜ ਕਰਨ ਦਾ ਹੁਕਮ ਹੋਇਆ ਹੈ। ਇੱਕ ਹੋਰ ਮਾਮਲੇ 'ਚ ਨਵਜੀਤਪਾਲ ਕੌਰ ਸਿਵਲ ਜੱਜ ਨੇ ਦੋਸ਼ੀ ਬਲਜਿੰਦਰ ਸਿੰਘ ਪੁੱਤਰ ਸੁਹੇਲ ਸਿੰਘ ਵਾਸੀ ਨਵਾਂ ਨਾਨਕਪੁਰਾ ਬੈਕਸਾਈਡ ਦੇਵ ਸਮਾਜ ਕਾਲਜ ਨੂੰ ਪੀਓ ਘੋਸ਼ਿਤ ਕੀਤਾ, ਜਿਸ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

### ਡਾ. ਓਮ ਪ੍ਰਕਾਸ ਸੇਤੀਆ ਨੇ ਪ੍ਰਿੰਸੀਪਲ ਵਜੋਂ ਕਾਰਜਭਾਰ ਸੰਭਾਲਿਆ



**ਲੌਂਗੋਵਾਲ (ਪ੍ਰਦੀਪ ਸੰਪਲ, ਕੁਲਦੀਪ ਅੱਤਰੀ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ਾਹਪੁਰ ਕਲਾਂ ਵਿਖੇ ਪ੍ਰਿੰਸੀਪਲ ਦੀ ਖਾਲੀ ਪਈ ਅਸਾਮੀ 'ਤੇ ਅੱਜ ਬਤੌਰ ਡੀਡੀਓ ਸਿਪਾਹੀ ਦਰਸ਼ਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰੋਂ ਦੇ ਪ੍ਰਿੰਸੀਪਲ ਕੈਪਟਨ (ਡਾ.) ਓਮ ਪ੍ਰਕਾਸ ਸੇਤੀਆ ਨੇ ਆਪਣਾ ਕਾਰਜਭਾਰ ਸੰਭਾਲ ਲਿਆ ਹੈ। ਇਸ ਮੌਕੇ ਸਕੂਲ ਇੰਚਾਰਜ ਮੈਡਮ ਸਰੋਜ ਰਾਣੀ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ੍ਰੀਮਤੀ ਚਰਨਜੀਤ ਕੌਰ ਤੇ ਸਮੁੱਚੇ ਸਟਾਫ ਮੈਂਬਰਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਸਮੇਂ ਡਾ. ਸੇਤੀਆ ਵੱਲੋਂ ਸਮੁੱਚੇ ਸਟਾਫ ਨੂੰ ਪੂਰੀ ਲਗਨ ਤੇ ਹਿੰਮਤ ਨਾਲ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਦਿੱਤੇ ਗਏ 100 ਪ੍ਰਤੀਸ਼ਤ ਨਤੀਜਿਆਂ ਦੇ ਟੀਚੇ ਨੂੰ ਪੂਰਾ ਕਰਨ ਹਿਤ ਪੂਰਾ ਜ਼ੋਰ ਲਗਾਉਣ ਲਈ ਪ੍ਰੇਰਿਤ ਕੀਤਾ।

### ਨਜਾਇਜ਼ ਮਾਈਨਿੰਗ ਦੇ ਦੋਸ਼ 'ਚ 4 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮੱਲਾਂਵਾਲਾ ਦੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਰੇਤਾ ਦੀ ਨਜਾਇਜ਼ ਮਾਈਨਿੰਗ ਕਰਨ ਲਈ ਇੰਸਪੈਕਟਰ ਨਾਲ ਮਿਲੀਭੁਗਤ ਕਰਨ ਦੇ ਦੋਸ਼ ਵਿੱਚ 4 ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਇਲਾਕੇ ਵਿੱਚ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਹਰਪ੍ਰੀਤ ਸਿੰਘ, ਗੁਰਮੀਤ ਸਿੰਘ ਪੁੱਤਰਾਨ ਕਸ਼ਮੀਰ ਸਿੰਘ ਤੇ ਕੁਲਬੀਰ ਸਿੰਘ ਜੋ ਇੰਸਪੈਕਟਰ ਜਸਵਿੰਦਰ ਸਿੰਘ ਮੁੱਖ ਅਫਸਰ ਥਾਣਾ ਮੱਲਾਂਵਾਲਾ ਨਾਲ ਮਿਲੀਭੁਗਤ ਕਰਕੇ ਨਜਾਇਜ਼ ਮਾਈਨਿੰਗ ਕਰਦੇ ਹਨ, ਜਿਸ 'ਤੇ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਸੜਕ ਹਾਦਸੇ 'ਚ ਇੱਕ ਦੀ ਮੌਤ, ਇੱਕ ਜ਼ਖਮੀ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪਿੰਡ ਅਰਨੋਂ ਨੇੜੇ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ ਇੱਕ ਨੌਜਵਾਨ ਦੀ ਮੌਤ ਤੇ ਦੂਜਾ ਜ਼ਖਮੀ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ। ਮੌਕੇ 'ਤੇ ਪਹੁੰਚੀ ਪੁਲਸ ਪਾਰਟੀ ਨੇ ਸਥਿਤੀ ਦਾ ਜਾਇਜ਼ਾ ਲੈਣ ਮਗਰੋਂ ਕੇਸ ਦਰਜ ਕਰਕੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੇ ਪਿਤਾ ਸੁਰਜਨ ਸਿੰਘ ਵਾਸੀ ਠੀਕਰੀਵਾਲਾ (ਬਰਨਾਲਾ) ਨੇ ਦੱਸਿਆ ਕਿ ਉਸ ਦਾ ਲੜਕਾ ਪ੍ਰਿੰਸਪਾਲ ਸਿੰਘ ਆਪਣੇ ਫੁੱਫੜ ਦੇ ਭਰਾ ਰਣਜੀਤ ਸਿੰਘ ਵਾਸੀ ਅਰਨੋਂ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ, ਜਦੋਂ ਉਹ ਪਿੰਡ ਅਰਨੋਂ ਦੇ ਨਜ਼ਦੀਕ ਗਏ ਤਾਂ ਅੱਗੋਂ ਤੋਂ ਇੱਕ ਗੱਡੀ ਤਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਆ ਰਹੀ ਸੀ, ਉਸ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਲਪੇਟ ਵਿੱਚ ਲੈ ਲਿਆ। ਇਸ ਹਾਦਸੇ ਵਿੱਚ ਉਸ ਦੇ ਲੜਕੇ ਪ੍ਰਿੰਸਪਾਲ ਸਿੰਘ ਦੀ ਦਰਦਨਾਕ ਮੌਤ ਹੋ ਗਈ ਹੈ, ਜਦੋਂਕਿ ਰਣਜੀਤ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ। ਮੌਕੇ 'ਤੇ ਪੁੱਜੀ ਪੁਲਸ ਨੇ ਗੱਡੀ ਦੇ ਡਰਾਇਵਰ ਸੁਖਚੈਨ ਸਿੰਘ ਖਿਲਾਫ ਕੇਸ ਦਰਜ ਕਰ ਕੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਹੈ।



## ਸਮਰਾਲਾ ਇਲਾਕੇ ਦੀਆਂ ਟੁੱਟੀਆਂ ਸੜਕਾਂ ਨੂੰ ਲੈ ਕੇ ਦੂਜੇ ਦਿਨ ਵੀ ਧਰਨਾ

### ਬਾਰ ਐਸੋਸੀਏਸ਼ਨ ਸਮੇਤ ਕਈ ਸਮਾਜ ਸੇਵੀ ਸੰਗਠਨਾਂ ਦੇ ਆਗੂ ਰੋਸ ਧਰਨੇ 'ਚ ਪੁੱਜੇ



**ਸਮਰਾਲਾ (ਸੁਰਜੀਤ ਸਿੰਘ)**-ਸੜਕਾਂ ਦੇ ਗੰਭੀਰ ਮੁੱਦੇ ਨੂੰ ਲੈ ਕੇ ਸਰਗਰਮ ਚੱਲ ਰਹੀ "ਸੜਕ ਸੁਧਾਰ ਸੰਘਰਸ਼ ਕਮੇਟੀ" ਵੱਲੋਂ ਸ਼ੁਰੂ ਕੀਤਾ ਗਿਆ ਰੋਸ ਧਰਨਾ ਦੂਜੇ ਦਿਨ ਵੀ ਪ੍ਰਭਾਵਸ਼ਾਲੀ ਰਿਹਾ। ਸੰਘਰਸ਼ ਕਮੇਟੀ ਦੇ ਆਗੂ ਅੰਮ੍ਰਿਤਪਾਲ ਸਮਰਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੋਸ ਧਰਨੇ ਦੇ ਦੂਜੇ ਦਿਨ ਬਾਰ ਐਸੋਸੀਏਸ਼ਨ ਸਮਰਾਲਾ ਦੇ ਪ੍ਰਧਾਨ ਐਡਵੋਕੇਟ ਕਰਨੈਲ ਸਿੰਘ ਢਿੱਲੋਂ, ਐਡਵੋਕੇਟ ਪਰਮਿੰਦਰ ਸਿੰਘ ਗਿੱਲ, ਐਡਵੋਕੇਟ ਪਰਮਿੰਦਰ ਸਿੰਘ ਗਰੇਵਾਲ, ਐਡਵੋਕੇਟ ਕੇ. ਐੱਸ. ਦੀਵਾ, ਐਡਵੋਕੇਟ ਉੱਤਮ ਚੰਦ, ਐਡਵੋਕੇਟ ਲਵਦੇਸ਼ ਖੁੱਲਰ ਆਪਣੇ ਸਾਥੀ ਵਕੀਲਾਂ ਨਾਲ ਪੁੱਜੇ, ਜਿਨ੍ਹਾਂ ਵੱਲੋਂ ਸੰਘਰਸ਼ ਕਮੇਟੀ ਦਾ ਹਰ ਪੱਖੋਂ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ। ਐਡਵੋਕੇਟ ਪਰਮਿੰਦਰ ਸਿੰਘ ਗਿੱਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਸਮੇਤ ਪ੍ਰਸ਼ਾਸਨਕ ਅਧਿਕਾਰੀਆਂ ਦਾ ਇਹ ਫਰਜ਼ ਹੁੰਦਾ ਹੈ ਕਿ ਲੋਕ ਹਿੱਤਾਂ ਦੀ ਲੜਾਈ ਲੜ ਰਹੇ ਲੋਕਾਂ ਦੀ ਸਮੱਸਿਆ ਨੂੰ ਸੁਣਨ, ਪਰ ਹੈਰਾਨੀ ਵਾਲੀ ਗੱਲ ਹੈ ਕਿ ਇਸ ਸੰਘਰਸ਼ ਵਿੱਚ ਨਾ ਤਾਂ ਸਰਕਾਰ ਦਾ ਕੋਈ ਨੁਮਾਇੰਦਾ ਪੁੱਜਿਆ ਹੈ ਤੇ ਨਾ ਹੀ ਸਬੰਧਤ ਵਿਭਾਗ ਦਾ ਕੋਈ ਅਫ਼ਸਰ। ਅਜਿਹੇ ਵਿਚ ਇਹ ਲੋਕ ਸੰਘਰਸ਼ ਨਾ ਕਰਨ, ਤਾਂ ਫੇਰ ਹੋਰ ਕੀ ਕਰਨ, ਕਿਉਂਕਿ ਸੜਕਾਂ ਦੀ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਹੈ। ਇਸ ਮੌਕੇ ਮਾ. ਉਜਾਗਰ ਸਿੰਘ ਬੈਨੀਪਾਲ ਸਾਬਕਾ ਪ੍ਰਧਾਨ ਨਗਰ ਕੌਂਸਲ ਤੇ ਯੂਥ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਕਿਹਾ ਕਿ ਜਿਹੜੀ ਸਰਕਾਰ ਆਪਣੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਫੇਲ੍ਹ ਸਾਬਿਤ ਹੁੰਦੀ ਹੈ, ਉਨ੍ਹਾਂ ਨੂੰ ਜਨਤਾ ਕੁਰਸੀ ਤੋਂ ਲਾਂਭੇ ਕਰਨ ਲੱਗਿਆਂ ਦੇਰ ਨਹੀਂ ਲਗਾਉਂਦੀ, ਜਿਸ ਦਾ ਨਤੀਜਾ ਆਪਾਂ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਤੱਖ ਦੇਖ ਲਿਆ ਹੈ। ਕਿਰਤੀ ਕਾਮਿਆਂ ਦੇ ਆਗੂ ਕਾਮਰੇਡ ਰਣਜੀਤ ਸਿੰਘ, ਚੌਂਕੀਦਾਰਾ ਯੂਨੀਅਨ ਦੇ ਆਗੂ ਪਰਮਜੀਤ ਸਿੰਘ ਨੀਲੋਂ ਤੇ ਛਿੰਦਰਪਾਲ ਸਿੰਘ ਗੜ੍ਹੀ, ਬਸਪਾ ਆਗੂ ਰਵਿੰਦਰਪਾਲ ਸਿੰਘ, ਭਾਜਪਾ ਆਗੂ ਰਾਜੇਸ਼ ਲੀਹਲ, ਨੰਬਰਦਾਰ ਡਾ. ਦਰਸ਼ਨ ਸਿੰਘ, ਲੋਕ ਚੇਤਨਾ ਲਹਿਰ ਦੇ ਸੰਤੋਖ ਸਿੰਘ ਨਾਗਰਾ ਤੇ ਫਿਲਮੀ ਅਦਾਕਾਰ ਕੁਲਵੀਰ ਸਿੰਘ ਮੁਸ਼ਕਾਬਾਦ ਵੱਲੋਂ ਵੀ ਸਰਕਾਰ ਦੇ ਇਸ ਨਾ-ਪੱਖੀ ਰਵੱਈਏ ਦੀ ਜੰਮ ਕੇ ਆਲੋਚਨਾ ਕੀਤੀ ਗਈ। ਉਨ੍ਹਾਂ ਤਹੱਈਆ ਕੀਤਾ ਕਿ ਜਿੰਨੀ ਦੇਰ ਤੱਕ ਸੜਕਾਂ ਬਣਨ ਨਹੀਂ ਲੱਗ ਜਾਂਦੀਆਂ ਜਾਂ ਫਿਰ ਬਣਾਏ ਜਾਣ ਸਬੰਧੀ ਕੋਈ ਲਿਖਤੀ ਭਰੋਸਾ ਨਹੀਂ ਦਿੱਤਾ ਜਾਂਦਾ, ਓਨੀ ਦੇਰ ਤੱਕ ਇਹ ਸੰਘਰਸ਼ ਨਿਰੰਤਰ ਚੱਲੇਗਾ। ਅੱਜ ਦੇ ਸੰਘਰਸ਼ 'ਚ ਹਰਬੰਸ ਲਾਲ ਚਾਨਣਾ, ਸਰਬਜੀਤ ਸਿੰਘ ਲੌਂਗੀਆ, ਰਜਿੰਦਰ ਕੁਮਾਰ, ਕੁਲਵੰਤ ਕੌਰ ਨੀਲੋਂ, ਸਾਧਵੀ ਰਾਣੀ, ਗੁਰਮੀਤ ਕੌਰ, ਜਸਪ੍ਰੀਤ ਸਿੰਘ ਜੱਸਾ, ਸੰਤੋਖ ਸਿੰਘ ਲੌਂਗੀਆ, ਬਲਬੀਰ ਸਿੰਘ ਢਿੱਲੋਂ, ਅਜੀਤ ਸਿੰਘ, ਬਿੰਨੀ ਬਵੇਜਾ, ਹਰਬੰਸ ਸਿੰਘ ਮਾਨ, ਮੇਜਰ ਸਿੰਘ, ਰਾਕੇਸ਼ ਗੁਪਤਾ, ਗੁਰਪ੍ਰੀਤ ਸਿੰਘ, ਗੁਰਦੀਪ ਸਿੰਘ, ਰਾਜਵੰਤ ਸਿੰਘ, ਇੰਦਰਜੀਤ ਸਿੰਘ ਜੈਸਵਾਲ, ਸ਼ੇਰ ਸਿੰਘ ਤੇ ਰਘਬੀਰ ਸਿੰਘ ਸੈਣੀ ਆਦਿ ਸ਼ਾਮਲ ਹੋਏ।

## ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਿੰਮ ਚਲਾਈ



**ਛਾਜਲੀ (ਜਸਵੀਰ ਲਾਡੀ)**-ਇੱਥੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਚਲਾਈ ਦਸਤਖਤੀ ਮੁਹਿੰਮ ਦੌਰਾਨ ਜਥੇਦਾਰ ਤੇਜਾ ਸਿੰਘ ਕਮਾਲਪੁਰ (ਮੈਂਬਰ ਪੀ ਏ ਸੀ ਸ਼੍ਰੋਮਣੀ ਅਕਾਲੀ ਦਲ) ਨੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਸਮੂਹ ਸਟਾਫ ਦੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸਬੰਧੀ ਫਾਰਮ ਭਰਵਾਉਣ ਦਾ ਆਗਾਜ਼ ਕੀਤਾ।

ਉਨ੍ਹਾਂ ਨੇ ਸਮੂਹ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬੰਦੀ ਸਿੰਘਾਂ ਦਾ ਦੋਸ਼ ਕੇਵਲ ਇਹ ਹੈ ਕਿ ਇਨ੍ਹਾਂ ਨੇ ਤਤਕਾਲੀ ਕਾਂਗਰਸ ਸਰਕਾਰ ਵੱਲੋਂ 1984 ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਅਨੇਕਾਂ ਗੁਰਦੁਆਰਾ ਸਾਹਿਬਾਨ 'ਤੇ ਕੀਤੇ ਫੌਜੀ ਹਮਲੇ, ਨਵੰਬਰ 1984 'ਚ ਕੀਤੀ ਗਈ ਸਿੱਖ ਨਸਲਕੁਸ਼ੀ ਤੇ ਬੇਗੁਨਾਹ ਸਿੱਖਾਂ 'ਤੇ ਢਾਹੇ ਗਏ ਜਬਰ ਦੇ ਰੋਸ ਵਜੋਂ ਸੰਘਰਸ਼ ਦਾ ਰਾਹ ਚੁਣਿਆ ਸੀ। ਇਹ ਬੰਦੀ ਸਿੰਘ ਕੋਈ ਅਪਰਾਧਕ ਪਿਛੋਕੜ ਵਾਲੇ ਨਹੀਂ ਸਨ।

ਸਿੱਖ ਕੌਮ ਨੂੰ ਇਹ ਦੁੱਖ ਹੈ ਕਿ ਕਰੀਬ ਤਿੰਨ ਤਿੰਨ ਦਹਾਕੇ ਤੋਂ ਜੇਲ੍ਹਾਂ 'ਚ ਬੰਦ ਸਿੱਖਾਂ ਦੇ ਮਾਮਲਿਆਂ ਨੂੰ ਸਰਕਾਰਾਂ ਵੱਲੋਂ ਜਾਣ ਬੁੱਝ ਕੇ ਲਮਕਾਇਆ ਜਾ ਰਿਹਾ ਹੈ। ਉਮਰ ਕੈਦ ਤੋਂ ਦੁੱਗਣੀਆਂ ਸਜਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾ ਨਾ ਕਰਨਾ ਸੰਵਿਧਾਨ ਦੇ ਵੀ ਉਲਟ ਹੈ। ਇਸ ਦੇ ਨਾਲ ਹੀ ਸਕੂਲ ਵਿੱਚ ਇੱਕ ਪੱਕੇ ਤੌਰ 'ਤੇ ਦਸਤਖਤੀ ਮੁਹਿੰਮ ਦੇ ਕਾਊਂਟਰ ਦੀ ਸਥਾਪਨਾ ਕੀਤੀ ਗਈ, ਜਿੱਥੇ ਪਹੁੰਚ ਕੇ ਸੰਗਤ ਇਸ ਦਸਤਖਤੀ ਮੁਹਿੰਮ ਵਿੱਚ ਆਪਣਾ ਯੋਗਦਾਨ ਪਾ ਸਕਦੀ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਗੁਰਪ੍ਰੀਤ ਸਿੰਘ, ਹਰਨੇਕ ਸਿੰਘ ਪੂਨੀਆ ਪ੍ਰਧਾਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਪਰਮਜੀਤ ਸਿੰਘ ਨੰਬਰਦਾਰ, ਆਸਾ ਸਿੰਘ ਮੈਂਬਰ, ਮੋਤੀ ਸਿੰਘ, ਢਾਡੀ ਤਰਸੇਮ ਸਿੰਘ ਪ੍ਰੀਤ, ਸ਼ਿੰਗਾਰਾ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸੀ।

## ਐੱਮ ਸੀ ਡੀ ਚੋਣਾਂ ਜਿੱਤਣ 'ਤੇ ਖੰਨਾ ਦੇ ਆਪ ਵਰਕਰਾਂ ਲੱਡੂ ਵੰਡੇ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-4 ਦਸੰਬਰ ਨੂੰ ਹੋਈਆਂ ਦਿੱਲੀ ਨਗਰ ਨਿਗਮ (ਐੱਮ.ਸੀ.ਡੀ.) ਚੋਣਾਂ 'ਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ 'ਤੇ ਖੰਨਾ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਤੇ ਆਗੂਆਂ ਨੇ ਖੁਸ਼ੀ ਵਿੱਚ ਲਲਹੇੜੀ ਰੋਡ ਚੌਕ 'ਤੇ ਭਾਰੀ ਗਿਣਤੀ ਵਿੱਚ ਇਕੱਠੇ ਹੋ ਕੇ ਲੱਡੂ ਵੰਡੇ ਤੇ ਇੱਕ ਦੂਜੇ ਦੇ ਮੂੰਹ ਮਿੱਠੇ ਕਰਵਾਏ। ਇਸ ਮੌਕੇ ਆਪ ਆਗੂ ਤੇ ਹਲਕਾ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਦੇ ਪਿਤਾ ਭੁਪਿੰਦਰ ਸਿੰਘ ਸੌਂਦ ਨੇ ਕਿਹਾ ਕਿ ਭਾਜਪਾ ਦਿੱਲੀ ਨਗਰ ਨਿਗਮ (ਐੱਮ.ਸੀ.ਡੀ.) 'ਤੇ 15 ਸਾਲਾਂ ਤੋਂ ਸੱਤਾ ਵਿੱਚ ਕਾਬਜ਼ ਸੀ ਤੇ ਇਸ ਵਾਰ 'ਆਪ' ਨੇ ਭਾਜਪਾ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਹੈ, ਜਦੋਂਕਿ ਭਾਜਪਾ ਨੇ ਆਪਣੇ ਪ੍ਰਧਾਨ ਮੰਤਰੀ ਦੇ ਚਿਹਰੇ ਨੂੰ ਮੂਹਰੇ ਕੀਤਾ ਤੇ ਪਾਰਟੀ ਦੇ ਵੱਡੇ-ਵੱਡੇ ਚਿਹਰੇ ਨੇਤਾਵਾਂ, ਮੰਤਰੀਆਂ ਨੇ ਐੱਮ ਸੀ ਡੀ ਚੋਣਾਂ 'ਚ ਆਪਣੀ ਪੂਰੀ ਤਾਕਤ ਲਗਾ ਦਿੱਤੀ ਸੀ ਅਤੇ ਅੱਜ ਸਭ ਤੋਂ ਵੱਡੀ ਪਾਰਟੀ ਨੂੰ ਹਰਾ ਕੇ ਬਹੁਮੱਤ ਹਾਸਲ ਕੀਤਾ। ਇਸ ਮੌਕੇ ਤੇ ਭੁਪਿੰਦਰ ਸਿੰਘ ਸੌਂਦ, ਹਰਜੀਤ ਸਿੰਘ ਸੋਹਲ, ਰਾਜਬੀਰ ਸ਼ਰਮਾ, ਤਰਿੰਦਰ ਗਿੱਲ, ਗੁਰਜੀਤ ਗਿੱਲ, ਗੁਰਦੀਪ ਦੀਪੂ, ਸਾਬਕਾ ਉੱਪ ਪ੍ਰਧਾਨ ਨਗਰ ਕੌਂਸਲ ਖੰਨਾ ਜਤਿੰਦਰ ਪਾਠਕ, ਕੌਂਸਲਰ ਸੁਨੀਲ ਕੁਮਾਰ ਨੀਟਾ, ਗੁਰਮੇਲ ਸਿੰਘ ਕਾਲਾ, ਕੁਲਵੰਤ ਸਿੰਘ ਮਹਿਮੀ, ਪਰਮਪ੍ਰੀਤ ਪਿੰਪੀ, ਰਾਜ ਦੁਲਾਰੀ, ਜਗਤਾਰ ਸਿੰਘ, ਸੁਖਵਿੰਦਰ ਸਿੰਘ, ਪੂਰਨ ਚੰਦ, ਮਨਜੀਤ ਫੌਜੀ, ਭੁਪਿੰਦਰ ਸਿੰਘ ਸਰਾਂ ਆਦਿ ਹਾਜ਼ਰ ਸਨ।

## ਮੰਗਵਾਲ ਸਕੂਲ ਵਿਖੇ ਵਿਦਿਆਰਥੀਆਂ ਨੂੰ ਸਨਮਾਨ ਪੱਤਰ ਦਿੱਤੇ

**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਕਿਸਾਨੀ ਸੰਘਰਸ਼ ਨੂੰ ਸਮਰਪਤ ਕਰਵਾਈ ਚੌਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਵਾਲੇ ਸਰਕਾਰੀ ਹਾਈ ਸਕੂਲ ਮੰਗਵਾਲ ਦੇ ਵਿਦਿਆਰਥੀਆਂ ਤੇ ਪ੍ਰੀਖਿਆ ਵਿੱਚ ਸਹਯੋਗ ਕਰਨ ਬਦਲੇ ਮੁੱਖ ਅਧਿਆਪਕ ਜਗਤਾਰ ਸਿੰਘ ਈਲਵਾਲ ਨੂੰ ਤਰਕਸ਼ੀਲ ਆਗੂ ਮਾਸਟਰ ਪਰਮਵੇਦ, ਚਰਨ ਕਮਲ ਸਿੰਘ ਅਧਾਰਤ ਤਰਕਸ਼ੀਲ ਟੀਮ ਵੱਲੋਂ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਬੱਚਿਆਂ ਨੂੰ ਤਰਕਸ਼ੀਲ ਸੁਸਾਇਟੀ ਤੇ ਚੇਤਨਾ ਪਰਖ ਪ੍ਰੀਖਿਆ ਦੇ ਉਦੇਸ਼ਾਂ ਬਾਰੇ ਦੱਸਿਆ ਗਿਆ, ਉਨ੍ਹਾਂ ਦੇ ਕੋਮਲ ਮਨਾਂ 'ਚੋਂ ਕਾਲਾ ਜਾਦੂ ਤੇ ਗੈਬੀ ਸ਼ਕਤੀਆਂ, ਰਹੱਸਮਈ ਜਾਪਦੀਆਂ ਘਟਨਾਵਾਂ ਦਾ ਭਰਮ ਦੂਰ ਕਰਨ ਹਿੱਤ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਨਾਲ ਸੂਰਜ, ਚੰਦ ਗ੍ਰਹਿਣ, ਰੁੱਤਾਂ ਬਦਲਣ ਤੇ ਦਿਨਾਂ ਦੇ ਛੋਟੇ ਵੱਡੇ ਹੋਣ ਬਾਰੇ ਚਰਚਾ ਕੀਤੀ ਗਈ। ਸਕੂਲ ਮੁਖੀ ਜਗਤਾਰ ਸਿੰਘ, ਮੈਡਮ ਦੀਪਿਕਾ ਗਰੋਵਰ, ਜਸਵੀਰ ਕੌਰ, ਅਨੀਤਾ ਰਾਣੀ, ਮਾਸਟਰ ਅਮਰੀਕ ਸਿੰਘ ਨੇ ਸੁਸਾਇਟੀ ਦੇ ਯਤਨਾਂ ਦੀ ਸਰਾਹਨਾ ਕੀਤੀ ਤੇ ਅਗਲੀ ਪ੍ਰੀਖਿਆ ਵਿੱਚ ਹੋਰ ਵੱਧ ਵਿਦਿਆਰਥੀਆਂ ਨੂੰ ਤਰਕਸ਼ੀਲ ਵਿਚਾਰਧਾਰਾ ਨਾਲ ਜੋੜਨ ਦਾ ਵਿਸ਼ਵਾਸ ਦਿਵਾਇਆ।



## ਕੋਆਪ੍ਰੇਟਿਵ ਸੋਧ ਬਿੱਲ ਦੇਸ਼ ਦੇ ਸੰਘੀ ਢਾਂਚੇ 'ਤੇ ਇੱਕ ਹੋਰ ਹਮਲਾ : ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)**-ਕੇਂਦਰ ਦੀ ਭਾਜਪਾ ਸਰਕਾਰ ਨੇ ਰਾਜਾਂ ਦੇ ਅਧਿਕਾਰਾਂ 'ਚ ਦਖ਼ਲ ਅੰਦਾਜ਼ੀ ਕਰਦਿਆਂ ਬਹੁ-ਰਾਜ ਕੋਆਪ੍ਰੇਟਿਵ ਸੋਧ ਬਿਲ ਰਾਹੀਂ ਦੇਸ਼ ਦੇ ਸੰਘੀ ਢਾਂਚੇ 'ਤੇ ਇੱਕ ਹੋਰ ਹਮਲਾ ਕੀਤਾ ਹੈ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਇਸ ਮੁੱਦੇ 'ਤੇ ਆਪਣਾ ਸਟੈਂਡ ਸਪਸ਼ਟ ਕਰਨ ਦੀ ਵੀ ਮੰਗ ਕੀਤੀ ਹੈ।

ਕਾ: ਸੇਖੋਂ ਨੇ ਕਿਹਾ ਕਿ ਭਾਜਪਾ ਦੀ ਹਮੇਸ਼ਾ ਹੀ ਕੋਸ਼ਿਸ਼ ਸੰਘੀ ਢਾਂਚੇ ਨੂੰ ਖੋਰਾ ਲਾ ਕੇ ਰਾਜਾਂ ਦੇ ਅਧਿਕਾਰ ਖੋਹ ਕੇ ਕੇਂਦਰ ਸਰਕਾਰ ਦੇ ਹਵਾਲੇ ਕਰਨ ਦੀ ਰਹੀ ਹੈ। ਹੁਣ ਮੋਦੀ ਸਰਕਾਰ ਨੇ ਬਹੁ-ਰਾਜ ਕੋਆਪ੍ਰੇਟਿਵ ਸੁਸਾਇਟੀਜ਼ ਸੋਧ ਬਿਲ 2022 ਸੰਸਦ ਵਿੱਚ ਪੇਸ਼ ਕਰਕੇ ਰਾਜਾਂ ਦੇ ਅਧਿਕਾਰਾਂ 'ਤੇ ਹਮਲਾ ਕੀਤਾ ਹੈ, ਜਿਸ ਨਾਲ ਦੇਸ਼ ਦੇ ਸੰਘੀ ਢਾਂਚੇ ਨੂੰ ਖੋਰਾ ਲੱਗੇਗਾ। ਉਨ੍ਹਾਂ ਕਿਹਾ ਕਿ ਸਹਿਕਾਰੀ ਸੁਸਾਇਟੀਆਂ ਸੂਬਿਆਂ ਦਾ ਮੁੱਦਾ ਹੈ, ਹਰ ਰਾਜ ਆਪਣੇ ਵਾਸੀਆਂ ਨੂੰ ਸਹਿਕਾਰੀ ਸਭਾਵਾਂ ਰਾਹੀਂ ਸਹੂਲਤਾਂ ਮੁਹੱਈਆ ਕਰਦੀਆਂ ਹਨ। ਹਰ ਸੂਬੇ ਦੇ ਹਾਲਾਤ ਵੱਖਰੇ ਵੱਖਰੇ ਹੋਣ ਕਰਕੇ ਉਹ ਮੌਕੇ 'ਤੇ ਹਾਲਾਤਾਂ ਅਨੁਸਾਰ ਕੰਮ ਕਰਦੀਆਂ ਹਨ। ਕੇਂਦਰ ਸਰਕਾਰ ਸੂਬਿਆਂ ਤੋਂ ਇਹ ਅਧਿਕਾਰ ਖੋਹ ਕੇ ਆਪਣੇ ਹੱਥ ਵਿੱਚ ਕਰਨ ਦੇ ਯਤਨ ਕਰ ਰਹੀ ਹੈ। ਇਸ ਨਾਲ ਸੁਸਾਇਟੀਆਂ ਦਾ ਕੰਮ ਪ੍ਰਭਾਵਿਤ ਹੋਵੇਗਾ। ਸੂਬਾ ਸਕੱਤਰ ਨੇ ਕਿਹਾ ਕਿ ਬਹੁ-ਰਾਜ ਕੋਆਪ੍ਰੇਟਿਵ ਸੁਸਾਇਟੀ ਦੇ ਨਾਂ ਹੇਠ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰਕੇ ਇਹ ਚਾਲ ਚੱਲੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੂੰ ਇਹ ਬਿਲ ਸੰਸਦ ਵਿੱਚ ਲਿਆਉਣ ਤੋਂ ਪਹਿਲਾਂ ਸੂਬਿਆਂ ਕੋਲ ਭੇਜ ਕੇ ਉਨ੍ਹਾਂ ਦੀ ਰਾਇ ਹਾਸਲ ਕਰਨੀ ਚਾਹੀਦੀ ਸੀ, ਜੋ ਨਹੀਂ ਕੀਤੀ ਗਈ, ਇਹ ਰਾਜਾਂ ਨਾਲ ਇੱਕ ਤਰ੍ਹਾਂ ਧੱਕੇਸ਼ਾਹੀ ਹੈ। ਉਨ੍ਹਾ ਮੰਗ ਕੀਤੀ ਕਿ ਇਹ ਬਿਲ ਵਾਪਸ ਲੈ ਕੇ ਇਸ ਸਬੰਧੀ ਰਾਜਾਂ ਨਾਲ ਵਿਚਾਰ ਚਰਚਾ ਕੀਤੀ ਜਾਵੇ। ਕਾ: ਸੇਖੋਂ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਤੋਂ ਵੀ ਮੰਗ ਕੀਤੀ ਕਿ ਇਸ ਬਿਲ ਸਬੰਧੀ ਉਹ ਪੰਜਾਬ ਸਰਕਾਰ ਦਾ ਸਟੈਂਡ ਸਪੱਸ਼ਟ ਕਰਨ। ਉਨ੍ਹਾ ਕਿਹਾ ਕਿ ਪੰਜਾਬ ਦੀ ਰੀੜ੍ਹ ਦੀ ਹੱਡੀ ਸਮਝੀ ਜਾਂਦੀ ਕਿਸਾਨੀ ਲਈ ਕੋਆਪ੍ਰੇਟਿਵ ਸੁਸਾਇਟੀਆਂ ਦਾ ਮਹੱਤਵਪੂਰਨ ਰੋਲ ਹੈ। ਇਸ ਦੀ ਰਾਖੀ ਕਰਨਾ ਹੀ ਨਹੀਂ ਬਲਕਿ ਮਜ਼ਬੂਤ ਕਰਨਾ ਸੂਬਾ ਸਰਕਾਰ ਦਾ ਫ਼ਰਜ਼ ਹੈ। ਪੰਜਾਬ ਹਮੇਸ਼ਾ ਵੱਧ ਅਧਿਕਾਰਾਂ ਦੀ ਮੰਗ ਕਰਦਾ ਰਿਹਾ ਹੈ, ਹੁਣ ਆਮ ਆਦਮੀ ਪਾਰਟੀ ਇਸ ਮੁੱਦੇ ਨੂੰ ਕਿਵੇਂ ਸਮਝਦੀ ਹੈ ਇਹ ਬਿਨਾਂ ਕਿਸੇ ਦੇਰੀ ਸਪੱਸ਼ਟ ਕਰਨਾ ਚਾਹੀਦਾ ਹੈ।

■ ਪੰਜਾਬ ਸਰਕਾਰ ਆਪਣਾ ਸਟੈਂਡ ਸਪੱਸ਼ਟ ਕਰੇ

## ਗੈਰ-ਕਾਨੂੰਨੀ ਚੱਲ ਰਹੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਦਾ ਮੈਨੇਜਰ ਗ੍ਰਿਫ਼ਤਾਰ

*1.81 ਲੱਖ ਦੀ ਨਗਦੀ ਤੇ 100 ਗੋਲੀਆਂ ਬਰਾਮਦ*



**ਜਗਰਾਉਂ (ਅਮਿਤ ਖੰਨਾ)**-ਇਕ ਪ੍ਰਾਈਵੇਟ ਨਸ਼ਾ ਛੁਡਾਉ ਕੇਂਦਰ 'ਚ ਚੱਲ ਰਿਹਾ ਗੋਰਖ ਧੰਦੇ ਦਾ ਪਰਦਾਫਾਸ਼ ਕਰਦਿਆਂ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਓ. ਇੰਦਰਜੀਤ ਸਿੰਘ ਦੇ ਦੱਸਿਆ ਕਿ 'ਨਵ ਦਿਸ਼ਾ ਨਸ਼ਾ ਛੁਡਾਓ ਕੇਂਦਰ' ਦਾ ਲਾਇਸੈਂਸ ਪਿਛਲੇ ਕਾਫੀ ਸਮੇਂ ਤੋਂ ਕੈਂਸਲ ਕੀਤਾ ਗਿਆ ਸੀ, ਜਿਸ ਨੇ ਮੇਨ ਸੜਕ ਤੋਂ ਦੁਕਾਨ ਬੰਦ ਰੱਖ ਕੇ ਪਿਛਲੇ ਪਾਸੇ ਜਾਂਦੀ ਗਲੀ 'ਚੋਂ ਨਸ਼ਾ ਛੁਡਾਉਣ ਵਾਲੀਆਂ ਗੋਲੀਆਂ ਗੈਰ-ਕਾਨੂੰਨੀ ਢੰਗ ਨਾਲ ਵੇਚ ਰਹੇ ਸਨ ਅਤੇ ਮੌਕੇ ਤੋਂ ਮੈਨੇਜਰ ਮਨਪ੍ਰੀਤ ਸਿੰਘ ਵਾਸੀ ਛੱਜਾਵਾਲ ਨੂੰ ਗ੍ਰਿਫਤਾਰ ਕਰਕੇ ਕਰੀਬ 1 ਲੱਖ 81 ਹਜ਼ਾਰ ਰੁਪਏ ਦੀ ਨਗਦੀ ਤੇ 100 ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਐੱਸ.ਐੱਮ.ਓ. ਪੁਨੀਤ ਸਿੱਧੂ ਨੇ ਦੱਸਿਆ ਕਿ ਸ਼ਿਕਾਇਤ ਦੇ ਅਧਾਰ 'ਤੇ ਜਲੰਧਰ ਤੋਂ ਸਿਵਲ ਸਰਜਨ ਦੀ ਟੀਮ ਨੇ 'ਨਵ ਦਿਸ਼ਾ ਨਸ਼ਾ ਛੁਡਾਉ ਕੇਂਦਰ' 'ਤੇ ਛਾਪੇਮਾਰੀ ਕੀਤੀ ਗਈ ਹੈ, ਜੋ ਕਿ ਗੈਰ-ਕਾਨੂੰਨੀ ਚੱਲ ਰਿਹਾ ਸੀ।

## ਜਲ ਸਪਲਾਈ ਸੈਨੀਟੇਸ਼ਨ ਵਿਭਾਗ ਮਨਿਸਟਰੀਅਲ ਯੂਨੀਅਨ ਦੀ ਚੋਣ



**ਸੰਗਰੂਰ (ਪ੍ਰਵੀਨ ਸਿੰਘ)**

ਪੀ ਡਬਲਿਊ ਡੀ ਵਾਟਰ ਸਪਲਾਈ ਸੈਨੀਟੇਸ਼ਨ ਮਨਿਸਟਰੀਅਲ ਸਰਵਿਸਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਤਰਸੇਮ ਭੱਠਲ, ਸੂਬਾ ਐਡੀਸ਼ਨਲ ਜਨਰਲ ਸਕੱਤਰ ਗੁਰਦਰਸ਼ਨ ਸਿੰਘ ਜੱਸਲ, ਸੂਬਾ ਸੀਨੀਅਰ ਮੀਤ ਪ੍ਰਧਾਨ ਰਾਜਵੀਰ ਬਡਰੁੱਖਾਂ, ਸੂਬਾ ਪ੍ਰੈੱਸ ਸਕੱਤਰ ਕਮਲਵੀਰ ਸਿੰਘ ਸੰਧੂ ਦੀ ਅਗਵਾਈ ਵਿੱਚ ਜਲ ਸਪਲਾਈ ਸੈਨੀਟੇਸ਼ਨ ਹਲਕਾ ਸੰਗਰੂਰ ਦੇ ਮਨਿਸਟੀਰੀਅਲ ਕਾਡਰ ਦੀ ਚੋਣ ਕਰਵਾਈ ਗਈ। ਇਸ ਮੌਕੇ ਜਲ ਸਪਲਾਈ ਸੈਨੀਟੇਸ਼ਨ ਹਲਕਾ ਸੰਗਰੂਰ, ਮੰਡਲ ਸੰਗਰੂਰ, ਮੰਡਲ ਮਲੇਰਕੋਟਲਾ, ਮੰਡਲ ਬਰਨਾਲਾ ਤੋਂ ਸਮੂਹ ਸੁਪਰਡੈਂਟ, ਸੀਨੀਅਰ ਸਹਾਇਕ, ਜੂਨੀਅਰ ਸਹਾਇਕ ਤੇ ਕਲਰਕ ਹਾਜ਼ਰ ਹੋਏ। ਚੋਣ ਕਮੇਟੀ ਦੇ ਮੈਂਬਰ ਤਰਸੇਮ ਭੱਠਲ, ਰਾਜਵੀਰ ਬਡਰੁੱਖਾਂ, ਗੁਰਦਰਸ਼ਨ ਜੱਸਲ, ਕਮਲਵੀਰ ਸੰਧੂ ਵੱਲੋਂ ਚੋਣ ਪ੍ਰੀਕਿਰਿਆ ਦੌਰਾਨ ਸਮੂਹ ਮੁਲਾਜ਼ਮਾਂ ਦੀ ਸਰਬਸੰਮਤੀ ਨਾਲ ਬੇਅੰਤ ਕੌਰ ਚੇਅਰਮੈਨ, ਪ੍ਰਵੀਨ ਕੁਮਾਰ ਪ੍ਰਧਾਨ, ਗਗਨਦੀਪ ਸ਼ਰਮਾ ਜਨਰਲ ਸਕੱਤਰ, ਸੰਜੋਲੀ ਵਿੱਤ ਸਕੱਤਰ, ਸਿਮਰਨਦੀਪ ਕੌਰ ਨੂੰ ਪ੍ਰੈੱਸ ਸਕੱਤਰ ਚੁਣ ਲਿਆ ਗਿਆ। ਸਮੂਹ ਮੁਲਾਜ਼ਮਾਂ ਵੱਲੋਂ ਚੁਣੀ ਗਈ ਟੀਮ ਦੇ ਹਾਰ ਪਾ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ ਤੇ ਅੰਤ ਵਿੱਚ ਤਰਸੇਮ ਭੱਠਲ, ਗੁਰਦਰਸ਼ਨ ਜੱਸਲ, ਰਾਜਵੀਰ ਬਡਰੁੱਖਾਂ ਤੇ ਕਮਲਵੀਰ ਸਿੰਘ ਸੰਧੂ ਨੇ ਦੱਸਿਆ ਕਿ ਸੂਬਾ ਕਮੇਟੀ ਦੇ ਆਦੇਸ਼ ਅਨੁਸਾਰ ਹੁਣ ਅਗਲੀ ਚੋਣ ਜਲ ਸਪਲਾਈ ਸੈਨੀਟੇਸ਼ਨ ਹਲਕਾ ਲੁਧਿਆਣਾ ਦੀ ਕੀਤੀ ਜਾਵੇਗੀ ਤੇ ਇਸ ਸਬੰਧੀ ਚੋਣ ਕਮੇਟੀ ਮੈਂਬਰਾਂ ਵੱਲੋਂ ਤਿਆਰੀ ਕੀਤੀ ਜਾ ਚੁੱਕੀ ਹੈ। ਚੁਣੀ ਗਈ ਟੀਮ ਵੱਲੋਂ ਮੁਲਾਜ਼ਮ ਹਿੱਤ ਵਿੱਚ ਡੱਟ ਕੇ ਕੰਮ ਕਰਨ ਹਿੱਤ ਪ੍ਰਣ ਲਿਆ ਗਿਆ ਤੇ ਮੁਲਾਜ਼ਮਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਹਰੇਕ ਮੁਲਾਜ਼ਮ ਦੀ ਔਕੜ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ।

## ਤਰਕਸ਼ੀਲ ਸੁਸਾਇਟੀ ਵੱਲੋਂ ਬਿਨਾਂ ਕਿਸੇ ਧਾਰਮਕ ਰਸਮ ਤੋਂ ਬਾਪੂ ਹਰਚੇਤਨ ਸਿੰਘ ਦਾ ਸਤਿਕਾਰ ਸਮਾਗਮ




**ਲੁਧਿਆਣਾ (ਐਮ ਐਸ ਭਾਟੀਆ ਰੈਕਟਰ ਕਥੂਰੀਆ)**

ਨਾਸਤਿਕਤਾ ਦੀ ਸਿਖਰ, ਵਿਗਿਆਨ ਵਿੱਚ ਆਸਥਾ ਤੇ ਤਰਕ ਅਧਾਰਤ ਵਿਸ਼ਵਾਸ ਦੇ ਸੰਬੰਧ ਵਿੱਚ ਨਵੀਂ ਮਿਸਾਲ ਸਥਾਪਤ ਕਰਦਿਆਂ ਤਰਕਸ਼ੀਲਾਂ ਨੇ ਨਾ ਤਾਂ ਆਪਣੇ ਪਰਿਵਾਰਕ ਬਜ਼ੁਰਗ ਦਾ ਅੰਤਿਮ ਸੰਸਕਾਰ ਕੀਤਾ ਤੇ ਨਾ ਹੀ ਕੋਈ ਹੋਰ ਸਮਾਗਮ। ਲਾਸ਼ ਨੂੰ ਵੀ ਸਾਇੰਸ ਦੇ ਖੋਜ ਕਾਰਜਾਂ ਲਈ ਇੱਕ ਪ੍ਰਸਿੱਧ ਹਸਪਤਾਲ ਨੂੰ ਹੀ ਸੌਂਪ ਦਿੱਤਾ। ਹੁਣ ਸ਼ਰਧਾਂਜਲੀ ਸਮਾਗਮ ਦੀ ਥਾਂ ਸਤਿਕਾਰ ਸਮਾਗਮ ਕੀਤਾ ਗਿਆ ਤੇ ਸਮਾਜ ਨੂੰ ਬੇਲੋੜੀਆਂ ਰਸਮਾਂ ਤੋਂ ਮੁਕਤ ਹੋਣ ਦੀ ਪ੍ਰੇਰਨਾ ਵੀ ਦਿੱਤੀ ਗਈ। ਤਰਕਸ਼ੀਲ ਆਗੂ ਦਲਬੀਰ ਕਟਾਣੀ ਦੇ ਸੌਹਰਾ ਸਾਹਿਬ ਹਰਚੇਤਨ ਸਿੰਘ ਵਾਸੀ ਹੈਬੋਵਾਲ ਕਲਾਂ ਦੀ ਪਿਛਲੇ ਦਿਨੀਂ ਮੌਤ ਹੋ ਜਾਣ ਤੇ ਉਨ੍ਹਾਂ ਦੀ ਇੱਛਾ ਅਨੁਸਾਰ ਮ੍ਰਿਤਕ ਸਰੀਰ ਡਾਕਟਰੀ ਖੋਜਾਂ ਲਈ ਸੀ ਐਮ ਸੀ ਹਸਪਤਾਲ ਲੁਧਿਆਣਾ ਨੂੰ ਸੌਂਪੀ ਗਈ ਸੀ। ਦਲਬੀਰ ਕਟਾਣੀ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਸਮੇਤ ਉਨ੍ਹਾਂ ਦੇ ਬੱਚੇ ਬੇਟੀ ਮਨਿੰਦਰ ਕੌਰ ਤੇ ਬੇਟਾ ਅਸ਼ਬੀਰ ਸਿੰਘ ਵੀ ਤਰਕਸ਼ੀਲ ਵਿਚਾਰਾਂ ਦੇ ਹੋਣ ਕਰਕੇ ਉਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਦੀ ਸਮਝ ਤੇ ਪਹਿਰਾ ਦਿੰਦਿਆਂ ਬਾਪੂ ਹਰਚੇਤਨ ਸਿੰਘ ਨੂੰ ਨੂੰ ਸ਼ਰਧਾਂਜਲੀ ਵਜੋਂ ਕੀਤਾ ਗਿਆ ਸਤਿਕਾਰ ਸਮਾਗਮ ਵੀ ਬਿਨਾਂ ਕਿਸੇ ਧਾਰਮਿਕ ਰਸਮ ਕੀਤਿਆਂ ਉਸਾਰੂ ਵਿਚਾਰਾਂ ਅਨੁਸਾਰ ਕੀਤਾ।

ਇਸ ਸਮੇਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਮਾ. ਰਜਿੰਦਰ ਭਦੌੜ ਤੇ ਜਸਵੰਤ ਜੀਰਖ ਵੱਲੋਂ ਇਸ ਨਵੇਕਲੀ ਤਰ੍ਹਾਂ ਦੇ ਸਮਾਗਮ ਵਿੱਚ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ਕਿਸੇ ਵੀ ਪ੍ਰਾਣੀ ਦਾ ਕੋਈ ਅਗਲਾ-ਪਿਛਲਾ ਜਨਮ ਨਹੀਂ ਹੁੰਦਾ ਤੇ ਨਾ ਹੀ ਕਿਸੇ ਨੇ ਮੌਤ ਉਪਰੰਤ ਕਿਸੇ ਅਖੌਤੀ ਸਵਰਗ/ਨਰਕ ਵਿੱਚ ਜਾਣਾ ਹੁੰਦਾ ਹੈ। ਸਵਰਗ 'ਚ ਜਾਣ ਦਾ ਲਾਲਚ ਤੇ ਨਰਕ 'ਚ ਜਾਣ ਦਾ ਡਰ ਸਾਡੇ ਪੁਜਾਰੀ ਵਰਗ ਨੇ ਆਪਣੀ ਦੁਕਾਨਦਾਰੀ ਚਲਾਉਣ ਲਈ ਪੈਦਾ ਕੀਤਾ ਹੋਇਆ ਹੈ। ਇਸੇ ਤਰ੍ਹਾਂ ਇੱਕ ਪਾਸੇ ਆਤਮਾ ਦੇ ਨਾਂਅ ਹੇਠ ਬਣਾਈਆਂ ਝੂਠੀਆਂ ਸਾਖੀਆਂ ਰਾਹੀਂ ਇਹ ਪ੍ਰਚਾਰਿਆ ਜਾਂਦਾ ਹੈ ਕਿ ਆਤਮਾ ਨਾ ਮਰਦੀ ਹੈ, ਨਾ ਜੰਮਦੀ ਹੈ, ਨਾ ਅੱਗ ਵਿੱਚ ਸੜਦੀ ਹੈ ਤੇ ਨਾ ਪਾਣੀ ਵਿੱਚ ਡੁੱਬਦੀ ਹੈ, ਪਰ ਦੂਜੇ ਪਾਸੇ ਇਹ ਵੀ ਕਿਹਾ ਜਾਂਦਾ ਹੈ ਕਿ ਨਰਕਾਂ ਵਿੱਚ ਗਰਮ ਤੇਲ ਦੇ ਉਬਲਦੇ ਕੜਾਹਿਆਂ ਵਿੱਚ ਇਸ ਨੂੰ ਉਬਾਲਿਆ ਜਾਂਦਾ ਹੈ ਜਾਂ ਅੱਗ ਵਾਂਗੂੰ ਤਪਦੇ ਥੰਮ੍ਹਾਂ ਨਾਲ ਜੱਫੀਆਂ ਪਵਾਈਆਂ ਜਾਂਦੀਆਂ ਹਨ। ਉਨ੍ਹਾਂ ਸੰਬੋਧਨ ਕਰਦਿਆਂ ਸਵਾਲ ਕੀਤਾ ਕਿ ਜੇ ਆਤਮਾ ਮਰਦੀ ਸੜਦੀ ਹੀ ਨਹੀਂ ਤਾਂ ਇਹ ਆਪਾ ਵਿਰੋਧੀ ਸਭ ਕੁੱਝ ਕਿਉਂ ਕੀਤਾ ਜਾਂਦਾ ਹੈ? ਆਗੂਆਂ ਨੇ ਅਜਿਹੇ ਸਵਾਲ ਪੈਦਾ ਕਰਨ ਅਤੇ ਹਰ ਅੰਧਵਿਸ਼ਵਾਸੀ ਰਸਮ ਨੂੰ ਤਿਆਗਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸਵਰਗ/ਨਰਕ ਇਸੇ ਜਨਮ ਵਿੱਚ ਹੈ, ਕਿਰਤੀ ਵਰਗ ਲਈ ਚੰਗੀਆਂ ਜਿਉਣ ਹਾਲਤਾਂ ਨਹੀਂ, ਜਿਸ ਕਰਕੇ ਉਹ ਨਰਕ ਭੋਗਦੇ ਹਨ, ਪਰ ਇਸ ਵਰਗ ਦੀ ਕਿਰਤ ਲੁੱਟਣ ਵਾਲਾ ਵਰਗ ਸਵਰਗ ਭੋਗ ਰਿਹਾ ਹੈ। ਇਸੇ ਕਰਕੇ ਜਿਹੜੇ ਲੋਕ ਇਸ ਲੁੱਟ ਨੂੰ ਖਤਮ ਕਰਨ ਲਈ ਆਵਾਜ਼ ਬੁਲੰਦ ਕਰਦੇ ਹਨ, ਉਨ੍ਹਾਂ ਖਿਲਾਫ ਹਰ ਸਮੇਂ ਦੀਆਂ ਸਰਕਾਰਾਂ ਨੇ ਜ਼ੁਲਮ ਢਾਹੇ ਹਨ। ਅਜਿਹੇ ਲੋਕ ਭਾਵੇਂ ਸਾਡੇ ਸ਼ਹੀਦ ਭਗਤ-ਸਰਾਭੇ ਹੋਣ ਤੇ ਭਾਵੇਂ ਗ਼ਦਰੀ ਬਾਬੇ ਜਾਂ ਅੱਜ ਦੇ ਸੰਘਰਸ਼ੀ ਲੋਕ। ਸੀ ਐੱਮ ਸੀ ਹਸਪਤਾਲ ਵਿੱਚੋਂ ਵਿਸ਼ੇਸ਼ ਤੌਰ 'ਤੇ ਪੁੱਜੇ ਡਾ. ਕਲਾਸ਼ ਨੇ ਮ੍ਰਿਤਕ ਸਰੀਰਾਂ ਨੂੰ ਹਸਪਤਾਲ ਵਿੱਚ ਡਾਕਟਰੀ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਵਰਤਣ ਬਾਰੇ ਵਿਆਖਿਆ ਸਹਿਤ ਜਾਣਕਾਰੀ ਦਿੱਤੀ। ਉਨ੍ਹਾ ਬਾਪੂ ਹਰਚੇਤਨ ਸਿੰਘ ਦੀ ਦੋਹਤਰੀ ਮਨਿੰਦਰ ਕੌਰ ਨੂੰ ਸਮੁੱਚੇ ਪ੍ਰਵਾਰ ਦੇ ਨਾਂਅ ਸਨਮਾਨ ਪੱਤਰ ਦੇ ਕੇ ਸਨਮਾਨਤ ਵੀ ਕੀਤਾ। ਮਨਿੰਦਰ ਕੌਰ ਨੇ ਵੀ ਆਪਣੇ ਜਜ਼ਬਾਤ ਸਾਂਝੇ ਕੀਤੇ। ਸਟੇਜ ਸੰਚਾਲਨ ਰਾਜਿੰਦਰ ਕੰਡਿਆਲੀ ਨੇ ਬਾਖੂਬੀ ਨਿਭਾਇਆ। ਅੰਤ ਵਿੱਚ ਜ਼ੋਨ ਲੁਧਿਆਣਾ ਦੇ ਵਿੱਤ ਮੁਖੀ ਆਤਮਾ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਮੀਤ ਪ੍ਰਧਾਨ ਪ੍ਰੋ. ਏ ਕੇ ਮਲੇਰੀ, ਬਲਵਿੰਦਰ ਸਿੰਘ ਮੁਖੀ ਲੁਧਿਆਣਾ, ਨਿਰਮਲ ਸਿੰਘ, ਤਰਕਸ਼ੀਲ ਇਕਾਈ ਕੋਹਾੜਾ ਤੋਂ ਗੁਰਦੀਪ ਸਿੰਘ, ਮਨਜੀਤ ਘਣਗਸ, ਸੁਧਾਰ ਤੋਂ ਮਾ. ਕਰਨੈਲ ਸਿੰਘ, ਮਲੇਰਕੋਟਲਾ ਇਕਾਈ ਤੋਂ ਮੋਹਨ ਬਡਲਾ ਸਮੇਤ ਕਈ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

## ਦਿੱਲੀ ਐੱਮ ਸੀ ਡੀ ਚੋਣਾਂ ਜਿੱਤਣ ਦੀ ਖੁਸ਼ੀ 'ਚ ਵਿਧਾਇਕ ਨੇ ਲੱਡੂ ਵੰਡੇ



**ਨਾਭਾ (ਵਰਿੰਦਰ ਵਰਮਾ)**

ਦਿੱਲੀ ਐੱਮ ਸੀ ਡੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਦੀ ਖੁਸ਼ੀ ਵਿੱਚ ਆਮ ਆਦਮੀ ਪਾਰਟੀ ਦਫਤਰ ਨਾਭਾ ਵਿਖੇ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਵਲੰਟੀਅਰ ਨਾਲ ਮਿਲ ਕੇ ਲੱਡੂ ਵੰਡੇ ਤੇ ਭੰਗੜੇ ਪਾਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੇਵ ਮਾਨ ਨੇ ਕਿਹਾ ਕਿ ਦਿੱਲੀ ਐਮ ਸੀ ਡੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ 134 ਸੀਟਾਂ 'ਤੇ ਜਿੱਤ ਦਰਜ ਕਰਕੇ ਭਾਜਪਾ ਦੇ 15 ਸਾਲ ਦੇ ਕਿਲ੍ਹੇ ਨੂੰ ਢਹਿ ਢੇਰੀ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਨੂੰ ਆਪਣਾ ਰਹੇ ਹਨ। ਇਸ ਮੌਕੇ ਉਨ੍ਹਾ ਨਾਲ ਅਜੇ ਜਿੰਦਲ ਜ਼ਿਲ੍ਹਾ ਪ੍ਰਧਾਨ ਵਪਾਰ ਮੰਡਲ ਪਟਿਆਲਾ, ਪੰਕਜ ਪੱਪੂ ਸਟੀਲ, ਜਸਵੰਤ ਸਿੰਘ ਕਪੂਰ, ਸ਼ਹਿਰੀ ਪ੍ਰਧਾਨ ਅਸ਼ੋਕ ਅਰੋੜਾ, ਹਰਮੀਕ ਸਿੰਘ ਬਾਜਵਾ, ਹਰਮੇਸ਼ ਸਿੰਘ ਮੇਸ਼ੀ, ਮਨਪ੍ਰੀਤ ਸਿੰਘ ਧਾਰੋਕੀ, ਤੇਜਿੰਦਰ ਸਿੰਘ ਖਹਿਰਾ, ਕਪਿਲ ਮਾਨ, ਦੀਪਾ ਰਾਮਗੜ੍ਹ, ਗੁਰਦੀਪ ਸਿੰਘ ਟਿਵਾਣਾ, ਭੁਪਿੰਦਰ ਸਿੰਘ ਕੱਲਰਮਾਜਰੀ, ਗਾਇਕ ਕਰਮਾ ਟੌਪਰ, ਦਵਿੰਦਰ ਕੁਲਾਰਾ ਪ੍ਰਧਾਨ ਟਰੱਕ ਯੂਨੀਅਨ ਨਾਭਾ, ਗੁਰਪ੍ਰੀਤ ਸਿੰਘ ਗੋਪੀ, ਸੁਖਦੇਵ ਸਿੰਘ ਮਾਨ, ਸੰਦੀਪ ਸ਼ਰਮਾ ਸ਼ਹਿਰੀ ਯੂਥ ਪ੍ਰਧਾਨ, ਸੋਨੂੰ, ਜਸਵੀਰ ਸਿੰਘ ਜੱਸੀ, ਅਮਨਦੀਪ ਸਿੰਘ ਰਹਿਲ, ਸੁਖਵਿੰਦਰ ਰਾਣਾ, ਸਿਮਰਨਜੀਤ ਸਿੰਘ ਅੜਕ ਚੌਹਾਨ, ਲਾਲੀ ਫਤਿਹਪੁਰ, ਮਨਜੋਤ ਸਿੰਘ ਲੱਧਾਹੇੜੀ, ਹੈਪੀ ਬੁੱਗਾ, ਸੁਖਪ੍ਰੀਤ ਸਿੰਘ ਸੁਰਾਜਪੁਰ, ਹਰਮੀਕ ਸਿੰਘ ਬਾਜਵਾ, ਅਮਨਦੀਪ ਸਿੰਘ ਰਹਿਲ, ਘੋਨਾ ਸਿੰਘ, ਮੋਨੂੰ ਡੱਲਾ, ਧਰਮਿੰਦਰ ਸਿੰਘ ਸੁਖੇਵਾਲ, ਮਨਪ੍ਰੀਤ ਸਿੰਘ ਕਾਲੀਆ, ਪ੍ਰਭ ਰਾਮਗੜ੍ਹੀਆ, ਜਸਵੀਰ ਸਿੰਘ ਵਜੀਦਪੁਰ ਤੇ ਹੋਰ ਸ਼ਹਿਰ ਨਿਵਾਸੀ ਵੱਡੀ ਗਿਣਤੀ 'ਚ ਮੌਜੂਦ ਸਨ।

# ਉਸਾਰੀ ਕਿਰਤੀਆਂ ਦੇ ਬੱਚਿਆਂ ਦੀ ਰੁਕੀ ਵਜ਼ੀਫਾ ਰਾਸ਼ੀ ਸੰਬੰਧੀ ਖੇਤ ਮਜ਼ਦੂਰ ਸਭਾ ਦਾ ਵਫਦ ਸਹਾਇਕ ਕਮਿਸ਼ਨਰ ਨੂੰ ਮਿਲਿਆ

**■ ਕਿਰਤ ਵਿਭਾਗ ਪੰਜਾਬ ਦੇ ਡਾਇਰੈਕਟਰ ਨੂੰ ਭੇਜਿਆ ਮੰਗ ਪੱਤਰ**

**ਜਲਾਲਾਬਾਦ (ਜੀਤ ਕੁਮਾਰ)**

ਕਿਰਤ ਵਿਭਾਗ ਪੰਜਾਬ ਸਰਕਾਰ ਦੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਅਧੀਨ ਰਜਿਸਟਰਡ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਦੀ ਸਾਲ 2017 ਤੋਂ 2021 ਤੱਕ ਰੁਕੀ ਵਜ਼ੀਫਾ ਰਾਸ਼ੀ ਜਾਰੀ ਕਰਵਾਉਣ ਦੀ ਮੰਗ ਲਈ ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਜਲਾਲਾਬਾਦ ਦਾ ਇਕ ਵਫਦ ਜ਼ਿਲ੍ਹਾ ਫਾਜ਼ਿਲਕਾ ਦੇ ਕਿਰਤ ਵਿਭਾਗ ਦੇ ਸਹਾਇਕ ਕਮਿਸ਼ਨਰ ਨੂੰ ਮਿਲਿਆ ਤੇ ਕਿਰਤ ਵਿਭਾਗ ਪੰਜਾਬ ਸਰਕਾਰ ਚੰਡੀਗੜ੍ਹ ਦੇ ਡਾਇਰੈਕਟਰ ਦੇ ਨਾਂਅ 'ਤੇ 'ਮੰਗ-ਪੱਤਰ' ਦਿੱਤਾ ਗਿਆ। ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਜਲਾਲਾਬਾਦ ਦੇ ਪ੍ਰਧਾਨ ਕਾਮਰੇਡ ਮੁਖਤਿਆਰ ਸਿੰਘ ਕਮਰੇਵਾਲਾ, ਪ੍ਰੈੱਸ ਸਕੱਤਰ ਸਤਨਾਮ ਸਿੰਘ, ਸ਼ੇਰ ਸਿੰਘ ਫਲੀਆਂਵਾਲਾ, ਸਵਰਨ ਸਿੰਘ, ਪ੍ਰੇਮ ਸਿੰਘ, ਜਰਨੈਲ ਸਿੰਘ, ਬਲਵੀਰ ਸਿੰਘ ਆਲਮਸ਼ਾਹ ਆਦਿ ਮੌਜੂਦ ਸਨ। ਇਸ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦੇ ਹੋਏ ਪੰਜਾਬ ਖੇਤ ਮਜ਼ਦੂਰ ਸਭਾ ਦੇ ਬਲਾਕ ਪ੍ਰਧਾਨ ਕਾਮਰੇਡ ਮੁਖਤਿਆਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਫਾਜ਼ਿਲਕਾ ਵਿੱਚ ਕਿਰਤ ਵਿਭਾਗ ਦੇ ਲੇਬਰ ਨਾਲ ਜੁੜੇ ਕਿਰਤੀ ਕਾਮਿਆਂ ਵੱਲੋਂ ਆਪਣੇ ਬੱਚਿਆਂ ਦੇ ਵਜ਼ੀਫੇ ਦੇ ਫਾਰਮ ਭਰ ਕੇ ਵਿਭਾਗ ਦੇ ਦਫਤਰ ਤੇ ਸੇਵਾ ਕੇਂਦਰਾਂ ਰਾਹੀ ਜਮ੍ਹਾਂ ਕਰਵਾਏ ਗਏ ਸਨ ਅਤੇ ਇਨ੍ਹਾਂ ਫਾਰਮਾਂ ਵਿੱਚੋਂ ਕਈ ਫਾਰਮਾਂ 'ਤੇ ਇਤਰਾਜ ਲਗਾ ਕੇ ਵਜ਼ੀਫਾ ਰੋਕਿਆ ਗਿਆ ਹੈ, ਜਿਸ ਕਾਰਨ ਫਾਜ਼ਿਲਕਾ ਜ਼ਿਲ੍ਹੇ ਵਿੱਚ ਕਿਰਤੀ ਕਾਮਿਆਂ ਦੇ ਬੱਚਿਆਂ ਦੇ ਵਜ਼ੀਫਾ ਫਾਰਮ ਸਾਲ 2017 ਤੋਂ 2021 ਤੱਕ ਲੱਗੇ ਇਤਰਾਜ਼ਾਂ ਨੂੰ ਦੂਰ ਕਰਨ ਵਾਸਤੇ ਸਥਾਨਕ ਪੱਧਰ 'ਤੇ ਅਧਿਕਾਰੀਆਂ ਵੱਲੋਂ ਰੁਚੀ ਨਾ ਦਿਖਾਉਣ ਕਰਕੇ ਵਜ਼ੀਫੇ ਰੁਕੇ ਪਏ ਹਨ।


ਲੇਬਰ ਵਿਭਾਗ ਦੇ ਸਹਾਇਕ ਕਮਿਸ਼ਨਰ ਨੂੰ ਮੰਗ ਪੱਤਰ ਦਿੰਦੇ ਮਜ਼ਦੂਰ ਆਗੂ।

ਪੰਜਾਬ ਖੇਤ ਮਜ਼ਦੂਰ ਸਭਾ ਬਲਾਕ ਜਲਾਲਾਬਾਦ ਵੱਲੋਂ ਕਿਰਤ ਵਿਭਾਗ ਪੰਜਾਬ ਦੇ ਡਾਇਰੈਕਟਰ ਨੂੰ 'ਮੰਗ-ਪੱਤਰ' ਭੇਜ ਕੇ ਪੁਰਜ਼ੋਰ ਮੰਗ ਕੀਤੀ ਗਈ ਕਿ ਜ਼ਿਲ੍ਹਾ ਫਾਜ਼ਿਲਕਾ ਨਾਲ ਸਬੰਧਤ ਕਿਰਤੀ ਕਾਮਿਆਂ ਦੇ ਬੱਚਿਆਂ ਦੇ ਵਜ਼ੀਫੇ ਦੇ ਫਾਰਮਾਂ 'ਤੇ ਲੱਗੇ ਇਤਰਾਜ਼ਾਂ ਨੂੰ ਤੁਰੰਤ ਦੂਰ ਕਰਨ ਲਈ ਸਬੰਧਤ ਲਾਭਪਾਤਰੀਆਂ ਨਾਲ ਰਾਬਤਾ ਕਾਇਮ ਕੀਤਾ ਜਾਵੇ ਤੇ ਰੁਕੀ ਵਜ਼ੀਫਾ ਰਾਸ਼ੀ ਜਾਰੀ ਕੀਤੀ ਜਾਵੇ ਤਾਂ ਜੋ ਕਿਰਤ ਵਿਭਾਗ ਨਾਲ ਜੁੜੇ ਕਾਮਿਆਂ ਦੇ ਬੱਚਿਆਂ ਨੂੰ ਆਪਣੀ ਪੜ੍ਹਾਈ ਜਾਰੀ ਰੱਖਣ ਵਿੱਚ ਆ ਰਹੀਆਂ ਮੁਸ਼ਕਲਾਂ ਤੋਂ ਬਚਿਆ ਜਾ ਸਕੇ।

ਉਧਰ, ਕਿਰਤ ਵਿਭਾਗ ਦੇ ਸਹਾਇਕ ਕਮਿਸ਼ਨਰ ਜੇ. ਪੀ. ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਇਸ ਮਸਲੇ ਦਾ ਹੱਲ ਜਲਦੀ ਕਰਵਾਇਆ ਜਾਵੇਗਾ।

# ਸੜਕ 'ਤੇ ਖੜੀ ਕਾਰ ਉੱਪਰ ਤੇਜ਼ ਰਫਤਾਰ ਬੱਸ ਚੜ੍ਹੀ, ਇੱਕ ਮੌਤ, 4 ਜ਼ਖਮੀ

**■ ਫਰੀਦਾਬਾਦ ਤੋਂ ਜੰਮੂ-ਕਸ਼ਮੀਰ ਕਾਰ 'ਚ ਜਾ ਰਹੇ ਪਰਿਵਾਰ ਨਾਲ ਤੜਕੇ ਸਰਹਿੰਦ ਵਿਖੇ ਵਾਪਰਿਆ ਹਾਦਸਾ**

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਬੁੱਧਵਾਰ ਤੜਕੇ ਸਰਹਿੰਦ ਹਾਈਵੇ 'ਤੇ ਵਾਪਰੇ ਇੱਕ ਸੜਕ ਹਾਦਸੇ 'ਚ ਇੱਕ ਔਰਤ ਦੀ ਮੌਤ ਹੋ ਜਾਣ ਤੇ ਤਿੰਨ ਵਾਹਨ ਨੁਕਸਾਨੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਜ਼ੇਰੇ ਇਲਾਜ ਜ਼ਿਲ੍ਹਾ ਆਨੰਤਨਾਗ (ਜੰਮੂ-ਕਸ਼ਮੀਰ) ਦੇ 34 ਸਾਲਾ ਵਸਨੀਕ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਫਰੀਦਾਬਾਦ ਵਿਖੇ ਪ੍ਰਾਈਵੇਟ ਕੰਪਨੀ 'ਚ ਕੰਮ ਕਰਦਾ ਹੈ ਤੇ ਅੱਜ ਵੱਡੇ ਤੜਕੇ ਉਹ ਆਪਣੀ ਪਤਨੀ ਅਮਰਪ੍ਰੀਤ ਕੌਰ (32), ਲੜਕੀ ਪਵਲੀਨ ਕੌਰ (6), ਲੜਕਾ ਗੁਰਮਨ ਸਿੰਘ (1) ਤੇ ਸੱਸ ਧੀਰਜ ਕੌਰ (53) ਨੂੰ ਆਪਣੀ ਟਾਟਾ ਟਿਆਗੋ ਕਾਰ 'ਚ ਬਿਠਾ ਕੇ ਫਰੀਦਾਬਾਦ ਤੋਂ ਜੰਮੂ-ਕਸ਼ਮੀਰ ਲਈ ਰਵਾਨਾ ਹੋਇਆ ਸੀ ਤੇ ਜਦੋਂ ਤੜਕੇ ਕਰੀਬ 4.30 ਵਜੇ ਉਹ ਮੇਨ ਹਾਈਵੇ ਸਰਹਿੰਦ ਵਿਖੇ ਪੁਰਾਣੇ ਬੱਸ ਸਟੈਂਡ ਵਾਲੇ ਫਲਾਈਓਵਰ 'ਤੇ ਪਹੁੰਚੇ ਤਾਂ ਇੱਕ ਬੋਲੈਰੋ ਜੀਪ ਨੰਬਰ ਐੱਚ.ਆਰ.58.ਬੀ-5687 ਬਿਨਾਂ ਕਿਸੇ ਰਿਫਲੈਕਟਰ ਜਾਂ ਇੰਡੀਕੇਟਰ ਚਲਾਏ ਸੜਕ ਦੇ ਸੱਜੇ ਪਾਸੇ ਖੜੀ ਸੀ, ਜਿਸ ਦੇ ਪਿੱਛੇ ਉਸ ਦੀ ਕਾਰ ਵੱਜੀ ਤੇ ਬੋਲੈਰੋ ਗੱਡੀ ਦੇ ਪਿੱਛੇ ਫਸ ਗਈ, ਜਿਸ 'ਤੇ ਉਸ ਦਾ ਸਾਰਾ ਪਰਿਵਾਰ ਕਾਰ 'ਚੋਂ ਉੱਤਰ ਕੇ ਸਾਈਡ 'ਤੇ ਖੜ ਗਿਆ, ਜਦੋਂ ਕਿ ਉਸ ਦੀ ਸੱਸ ਹਾਲੇ ਕਾਰ ਦੀ ਪਿਛਲੀ ਸੀਟ 'ਤੇ ਹੀ ਬੈਠੀ ਸੀ ਤਾਂ ਇੰਨੇ 'ਚ ਪਿੱਛੋਂ ਆਈ ਇੱਕ ਤੇਜ਼ ਰਫਤਾਰ ਬੱਸ ਨੰਬਰ ਯੂ.ਪੀ.31.ਟੀ-7676 ਦੇ ਚਾਲਕ ਨੇ ਬੱਸ ਲਿਆ ਕੇ ਉਨ੍ਹਾਂ ਦੀ ਖੜੀ ਕਾਰ 'ਚ ਮਾਰੀ, ਜਿਸ ਕਾਰਨ ਕਾਰ 'ਚ ਬੈਠੀ ਉਸ ਦੀ ਸੱਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਉਸ ਦੇ, ਉਸ ਦੀ ਪਤਨੀ ਤੇ ਬੱਚਿਆਂ ਦੇ ਸੱਟਾਂ ਲੱਗੀਆਂ। ਮਹਿੰਦਰ ਸਿੰਘ ਨੇ ਦੱਸਿਆ ਕਿ ਹਾਦਸਾ ਵਾਪਰਨ ਉਪਰੰਤ ਬੱਸ ਚਾਲਕ ਤੇ ਬੋਲੈਰੋ ਚਾਲਕ ਉਨ੍ਹਾਂ ਨੂੰ ਉਸੇ ਹਾਲ 'ਚ ਛੱਡ ਕੇ ਮੌਕੇ 'ਤੋਂ ਭੱਜ ਗਏ। ਮ੍ਰਿਤਕ ਦੀ ਲਾਸ਼ ਤੇ ਹਾਦਸਾਗ੍ਰਸਤ ਵਾਹਨਾਂ ਨੂੰ ਕਬਜ਼ੇ 'ਚ ਲੈਂਦਿਆਂ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਬੱਸ ਚਾਲਕ ਤੇ ਬੋਲੈਰੋ ਚਾਲਕ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਗਈ ਹੈ।

# ਜਲ ਸਪਲਾਈ ਪਾਈਪਾਂ ਪਾਉਣ ਵੇਲੇ ਸੀਵਰੇਜ ਸਿਸਟਮ ਕੀਤਾ ਬਰਬਾਦ

**ਜੇ ਸੀ ਬੀ ਮਸ਼ੀਨ ਨਾਲ ਸੀਵਰੇਜ ਕੁਨੈਕਸ਼ਨ ਤੇ ਸੀਵਰੇਜ ਚੈਂਬਰ ਭੰਨ ਸੁੱਟੇ**

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਥੋਂ ਦੇ ਨਾਮਦੇਵ ਨਗਰ ਵਿੱਚ ਜਨ ਸਿਹਤ ਵਿਭਾਗ ਵੱਲੋਂ ਪਾਈ ਜਾ ਰਹੀ ਨਵੀਂ ਜਲ ਸਪਲਾਈ ਪਾਈਪ ਦੇ ਕੰਮ ਦੌਰਾਨ ਠੇਕੇਦਾਰ ਵੱਲੋਂ ਅੰਨ੍ਹੇਵਾਹ ਜੇ. ਸੀ. ਬੀ. ਮਸ਼ੀਨ ਦੀ ਵਰਤੋਂ ਕਰਕੇ ਸੈਂਕੜੇ ਘਰਾਂ ਦੀਆਂ ਸੀਵਰੇਜ ਪਾਈਪਾਂ ਤੇ ਸੀਵਰੇਜ ਚੈਂਬਰ ਤੋੜ ਦਿੱਤੇ ਹਨ। ਹੁਣ ਲੋਕਾਂ ਵੱਲੋਂ ਪੱਲਿਓਂ ਲੱਖਾਂ ਰੁਪਏ ਖਰਚ ਕਰਕੇ ਇਹ ਸੀਵਰੇਜ ਕੁਨੈਕਸ਼ਨ ਜੋੜੇ ਜਾ ਰਹੇ ਹਨ। ਠੇਕੇਦਾਰ ਦੇ ਬੰਦੇ ਸੀਵਰੇਜ ਤੇ ਜਲ ਸਪਲਾਈ ਕੁਨੈਕਸ਼ਨ ਜੋੜਨ ਬਦਲੇ ਮੂੰਹੋਂ ਮੰਗੇ ਪੈਸੇ ਲੈ ਰਹੇ ਹਨ। ਮੁਹੱਲਾ ਵਾਸੀ ਜਸਪ੍ਰੀਤ ਸਿੰਘ, ਸੋਨੂੰ ਹੋਰਾਂ ਨੇ ਦੱਸਿਆ ਕਿ ਰੋਕਣ ਦੇ ਬਾਵਜੂਦ ਠੇਕੇਦਾਰ ਵੱਲੋਂ ਭੀੜੀਆਂ ਗਲੀਆਂ ਵਿੱਚ ਜਬਰਦਸਤੀ ਜੇ. ਸੀ. ਬੀ. ਵਾੜ ਕੇ ਪੁਟਾਈ ਕਰ ਦਿੱਤੀ, ਜਿਸ ਨਾਲ ਸੀਵਰੇਜ ਦੀਆਂ ਪਾਈਪਾਂ ਟੁੱਟ ਗਈਆਂ। ਇਕ ਸੀਵਰੇਜ ਕੁਨੈਕਸ਼ਨ ਜੋੜਨ 'ਤੇ ਕਰੀਬ ਦੋ ਤੋਂ ਤਿੰਨ ਹਜ਼ਾਰ ਰੁਪਏ ਦਾ ਖਰਚਾ ਆ ਰਿਹਾ ਹੈ। ਕਰੀਬ ਤਿੰਨ ਸੌ ਘਰਾਂ ਦੇ ਕੁਨੈਕਸ਼ਨ ਟੁੱਟੇ ਹਨ।


ਜਲ ਸਪਲਾਈ ਪਾਈਪ ਪਾਉਣ ਵਾਲੇ ਜੇ ਸੀ ਬੀ ਮਸ਼ੀਨ ਨਾਲ ਟੁੱਟਿਆ ਸੀਵਰੇਜ ਚੈਂਬਰ।

ਰਘੂਨਾਥ ਨੇ ਦੱਸਿਆ ਕਿ ਗਲੀ ਨੰਬਰ ਡੇਢ ਨਾਮਦੇਵ ਨਗਰ ਦੇ ਸੀਵਰੇਜ ਚੈਂਬਰ ਦੀਆਂ ਕੰਧਾਂ ਹੀ ਜੇ. ਸੀ. ਬੀ. ਨਾਲ ਤੋੜ ਦਿੱਤੀਆਂ ਹਨ, ਜਿਸ ਕਰਕੇ ਹੁਣ ਇਸ ਚੈਂਬਰ ਵਿੱਚੋਂ ਸੀਰਵੇਜ ਦਾ ਗੰਦਾ ਪਾਣੀ ਰਿਸਦਾ ਰਹਿੰਦਾ ਹੈ। ਸੀਵਰੇਜ ਦੀਆਂ ਕਈ ਪਾਈਪਾਂ ਨੂੰ ਬੋਰੀਆਂ ਨਾਲ ਬੰਦ ਕਰ ਦਿੱਤਾ ਗਿਆ ਹੈ, ਜੋ ਕਿ ਬਾਅਦ ਵਿੱਚ ਵੱਡੀ ਸਮੱਸਿਆ ਬਣਨੀ ਹੈ। ਪੁਟਾਈ ਤੋਂ ਬਾਅਦ ਗਲੀਆਂ ਦੀ ਮੁਰਮੰਤ ਵੀ ਨਹੀਂ ਕੀਤੀ ਗਈ, ਜਿਸ ਕਰਕੇ ਲੋਕਾਂ ਦਾ ਘਰਾਂ ਵਿੱਚੋਂ ਨਿਕਲਣਾ ਬੰਦ ਹੋ ਗਿਆ ਹੈ। ਬੱਚਿਆਂ ਨੂੰ ਸਕੂਲ ਜਾਣ ਵਾਸਤੇ ਤੁਰਕੇ ਸੜਕ ਤੱਕ ਜਾਣਾ ਪੈਂਦਾ ਹੈ, ਪਰ ਠੇਕੇਦਾਰ ਵੱਲੋਂ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ। ਲੋਕਾਂ ਦੀ ਮੰਗ ਹੈ ਕਿ ਜੇ ਸੀ ਬੀ ਨਾਲ ਪੁੱਟਾਈ ਕਰਨ ਕਰਕੇ ਟੁੱਟੀਆਂ ਸੀਵਰੇਜ ਪਾਈਪਾਂ ਤੇ ਸੀਵਰੇਜ ਚੈਂਬਰਾਂ ਨੂੰ ਜਨ ਸਿਹਤ ਵਿਭਾਗ ਵੱਲੋਂ ਠੀਕ ਕਰਵਾਇਆ ਜਾਵੇ। ਇਸ ਸਬੰਧੀ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨਾਲ ਸੰਪਰਕ ਕਰਨ 'ਤੇ ਉਨ੍ਹਾ ਕਿਹਾ ਕਿ ਉਹ ਜਲਦੀ ਹੀ ਇਸ ਸਬੰਧੀ ਬਣਦੀ ਕਾਰਵਾਈ ਕਰਨਗੇ।

# ਕੁੱਟਮਾਰ ਦੇ ਮਾਮਲੇ 'ਚ 3 ਖਿਲਾਫ ਕੇਸ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਛਾਉਣੀ ਸਥਿਤ ਗੁਰੂ ਕ੍ਰਿਪਾ ਡੇਅਰੀ ਮੇਨ ਬਾਜ਼ਾਰ ਬਸਤੀ ਟੈਂਕਾਂਵਾਲੀ ਦੇ ਕੋਲ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਵਿਅਕਤੀ ਦੀ ਕੁੱਟਮਾਰ ਕਰਨ ਦੀ ਖਬਰ ਮਿਲੀ ਹੈ। ਇਸ ਸੰਬਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਤਿੰਨ ਅਣਪਛਾਤੇ ਨੌਜਵਾਨਾਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਮਨ ਪੁੱਤਰ ਰਾਮ ਕ੍ਰਿਸ਼ਨ ਵਾਸੀ ਮਕਾਨ ਨੰਬਰ 366 ਗਵਾਲ ਮੰਡੀ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੀ ਡੇਅਰੀ 'ਤੇ ਕੰਮ ਕਰਨ ਵਾਲੇ ਲੜਕੇ ਨਾਲ ਕਾਊਂਟਰ 'ਤੇ ਦੁੱਧ ਵੇਚ ਰਿਹਾ ਸੀ ਤਾਂ 3 ਅਣਪਛਾਤੇ ਲੜਕੇ ਕਾਰ ਵਰਨਾ ਰੰਗ ਚਿੱਟਾ ਨੰਬਰ ਐੱਚ ਆਰ 26 ਬੀ ਕਿਓ 2064 'ਤੇ ਆਏ ਤੇ ਕੰਮ ਕਰਨ ਵਾਲੇ ਲੜਕੇ ਵਰਿੰਦਰ ਕੁਮਾਰ ਨਾਲ ਬਿਨਾਂ ਵਜ੍ਹਾ ਬਹਿਸ ਕਰਨ ਲੱਗੇ ਤੇ ਉਸ ਨੂੰ ਗਲੇ ਤੋਂ ਫੜ ਲਿਆ। ਜਦ ਉਸ ਨੇ ਬਾਹਰ ਜਾ ਕੇ ਉਸ ਨੂੰ ਛਡਾਉਣ ਲੱਗਾ ਤਾਂ ਉਸ ਦੀ ਕੁੱਟਮਾਰ ਕਰਨ ਲੱਗੇ ਤੇ ਰੌਲਾ ਪੈਣ 'ਤੇ ਦੋਸ਼ੀਆਨ ਮੌਕੇ 'ਤੇ ਕਾਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਐੱਸ ਐੱਫ ਸੀ ਗਰੁੱਪ ਆਫ ਇੰਸਟੀਚਿਊਟਸ 'ਚ ਫਰੈਸ਼ਰ ਪਾਰਟੀ




**ਮੋਗਾ (ਅਮਰਜੀਤ ਬੱਬਰੀ)**-ਐੱਸ ਐੱਫ ਸੀ ਗਰੁੱਪ ਆਫ ਇੰਸਟੀਚਿਊਸ ਜਲਾਲਾਬਾਦ ਪੂਰਬੀ ਵਿਖੇ ਨਵੇਂ ਵਿੱਦਿਅਕ ਵਰ੍ਹੇ 2022-23 ਦੌਰਾਨ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਦੇ ਸਵਾਗਤ ਲਈ ਕਾਲਜ ਵਿੱਚ ਫਰੈਸ਼ਰ ਪਾਰਟੀ ਅਗਾਜ਼-2022 ਦਾ ਆਯੋਜਨ ਕੀਤਾ ਗਿਆ। ਫਰੈਸ਼ਰ ਪਾਰਟੀ ਵਿੱਚ ਧਰਮਕੋਟ ਹਲਕੇ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਤੇ ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਬਰਾੜ, ਐੱਸ.ਐੱਫ.ਸੀ. ਗਰੁੱਪ ਆਫ ਇੰਸਟੀਚਿਊਸ ਦੇ ਡਾਇਰੈਕਟਰ ਸ੍ਰੀ ਅਭਿਸ਼ੇਕ ਜਿੰਦਲ ਤੇ ਮੈਡਮ ਸ਼ੀਨਮ ਜਿੰਦਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਤੋਂ ਇਲਾਵਾ ਸਰਕਾਰੀ ਆਈ.ਟੀ.ਆਈ. ਮੋਗਾ ਤੋਂ ਕੁਲਵੰਤ ਸਿੰਘ, ਬਲਜੀਤ ਸਿੰਘ, ਗੁਰਮੀਤ ਸਿੰਘ ਨੇ ਪਹੁੰਚ ਕੇ ਆਪਣਾ ਕੀਮਤੀ ਯੋਗਦਾਨ ਪਾਇਆ। ਇਸ ਮੌਕੇ ਸਟੇਜ ਦੀ ਭੂਮਿਕਾ ਪ੍ਰੋ. ਕਰਮਜੀਤ ਕੌਰ ਨੇ ਨਿਭਾਈ। ਫ੍ਰੈਸ਼ਰ ਪਾਰਟੀ ਦੀ ਸ਼ੁਰੂਆਤ ਤਕਰੀਬਨ 10:30 ਸਵੇਰੇ ਸ਼ਬਦ ਗਾਇਨ ਕਰਕੇ ਕੀਤੀ ਗਈ। ਵਿਦਿਆਥੀਆਂ ਵੱਲੋਂ ਪਾਰਟੀ 'ਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ ਗਿਆ। ਲੜਕੀਆਂ ਵੱਲੋਂ ਗਰੁੱਪ ਡਾਂਸ, ਰਵਾਇਤੀ ਲੋਕ ਗੀਤ, ਸੋਲੋ ਡਾਂਸ ਤੇ ਗਿੱਧੇ ਦੀ ਪੇਸ਼ਕਾਰੀ ਕੀਤੀ ਗਈ। ਲੜਕਿਆਂ ਵੱਲੋਂ ਕੋਰੀਓਗ੍ਰਾਫੀ, ਸਕਿੱਟ, ਭੰਗੜੇ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਦਿੱਤੀ। ਜੇਤੂ ਵਿਦਿਆਰਥਣਾਂ ਨੂੰ ਡਾਇਰੈਕਟਰ ਅਭਿਸ਼ੇਕ ਜਿੰਦਲ ਨੇ ਵਿਸ਼ੇਸ਼ ਸਨਮਾਨ ਤੇ ਵਧਾਈ ਦਿੱਤੀ। ਉਨ੍ਹਾਂ ਜੇਤੂ ਬੱਚਿਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਹੋਰ ਅੱਗੇ ਆਉਣ ਲਈ ਹੌਸਲਾ ਅਫਜ਼ਾਈ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦਿੰਦਿਆਂ ਉਨ੍ਹਾਂ ਦਾ ਪਾਰਟੀ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ।

ਇੰਸਟੀਟਿਊਸ ਦੇ ਡਿਪਟੀ ਡਾਇਰੈਕਟਰ ਡਾ: ਨਵਨੀਤ ਸ਼ਰਮਾ ਤੇ ਸਮੂਹ ਪ੍ਰਿੰਸੀਪਲ ਅਰਵਿੰਦਰ ਸਿੰਘ, ਅਨਿਲ ਜਿੰਦਲ, ਮਨਜਿੰਦਰ ਸਿੰਘ ਸੇਖੋਂ, ਗੁਰਪ੍ਰੀਤ ਕੌਰ, ਸਤਵੰਤ ਕੌਰ ਨੇ ਡਾਇਰੈਕਟਰ ਅਭਿਸ਼ੇਕ ਜਿੰਦਲ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਉਨ੍ਹਾਂ ਦਾ ਪਾਰਟੀ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ। ਅੰਤ ਵਿੱਚ ਸਮੂਹ ਪ੍ਰਿੰਸੀਪਲਜ਼ ਵੱਲੋਂ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਪਾਰਟੀ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ।

# ਸੜਕ ਹਾਦਸੇ 'ਚ ਸਕੂਟਰੀ ਚਾਲਕ ਦੀ ਮੌਤ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਿਟੀ ਪੁਲਸ ਨੇ ਸਕੂਟਰੀ ਤੇ ਟਰੱਕ ਦੀ ਟੱਕਰ 'ਚ ਸਕੂਟਰੀ ਚਾਲਕ ਦੀ ਮੌਤ ਹੋ ਜਾਣ 'ਤੇ ਟਰੱਕ ਚਾਲਕ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਕਰਮਵੀਰ ਵਾਸੀ ਬਾਬਾ ਦੀਪ ਸਿੰਘ ਨਗਰ ਮਲੋਟ ਨੇ ਦੱਸਿਆ ਕਿ ਉਸ ਦਾ ਰਾਹੁਲ ਕੁਮਾਰ, ਜੋ ਕਿ ਮਾਨਵਿਕ ਹਾਈਬ੍ਰਿਡ ਸੀਡ ਪ੍ਰਾਈਵੇਟ ਲਿਮਟਿਡ ਫਾਜ਼ਿਲਕਾ ਰੋਡ ਨੇੜੇ ਢਾਣੀ ਪ੍ਰਤਾਪ ਸਿੰਘ ਵਿਖੇ ਕੰਮ ਕਰਦਾ ਸੀ, ਬੈਟਰੀ ਵਾਲੀ ਸਕੂਟਰੀ 'ਤੇ ਘਰ ਰੋਟੀ ਖਾਣ ਆਇਆ ਸੀ ਤੇ ਰੋਟੀ ਖਾ ਕੇ ਉਸ ਨੇ ਆਪਣੀ ਫੈਕਟਰੀ ਵਾਪਸ ਜਾਣਾ ਸੀ ਅਤੇ ਮੈਂ ਵੀ ਆਪਣੇ ਕੰਮ ਕਾਰ ਦੇ ਸੰਬੰਧ 'ਚ ਬਾਹਰ ਜਾਣਾ ਸੀ ਅਤੇ ਉਸ ਨੇ ਆਪਣੇ ਲੜਕੇ ਰਾਹੁਲ ਕੁਮਾਰ ਨੂੰ ਕਿਹਾ ਕਿ ਉਹ ਉਸ ਨੂੰ ਮਲੋਟ-ਡੱਬਵਾਲੀ ਰੋਡ ਪੁੱਲ 'ਤੇ ਉਤਾਰ ਕੇ ਆਪਣੇ ਕੰਮ 'ਤੇ ਚੱਲਾ ਜਾਵੀਂ, ਜੋ ਮੈਨੂੰ ਆਪਣੀ ਸਕੂਟਰੀ ਉੱਪਰੋਂ ਪੁੱਲ ਉੱਪਰ ਉਤਾਰ ਕੇ ਪੁੱਲ ਦੇ ਅੱਗੇ ਕੱਟ ਉੱਪਰ ਘੁੰਮ ਕੇ ਆਉਣ ਲਈ ਸਕੂਟਰੀ ਤੋਰੀ ਤਾਂ ਪਿਛਲੇ ਪਾਸਿਓਂ ਮਲੋਟ ਵਾਲੀ ਸਾਈਡ ਤੋਂ ਬੜੀ ਤੇਜ਼ ਰਫ਼ਤਾਰ ਨਾਲ ਟਰੱਕ ਆਇਆ, ਜਿਸ ਨੂੰ ਟਰੱਕ ਡਰਾਇਵਰ ਮਲਕੀਤ ਪੁਰੀ ਬੜੀ ਤੇਜ਼ ਚਲਾ ਰਿਹਾ ਸੀ ਤੇ ਉਸ ਨੇ ਲਾਪ੍ਰਵਾਹੀ ਨਾਲ ਕੱਟ ਮਾਰਿਆ ਤਾਂ ਉਸ ਦਾ ਲੜਕਾ ਟਰੱਕ ਦੀ ਲਪੇਟ ਵਿੱਚ ਆ ਕੇ ਟਰੱਕ ਵਾਲੇ ਪਾਸੇ ਡਿੱਗ ਪਿਆ, ਜਿਸ ਦੇ ਉੱਪਰ ਦੀ ਟਰੱਕ ਦਾ ਪਿਛਲਾ ਟਾਇਰ ਲੰਘ ਗਿਆ, ਜਿਸ ਦੀ ਮੌਕੇ ਮੌਤੇ 'ਤੇ ਮੌਤ ਹੋ ਗਈ। ਉਸ ਨੇ ਦੱਸਿਆ ਕਿ ਉਸ ਨੇ ਰੌਲਾ ਪਾਇਆ ਤਾਂ ਕੁੱਝ ਵਿਅਕਤੀ ਟਰੱਕ ਨੂੰ ਰੋਕਣ ਲਈ ਭੱਜੇ, ਜਿਨ੍ਹਾਂ ਨੇ ਥੋੜ੍ਹੀ ਦੂਰ ਅੱਗੇ ਜਾ ਕੇ ਟਰੱਕ ਰੋਕ ਲਿਆ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਟਰੱਕ ਡਰਾਈਵਰ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਲੋਕ ਜੁਰਮ ਨੂੰ ਰੋਕਣ ਲਈ ਪੁਲਸ ਦਾ ਸਾਥ ਦੇਣ : ਯੋਗੇਸ਼ ਸ਼ਰਮਾ

**ਧੂਰੀ (ਰਾਜੇਸ਼ਵਰ ਪਿੰਟੂ)**-ਥਾਣਾ ਸਿਟੀ ਧੂਰੀ ਦੀ ਪੁਲਸ ਵੱਲੋਂ ਸਥਾਨਕ ਰੇਲਵੇ ਸਟੇਸ਼ਨ, ਬੱਸ ਸਟੈਂਡ ਸਮੇਤ ਹੋਰ ਕਈ ਜਨਤਕ ਥਾਵਾਂ 'ਤੇ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਡੀ ਐੱਸ ਪੀ ਧੂਰੀ ਯੋਗੇਸ਼ ਸ਼ਰਮਾ, ਡੀ ਐੱਸ ਪੀ ਸੰਗਰੂਰ ਪਰਮਿੰਦਰ ਸਿੰਘ ਗਰੇਵਾਲ ਤੇ ਐੱਸ ਐੱਚ ਓ ਸਿਟੀ ਰਮਨਦੀਪ ਸਿੰਘ ਬਾਵਾ ਸਮੇਤ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮਾਂ ਨੇ ਇਸ ਚੈਕਿੰਗ ਮੁਹਿੰਮ ਦੌਰਾਨ ਜਿੱਥੇ ਬੱਸ ਸਟੈਂਡ ਤੇ ਹੋਰ ਜਨਤਕ ਥਾਵਾਂ ਦੀ ਚੈਕਿੰਗ ਕੀਤੀ, ਉਥੇ ਉਨ੍ਹਾਂ ਰੇਲਵੇ ਸਟੇਸ਼ਨ 'ਤੇ ਵੱਖ-ਵੱਖ ਥਾਵਾਂ 'ਤੇ ਚੈਕਿੰਗ, ਸਟੇਸ਼ਨ ਦੇ ਨੇੜੇ ਖੜੇ ਵਾਹਨਾਂ ਨੂੰ ਚੈੱਕ ਕੀਤਾ ਤੇ ਸ਼ੱਕੀ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ। ਡੀ ਐੱਸ ਪੀ ਧੂਰੀ ਯੋਗੇਸ਼ ਸ਼ਰਮਾ ਨੇ ਚੈਕਿੰਗ ਦੇ ਮਕਸਦ ਬਾਰੇ ਦੱਸਿਆ ਕਿ ਉੱਚ ਅਧਿਕਾਰੀਆਂ ਦੇ ਹੁਕਮਾਂ 'ਤੇ ਅਚਨਚੇਤ ਚੈਕਿੰਗ ਕੀਤੀ ਗਈ ਹੈ ਤਾਂ ਕਿ ਸਮਾਜ ਵਿਰੋਧੀ ਤੇ ਮਾੜੇ ਅਨਸਰਾਂ ਦੀਆਂ ਗਤੀਵਿਧੀਆਂ ਨੂੰ ਰੋਕਿਆ ਜਾ ਸਕੇ। ਉਨ੍ਹਾ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਮਾਜ ਵਿੱਚ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਨੂੰ ਰੋਕਣ ਲਈ ਪੁਲਸ ਦਾ ਸਾਥ ਦੇਣ।



# ਦਿਵਿਆਂਗਜਨਾਂ ਨੂੰ ਸਕੀਮਾਂ ਦਾ ਪੂਰਾ ਲਾਭ ਦੇਣਾ ਯਕੀਨੀ ਹੋਵੇ : ਪੂਨਮਦੀਪ ਕੌਰ

**ਯੂ ਡੀ ਆਈ ਡੀ ਸਬੰਧੀ ਬਕਾਇਆ ਅਰਜ਼ੀਆਂ ਨਿਬੇੜਨ 'ਤੇ ਜ਼ੋਰ**

**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)**-ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਸਬੰਧੀ ਐਕਟ 2016 ਤਹਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ। ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਵੱਲੋਂ ਯੂ ਡੀ ਆਈ ਡੀ ਤਹਿਤ ਸਾਰੇ ਦਿਵਿਆਂਗਜਨਾਂ ਨੂੰ ਕਵਰ ਕਰਨ ਉਤੇ ਜ਼ੋਰ ਦਿੱਤਾ ਗਿਆ ਤਾਂ ਜੋ ਕੋਈ ਵੀ ਦਿਵਿਆਂਗਜਨ ਪੰਜਾਬ ਜਾਂ ਕੇਂਦਰ ਸਰਕਾਰ ਦੀ ਸਕੀਮ ਤੋਂ ਵਾਂਝਾ ਨਾ ਰਹੇ। ਇਸ ਮੌਕੇ ਸਿਹਤ ਵਿਭਾਗ ਨੂੰ ਯੂ ਡੀ ਆਈ ਡੀ ਪੋਰਟਲ 'ਤੇ ਬਕਾਇਆ ਅਰਜ਼ੀਆਂ ਦੇ ਨਿਬੇੜੇ ਵਿਚ ਤੇਜ਼ੀ ਲਿਆਉਣ ਲਈ ਕਿਹਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ ਨੂੰ ਬੌਧਿਕ ਦਿਵਿਆਂਗਤਾ ਵਾਲੇ ਵਿਦਿਆਰਥੀਆਂ ਦਾ ਡੈਟਾ ਸਿਹਤ ਤੇ ਸਮਾਜਿਕ ਸੁਰੱਖਿਆ ਵਿਭਾਗ ਨਾਲ ਸਾਂਝਾ ਕਰਨ ਨੂੰ ਕਿਹਾ ਤਾਂ ਜੋ ਉਨ੍ਹਾਂ ਵਿਦਿਆਰਥੀਆਂ ਨੂੰ ਸਕੀਮਾਂ ਦਾ ਲਾਭ ਦਿੱਤਾ ਜਾ ਸਕੇ। ਉਨ੍ਹਾਂ ਸਕੂਲਾਂ ਵਿੱਚ ਲੋੜੀਂਦੀਆਂ ਵ੍ਹੀਲ ਚੇਅਰਾਂ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ। ਇਸ ਮੌਕੇ ਉਨ੍ਹਾਂ ਹਦਾਇਤ ਕੀਤੀ ਕਿ ਲੀਡ ਬੈਂਕ ਮੈਨੇਜਰ ਰਾਹੀਂ ਏ ਟੀ ਐਮਜ਼ ਅੱਗੇ ਰੈਂਪ ਯਕੀਨੀ ਬਣਾਇਆ ਜਾਵੇ। ਇਸ ਮੌਕੇ ਐੱਸ ਡੀ ਐੱਮ ਗੋਪਾਲ ਸਿੰਘ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਤੇ ਆਵਾਸਪ੍ਰੀਤ ਕੌਰ, ਸਿਵਲ ਸਰਜਨ ਜਸਬੀਰ ਔਲਖ, ਜ਼ਿਲ੍ਹਾ ਸਿੱਖਿਆ ਅਫਸਰ ਸਰਬਜੀਤ ਸਿੰਘ ਤੂਰ ਤੇ ਜ਼ਿਲ੍ਹਾ ਅਟਾਰਨੀ ਹਾਜ਼ਰ ਸਨ।



# ਪੈਨਸ਼ਨਰਜ਼ ਐਸੋਸ਼ੀਏਸ਼ਨ ਵੱਲੋਂ ਸਨਮਾਨ ਸਮਾਰੋਹ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਪੈਨਸ਼ਰਨਜ਼ ਐਸੋਸੀਏਸ਼ਨ ਪਾਵਰਕਾਮ ਡਵੀਜ਼ਨ ਪਾਤੜਾਂ ਦੀ ਜਨਰਲ ਕੌਂਸਲ ਮੀਟਿੰਗ ਡਵੀਜ਼ਨ ਪ੍ਰਧਾਨ ਖਿਆਲੀ ਰਾਮ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਅਵਿਨਾਸ਼ ਸ਼ਰਮਾ ਨੇ ਵਿਸ਼ੇਸ਼ ਤੌਰ ਉਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਕੀਤੇ ਗਏ ਸਨਮਾਨ ਸਮਾਰੋਹ ਦੌਰਾਨ ਜ਼ਿੰਦਗੀ ਦੇ ਸੱਤਰ ਸਾਲ ਪੂਰੇ ਕਰ ਚੁੱਕੇ ਅੱਠ ਸੇਵਾਮੁਕਤ ਬਿਜਲੀ ਕਾਮਿਆਂ ਸੱਤਪਾਲ ਸ਼ਰਮਾ, ਜਰਨੈਲ ਸਿੰਘ ਜੇ ਈ, ਗੁਰਦੇਵ ਸਿੰਘ, ਮਦਨ ਲਾਲ, ਭਗਤ ਰਾਮ, ਕੁਲਦੀਪ ਸਿੰਘ, ਕੁਲਵੰਤ ਸਿੰਘ ਤੇ ਗੁਰਮੁੱਖ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਸੇਵਾਮੁਕਤ ਪਾਵਰਕਾਮ ਕਰਮਚਾਰੀ ਤੇ ਨਗਰ ਕੌਂਸਲ ਪਾਤੜਾਂ ਦੇ ਪ੍ਰਧਾਨ ਰਣਵੀਰ ਸਿੰਘ ਨੇ ਜਥੇਬੰਦੀ ਵੱਲੋਂ ਸਾਥੀ ਕਰਮਚਾਰੀਆਂ ਦੇ ਕੀਤੇ ਗਏ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਕਤ ਕਰਮਚਾਰੀਆਂ ਜ਼ਿੰਦਗੀ ਦੇ ਉਸ ਪੜਾਅ ਉਤੇ ਹਨ, ਜਿੱਥੇ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਕੀਤਾ ਗਿਆ ਸਨਮਾਨ ਉਨ੍ਹਾਂ ਦਾ ਸਨਮਾਨ ਨਹੀਂ ਸਗੋਂ ਜਥੇਬੰਦੀ ਦਾ ਆਪਣਾ ਮਾਣ ਹੈ। ਸਮਾਗਮ ਦੌਰਾਨ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਕਾਰਪੋਰੇਟ ਪੱਖੀ ਨੀਤੀਆਂ 'ਤੇ ਚੱਲਦਿਆਂ ਮੁਲਾਜ਼ਮ ਵਿਰੋਧੀ ਫੈਸਲੇ ਲੈ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਸ਼ਾਨ ਸਿੰਘ, ਬਲਵਿੰਦਰ ਸਿੰਘ ਤੇ ਕਰਨੈਲ ਸਿੰਘ ਆਦਿ ਨੇ ਸੰਬੋਧਨ ਕੀਤਾ।



# ਸੀ.ਬੀ.ਐੱਸ.ਈ. ਖੋ-ਖੋ ਚੈਂਪੀਅਨਸ਼ਿਪ ਭਲਕ ਤੋਂ

**ਲਹਿਰਾਗਾਗਾ (ਪਵਨ ਸ਼ਰਮਾ)**-ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲੋਂ ਕਲੱਸਟਰ-17 ਦੀ ਖੋ-ਖੋ ਚੈਂਪੀਅਨਸ਼ਿਪ ਡਾ. ਦੇਵ ਰਾਜ ਡੀ.ਏ.ਵੀ. ਸੀਨੀਅਰ ਸੈਕੰਡਰੀ ਪਬਲਿਕ ਸਕੂਲ ਖਾਈ/ਲਹਿਰਾਗਾਗਾ ਵਿੱਚ 10 ਦਸੰਬਰ ਤੋਂ ਸ਼ੁਰੂ ਹੋਣ ਜਾ ਰਹੀ ਹੈ। ਇਸ ਸੰਬਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਮੈਡਮ ਉਰਮਿਲਾ ਰਾਣੀ, ਐੱਲ. ਕੇ. ਖੋਖਰ, ਪੀ. ਕੇ. ਖੋਖਰ, ਐਡਵੋਕੇਟ ਅਨਿਰੁੱਧ ਕੌਸ਼ਲ ਤੇ ਪ੍ਰਿੰਸੀਪਲ ਸੁਖਵੀਰ ਕੌਰ ਨੇ ਦੱਸਿਆ ਕਿ ਤਿੰਨ ਦਿਨਾਂ (10, 11, 12) ਦਸੰਬਰ ਨੂੰ ਚੱਲਣ ਵਾਲੀ ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਮੁਕਤਸਰ, ਬਠਿੰਡਾ, ਮਾਨਸਾ, ਪਟਿਆਲਾ, ਸੰਗਰੂਰ, ਰੂਪਨਗਰ, ਮੋਹਾਲੀ ਤੋਂ ਇਲਾਵਾ ਚੰਡੀਗੜ੍ਹ ਦੇ ਸੀ.ਬੀ.ਐੱਸ.ਈ. ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ ਸਕੂਲਾਂ ਦੀਆਂ ਅੰਡਰ-19 (ਲੜਕੇ ਅਤੇ ਲੜਕੀਆਂ) ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਖੋ-ਖੋ ਚੈਂਪੀਅਨਸ਼ਿਪ ਦਾ ਉਦਘਾਟਨ ਹਲਕਾ ਲਹਿਰਾ ਦੇ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਕਰਨਗੇ, ਜਦੋਂਕਿ 11 ਦਸੰਬਰ ਨੂੰ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਗੋਬਿੰਦ ਸਿੰਘ ਸੰਧੂ, ਸੂਬਾ ਜਥੇਬੰਧਕ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਬਤੌਰ ਵਿਸ਼ੇਸ ਮਹਿਮਾਨ ਸ਼ਿਰਕਤ ਕਰਨਗੇ।

# ਕੈਂਬ੍ਰਿਜ ਸਕੂਲ ਦੀਆਂ ਅਧਿਆਪਕਾਂ ਨੂੰ ਸਰਵੋਤਮ ਅਧਿਆਪਕ ਪੁਰਸਕਾਰ




**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਚੰਡੀਗੜ੍ਹ ਯੂਨੀਵਰਸਿਟੀ ਕੈਂਪਸ ਵਿਖੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਵੱਲੋਂ ਕਰਵਾਏ ਗਏ ਸ਼ਾਨਦਾਰ ਸਮਾਰੋਹ ਦੌਰਾਨ ਕੈਂਬ੍ਰਿਜ ਸਕੂਲ ਹਥਨ ਦੀਆਂ ਅਧਿਆਪਕਾਵਾਂ ਸ਼੍ਰੀਮਤੀ ਸੋਨਮ ਤੇ ਗੁਰਜੀਤ ਕੌਰ ਨੂੰ 'ਸਰਵੋਤਮ ਅਧਿਆਪਕ ਕੌਮੀ ਪੁਰਸਕਾਰ' ਨਾਲ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਡਾ. ਸੋਮ ਪ੍ਰਕਾਸ਼ ਨੇ ਦੱਸਿਆ ਕਿ ਇਸ ਸਮਾਰੋਹ ਵਿੱਚ ਦੇਸ਼ ਭਰ ਦੇ ਕਰੀਬ 700 ਅਧਿਆਪਕਾਂ ਦੀ ਚੋਣ ਸਕੂਲਾਂ ਵੱਲੋਂ ਜਮ੍ਹਾਂ ਕਰਵਾਈਆਂ ਉਨ੍ਹਾਂ ਦੀਆਂ ਨਾਮਜ਼ਦਗੀਆਂ ਦੇ ਅਧਾਰ 'ਤੇ ਕੀਤੀ ਗਈ, ਜਿਸ ਵਿੱਚ ਉਨ੍ਹਾਂ ਦੀ ਵਿਸਥਾਰਤ ਪ੍ਰੋਫਾਈਲ, ਪ੍ਰਾਪਤੀਆਂ, ਅਧਿਆਪਕਾਂ ਦੀਆਂ ਨਵੀਆਂ ਖੋਜਾਂ ਤੇ ਦਿੱਤੇ ਗਏ ਵਿਸ਼ੇ ਦੀ ਵੀਡੀਓ ਸ਼ਾਮਲ ਸੀ। 'ਫੈਪ' ਟੀਮ ਵੱਲੋਂ ਗਰੇਡਿੰਗ ਦੇ ਅਧਾਰ 'ਤੇ ਇਨ੍ਹਾਂ ਨੂੰ ਚੁਣਿਆ ਗਿਆ। ਉਨ੍ਹਾ ਦੱਸਿਆ ਕਿ ਗੁਰਜੀਤ ਕੌਰ ਪ੍ਰਾਇਮਰੀ ਵਿੰਗ ਕੋਆਡੀਨੇਟਰ ਤੇ ਸੋਨਮ ਕਿੰਡਰਗਾਰਟਨ ਅਧਿਆਪਕਾ ਹੈ। ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਸਕੂਲ ਪਰਤੀਆਂ ਦੋਵਾਂ ਅਧਿਆਪਕਾਵਾਂ ਨੇ ਆਪਣੀ ਸਫ਼ਲਤਾ ਦਾ ਸਿਹਰਾ ਪ੍ਰਿੰਸੀਪਲ ਡਾ. ਸੋਮ ਪ੍ਰਕਾਸ਼ ਵੱਲੋਂ ਦਿੱਤੀ ਗਈ ਪੇਸ਼ੇਵਾਰ ਸਿਖਲਾਈ ਨੂੰ ਦਿੱਤਾ। ਇਸ ਮੌਕੇ ਕੈਂਬ੍ਰਿਜ ਗਰੁੱਪ ਆਫ਼ ਸਕੂਲਜ਼ ਦੇ ਚੇਅਰਮੈਨ ਮੱਖਣ ਲਾਲ ਗਰਗ ਤੇ ਡਾਇਰੈਕਟਰ ਹੀਨਾ ਨੇ ਦੋਵਾਂ ਅਧਿਆਪਕਾਵਾਂ ਨੂੰ ਦੋਵਾਂ ਅਧਿਆਪਕਾਂ ਨੂੰ ਮਾਣਮੱਤੀ ਪ੍ਰਾਪਤੀ 'ਤੇ ਵਧਾਈ ਦਿੱਤੀ।

# ਐੱਮ ਐੱਸ ਸੀ ਪ੍ਰੀਖਿਆ 'ਚ ਸ਼ਰੂਤੀ ਦਾ ਸ਼ਾਨਦਾਰ ਪ੍ਰਦਰਸ਼ਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੇ ਐੱਮ ਐੱਸ ਸੀ ਫਿਜਿਕਸ ਦੂਜੇ ਸਮੈਸਟਰ ਦੀ ਪ੍ਰੀਖਿਆ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਰਵੋਤਮ ਰਿਹਾ ਹੈ।ਕਾਲਜ ਦੇ ਫਿਜਿਕਸ ਵਿਭਾਗ ਦੀ ਵਿਦਿਆਰਥਣ ਸ਼ਰੂਤੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਆਯੋਜਤ ਐੱਮ ਐੱਸ ਸੀ ਦੂਜੇ ਸਮੈਸਟਰ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਕਾਲਜ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਇਆ ਹੈ।ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਰਹਿਨੁਮਾਈ ਤੇ ਡਾ. ਸੰਗੀਤਾ, ਪ੍ਰਿੰਸੀਪਲ ਦੀ ਅਗਵਾਈ ਵਿੱਚ ਸੰਸਥਾ ਦਿਨ-ਰਾਤ ਤਰੱਕੀ ਦੇ ਮਾਰਗ 'ਤੇ ਅਗਸਰ ਹੈ। ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਵਿਦਿਆਰਥੀ ਸ਼ਰੂਤੀ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਵਿਦਿਆਰਥਣ ਸ਼ਰੂਤੀ ਨੇ ਕੜੀ ਮਿਹਨਤ ਸਦਕਾ, ਜੋ ਮੁਕਾਮ ਹਾਸਲ ਕੀਤਾ ਹੈ, ਉਹ ਸ਼ਲਾਘਾਯੋਗ ਹੈ।ਇਸ ਦੌਰਾਨ ਐੱਮ ਐੱਸ ਸੀ ਫਿਜਿਕਸ ਦੇ ਵਿਭਾਗ ਦੇ ਮੁਖੀ ਐੱਸ ਐੱਸ ਗਿੱਲ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਟਾਪ-10 ਵਿੱਚ ਵਿਦਿਆਰਥਣ ਸ਼ਰੂਤੀ ਨੇ 7ਵਾਂ ਸਥਾਨ ਹਾਸਲ ਕੀਤਾ ਹੈ। ਇਸ ਖ਼ੁਸ਼ੀ ਦੇ ਮੌਕੇ ਕਾਲਜ ਦੇ ਪ੍ਰਿੰਸੀਪਲ ਨੇ ਫਿਜਿਕਸ ਵਿਭਾਗ ਦੇ ਮੁਖੀ ਐੱਸ ਐੱਸ ਗਿੱਲ, ਡਾ. ਆਸ਼ਾ ਤੇ ਹੋਰਨਾਂ ਅਧਿਆਪਕਾਂ ਨੂੰ ਵੀ ਮੁਬਾਰਕਬਾਦ ਦਿੱਤੀ।ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਵਿਦਿਆਰਥਣ ਨੂੰ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ।

# ਕੈਲੇਫੋਰਨੀਆ 'ਵਰਸਿਟੀ ਦੇ ਪ੍ਰੋਫੈਸਰ ਵੱਲੋਂ ਵਰਲਡ 'ਵਰਸਿਟੀ 'ਚ ਲੈਕਚਰ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਪੰਜਾਬੀ ਵਿਭਾਗ ਵੱਲੋਂ ਭਾਈ ਕਾਹਨ ਸਿੰਘ ਨਾਭਾ ਦੇ ਜਨਮ ਦਿਹਾੜੇ ਨੂੰ ਸਮਰਪਤ 'ਵਿਦੇਸ਼ਾਂ ਵਿੱਚ ਪੰਜਾਬੀ ਪੜ੍ਹਾਉਣ ਦੀਆਂ ਮੁਸ਼ਕਲਾਂ ਤੇ ਵਿਧੀਆਂ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਇਸ ਲੈਕਚਰ ਵਿੱਚ ਵਿਦਵਾਨ ਬੁਲਾਰੇ ਵਜੋਂ ਪ੍ਰੋ. ਅਵਤਾਰ ਸਿੰਘ, ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸੈਨ ਐਂਜ਼ੇ ਸ਼ਾਮਲ ਹੋਏ। ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ, ਡਾ. ਅਜਾਇਬ ਸਿੰਘ ਬਰਾੜ, ਵਾਈਸ ਚਾਂਸਲਰ, ਡਾ. ਪਰਿਤ ਪਾਲ ਸਿੰਘ, ਡੀਨ ਅਕਾਦਮਿਕ ਮਾਮਲੇ, ਡਾ. ਸ.ਸ. ਬਿਲਿੰਗ, ਡੀਨ ਵਿਦਿਆਰਥੀ ਭਲਾਈ ਤੇ ਮੁਖੀ, ਪੰਜਾਬੀ ਵਿਭਾਗ, ਡਾ. ਸਿਕੰਦਰ ਸਿੰਘ, ਸਮੂਹ ਪੰਜਾਬੀ ਵਿਭਾਗ ਦੇ ਅਧਿਆਪਕ, ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਤੇ ਵਿਦਿਆਰਥੀ ਸ਼ਾਮਲ ਹੋਏ।

ਪ੍ਰੋ. ਅਵਤਾਰ ਸਿੰਘ ਨੇ ਦੱਸਿਆ ਕਿ ਉਹ ਕਿਸ ਤਰ੍ਹਾਂ ਅਮਰੀਕਾ ਵਿੱਚ ਉਥੋਂ ਦੇ ਜੰਮਪਲ ਬੱਚਿਆਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਦਾ ਕਾਰਜ ਕਰ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾ ਨੂੰ ਉੱਥੇ ਪੰਜਾਬੀ ਦੂਸਰੀ ਭਾਸ਼ਾ ਵਜੋਂ ਪੜ੍ਹਾਉਣ ਵਿੱਚ ਕਿਹੜੀਆਂ ਮੁਸ਼ਕਲਾਂ ਆ ਰਹੀਆਂ ਹਨ। ਮਸਲਨ ਆਲੇ ਦੁਆਲੇ ਅੰਗਰੇਜ਼ੀ ਮਾਹੌਲ ਹੋਣਾ ਤੇ ਲੋਕਾਂ ਦਾ ਆਪਣੇ ਬੱਚਿਆਂ ਨੂੰ ਘੱਟ ਸਮਾਂ ਦੇਣਾ ਮੁੱਖ ਮੁਸ਼ਕਲਾਂ ਵਿੱਚੋਂ ਹਨ। ਉਨ੍ਹਾ ਨੇ ਪੰਜਾਬੀ ਤੇ ਅੰਗਰੇਜ਼ੀ ਵਿੱਚ ਵਾਕ ਬਣਤਰ ਤੇ ਮੁਹਾਰਨੀ ਦੇ ਫਰਕ ਕਰਕੇ ਪੜ੍ਹਾਉਣ ਵਿੱਚ ਆਉਂਦੀਆਂ ਮੁਸ਼ਕਲਾਂ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾ ਪੰਜਾਬੀ ਭਾਸ਼ਾ ਨੂੰ ਪੜ੍ਹਾਉਣ ਦੀਆਂ ਵੱਖ-ਵੱਖ ਵਿਧੀਆਂ ਬਾਰੇ ਵਿਚਾਰ ਸਾਂਝੇ ਕੀਤੇ। ਡਾ. ਅਵਤਾਰ ਸਿੰਘ ਨੇ ਅਹਿਮ ਗੱਲ ਇਹ ਦੱਸੀ ਕਿ ਵਾਸ਼ਿੰਗਟਨ ਸਟੇਟ ਵਿੱਚ ਅੰਗਰੇਜ਼ੀ ਤੋਂ ਸਿਵਾਏ ਕੋਈ ਇੱਕ ਹੋਰ ਬੋਲੀ ਪੜ੍ਹਨੀ ਯੂਨੀਵਰਸਿਟੀ ਦਾਖਲੇ ਲਈ ਲਾਜ਼ਮੀ ਕੀਤੀ ਗਈ ਹੈ, ਜਿਸ ਕਰਕੇ ਸਿੱਖ ਬੱਚੇ ਵਧੇਰੇ ਪੰਜਾਬੀ ਚੁਣਦੇ ਤੇ ਹੋਰ ਕੌਮਾਂ ਦੇ ਬੱਚੇ ਵਧੇਰੇ ਸਪੇਨੀ ਬੋਲੀ ਨੂੰ ਤਰਜੀਹ ਦਿੰਦੇ ਹਨ। ਅਖੀਰ ਵਿੱਚ ਡਾ. ਸਿਕੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਨੇ ਪ੍ਰੋ. ਅਵਤਾਰ ਸਿੰਘ ਦਾ ਧੰਨਵਾਦ ਕੀਤਾ। ਪ੍ਰੋ. (ਡਾ.) ਅਜਾਇਬ ਸਿੰਘ ਬਰਾੜ ਨੇ ਉਨ੍ਹਾਂ ਨੂੰ ਭਾਈ ਕਾਹਨ ਸਿੰਘ ਨਾਭਾ ਦਾ ਮਹਾਨ ਕੋਸ਼ ਸਤਿਕਾਰ ਵਜੋਂ ਭੇਟ ਕੀਤਾ।

# ਸਿਹਤ ਵਿਭਾਗ ਦੀ ਟੀਮ ਨੇ ਲੋਕਾਂ ਨੂੰ ਡੇਂਗੂ ਪ੍ਰਤੀ ਕੀਤਾ ਜਾਗਰੂਕ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਮੌਸਮੀ ਬਿਮਾਰੀਆਂ ਤੋਂ ਬਚਾਓ ਤੇ ਮੱਛਰਾਂ ਸਦਕਾ ਹੋਣ ਵਾਲੇ ਡੇਂਗੂ ਸਮੇਤ ਅਨੇਕਾਂ ਬਿਮਾਰੀਆਂ ਦੇ ਖਾਤਮੇ ਲਈ ਡਾ. ਰਵਜੀਤ ਸਿੰਘ ਸੀਨੀਅਰ ਮੈਡੀਕਲ ਅਫਸਰ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਦੇ ਹੁਕਮਾਂ ਅਨੁਸਾਰ ਸੀ.ਐੱਚ.ਸੀ. ਮਮਦੋਟ ਦੇ ਸਬ ਸੈਂਟਰ ਲੱਖਾ ਹਾਜੀ ਅਧੀਨ ਪੈਂਦੇ ਪਿੰਡ ਪੋਜੋ ਕੇ ਉਤਾੜ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਡੇਂਗੂ ਬੁਖਾਰ ਬਾਰੇ ਜਾਗਰੂਕ ਕੀਤਾ ਗਿਆ। ਇਸ ਕੈਂਪ ਦੀ ਅਗਵਾਈ ਕਰਦਿਆਂ ਅਮਰਜੀਤ ਐੱਮ.ਪੀ.ਐੱਚ. ਡਬਲਿਯੂ (ਮੇਲ), ਸ੍ਰੀ ਅਸ਼ੋਕ ਕੁਮਾਰ ਸੀ ਐੱਚ ਓ, ਸ਼੍ਰੀਮਤੀ ਜਸਵਿੰਦਰ ਕੌਰ ਐੱਮ ਪੀ ਐੱਚ ਡਬਲਿਯੂ. (ਫ਼ੀ) ਨੇ ਸਪੱਸ਼ਟ ਕੀਤਾ ਕਿ ਪਿੰਡਾਂ ਵਿੱਚ ਪਹੁੰਚ ਕਰਕੇ ਜਿੱਥੇ ਲੋਕਾਂ ਨੂੰ ਸਿਹਤ ਪ੍ਰਤੀ ਸੁਹਿਰਦ ਕਰ ਰਹੇ ਹਾਂ, ਉਥੇ ਨਾਲ ਹੀਂ ਸਿਹਤ ਮਹਿਕਮੇ ਵੱਲੋਂ ਵੱਖ-ਵੱਖ ਸਕੀਮਾਂ ਚੱਲ ਰਹਿਆ ਹਨ, ਉਨ੍ਹਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ ਤੇ ਨਾਲ ਹੀ ਮੌਸਮੀ ਬਿਮਾਰੀਆਂ ਦੇ ਲੱਛਣਾਂ ਤੋਂ ਜਾਣੂ ਕਰਵਾਇਆ ਗਿਆ ਕਿ ਸਾਨੂੰ ਆਪਣੇ ਘਰਾਂ ਵਿੱਚ ਸਾਫ-ਸਫਾਈ ਰੱਖਣ ਦੇ ਨਾਲ-ਨਾਲ ਕੂਲਰਾਂ, ਟੈਂਕੀਆਂ ਆਦਿ ਦੀ ਵੀ ਸਫਾਈ ਰੱਖਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਾਓ ਲਈ ਸਾਨੂੰ ਸਾਫ ਪਾਣੀ ਨੂੰ ਚਲਦਾ ਕਰਨਾ ਚਾਹੀਦਾ ਹੈ, ਉਥੇ ਮੱਛਰਦਾਨੀ, ਗੁੱਡ ਨਾਈਟ ਮੱਛਰ ਭਜਾਓ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਸਾਡੇ ਸਰੀਰ 'ਤੇ ਮੱਛਰ ਹਮਲਾ ਕਰ ਨਾ ਸਕੇ। ਇਸ ਕੈਂਪ ਵਿੱਚ ਬੁਖਾਰ ਵਾਲੇ ਮਰੀਜ਼ਾਂ ਦੀਆਂ ਖੂਨ ਟੈਸਟ ਸਬੰਧੀ ਸਲਾਈਡਾਂ ਵੀ ਇਕੱਤਰ ਕੀਤੀਆਂ ਗਈਆਂ। ਇਸ ਮੌਕੇ ਰਾਜਵਿੰਦਰ ਕੌਰ (ਸਰਪੰਚ) ਵਿਕਰਮਜੀਤ ਸਿੰਘ ਸਟੇਟ ਬਾਡੀ, ਦੇਸ ਰਾਜ ਚੇਅਰਮੈਨ, ਮੇਹਰ ਸਿੰਘ ਪੰਚਾਇਤ ਮੈਂਬਰ, ਪ੍ਰਕਾਸ਼ ਕੌਰ, ਸਵਰਨਾ, ਗੁਰਚਰਨ ਕੌਰ, ਪੰਚਾਇਤ ਮੈਂਬਰ ਦੇ ਨਾਲ-ਨਾਲ ਸੁਮਨ ਰਾਣੀ ਪ੍ਰਿੰਸੀਪਲ ਮੈਡਮ ਪ੍ਰਾਇਮਰੀ ਸਕੂਲ, ਲੱਛਮੀ ਬਾਈ ਆਸ਼ਾ ਫੈਸਲੀਟੇਟਰ, ਸਰੋਜ ਰਾਣੀ ਆਸ਼ਾ ਵਰਕਰ, ਸਰਬਜੀਤ ਕੌਰ ਆਂਗਣਵਾੜੀ ਵਰਕਰ, ਦਰਸ਼ਨਾਂ ਰਾਣੀ ਆਂਗਣਵਾੜੀ ਵਰਕਰ, ਗੋਗਾ ਆਂਗਣਵਾੜੀ ਵਰਕਰ ਆਦਿ ਲੋਕ ਹਾਜ਼ਰ ਸਨ।

# ਸ਼ਹਿਰ ਦੇ ਵਿਕਾਸ ਕਾਰਜਾਂ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਪਾਰਸ, ਚੀਮਾ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਸ਼ਹਿਰ ਸਮਾਣਾ ਦੇ ਵਿਕਾਸ ਕਾਰਜਾਂ 'ਚ ਕੋਈ ਕਮੀ ਬਾਕੀ ਨਹੀਂ ਛੱਡੀ ਜਾਵੇਗੀ ਤੇ ਹਲਕਾ ਵਿਧਾਇਕ ਅਤੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੀ ਰਹਿਨੁਮਾਈ ਹੇਠ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਫੰਡਾਂ 'ਚ ਵੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸਮਾਣਾ ਤੋਂ ਯੂਥ ਪ੍ਰਧਾਨ ਪਾਰਸ ਸ਼ਰਮਾ ਤੇ ਸੀਨੀਅਰ ਆਪ ਆਗੂ ਨਿਸ਼ਾਨ ਸਿੰਘ ਚੀਮਾ ਨੇ ਸਥਾਨਕ ਵਾਰਡ ਨੰਬਰ 9 ਵਿਖੇ ਨਵੀਂ ਬਣੀ ਗਲੀ ਦਾ ਉਦਘਾਟਨ ਕਰਨ ਮੌਕੇ ਮੁਹੱਲਾ ਨਿਵਾਸੀਆਂ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਪਾਰਸ ਸ਼ਰਮਾ ਤੇ ਨਿਸ਼ਾਨ ਚੀਮਾ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਗਲੀ ਨਿਵਾਸੀਆਂ ਵੱਲੋਂ ਕੁਝ ਸਮੇਂ ਪਹਿਲਾਂ ਇਸ ਗਲੀ ਦੀ ਅਤਿ ਤਰਸਯੋਗ ਹਾਲਤ ਬਾਰੇ ਉਨ੍ਹਾਂ ਨੂੰ ਦੱਸਿਆ ਗਿਆ ਸੀ ਤੇ ਇਸ ਨੂੰ ਨਵੇਂ ਸਿਰੇ ਤੋਂ ਬਣਾਉਣ ਦੀ ਮੰਗ ਕੀਤੀ, ਜਿਸ ਦੇ ਚਲਦਿਆਂ ਉਨ੍ਹਾਂ ਵੱਲੋਂ ਸ੍ਰ. ਜੌੜਾਮਾਜਰਾ ਦੇ ਧਿਆਨ 'ਚ ਲਿਆ ਕੇ ਇਸ ਗਲੀ ਨੂੰ ਨਵੀਂ ਬਣਵਾ ਦਿੱਤਾ ਜਾਵੇਗਾ। ਇਸ ਮੌਕੇ ਸੀਨੀਅਰ ਆਪ ਆਗੂ ਕੁਲਦੀਪ ਸਿੰਘ ਵਿਰਕ, ਹਰਦੀਪ ਸਿੰਘ ਚੀਮਾ, ਰਵਿੰਦਰ ਬੱਲੀ, ਸੰਦੀਪ ਸ਼ਰਮਾ, ਰਾਣਾ ਵਿਰਕ, ਕਰਨ ਰਾਈਮਾਜਰਾ, ਅਮਰੀਕ ਸਿੰਘ, ਬਿੱਟੂ ਗਰੇਵਾਲ, ਮਮਤਾ ਮਹਿਰਾ ਤੇ ਇੰਦਰਜੀਤ ਕੌਰ ਆਦਿ ਹਾਜ਼ਰ ਸਨ।



# ਪੰਜਾਬ ਕੋ-ਐਜੂਕੇਸ਼ਨ ਸਕੂਲ ਦੇ ਅਧਿਆਪਕ ਨੂੰ ਬੈਸਟ ਨੈਸ਼ਨਲ ਟੀਚਰ ਐਵਾਰਡ

**ਪੰਜ ਵਿਦਿਆਰਥੀਆਂ ਨੂੰ ਪਰਾਈਡ ਆਫ਼ ਪੰਜਾਬ ਦੇ ਐਵਾਰਡ ਨਾਲ ਕੀਤਾ ਸਨਮਾਨਤ**




**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀ. ਸੈ. ਸਕੂਲ ਬਾਘਾ ਪੁਰਾਣਾ ਦੇ ਬਹੁਤ ਹੀ ਤਜਰਬੇਕਾਰ ਅਧਿਆਪਕ ਮੁਕੇਸ਼ ਅਰੋੜਾ ਨੂੰ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਤੇ ਪੰਜਾਬ ਦੇ ਫਾਈਨੈਂਸ ਮਨਿਸਟਰ ਹਰਪਾਲ ਸਿੰਘ ਚੀਮਾ ਨੇ ਬੈਸਟ ਨੈਸ਼ਨਲ ਟੀਚਰ ਦੇ ਐਵਾਰਡ ਨਾਲ ਸਨਮਾਨਤ ਕੀਤਾ। ਇਸ ਸਮੇਂ ਪੰਜਾਬ ਕੋ-ਐਜੂਕੇਸ਼ਨ ਸੀ. ਸੈ. ਸਕੂਲ ਦੀਆਂ ਪੰਜ ਵਿਦਿਆਰਥਣਾਂ ਮਹਿਰੀਤ ਕੌਰ, ਲੇਖਿਕਾ, ਨਵਰੀਤ ਕੌਰ, ਅਰਮਾਨ ਤੇ ਅਨਮੋਲਪ੍ਰੀਤ ਕੌਰ ਨੂੰ ਪਰਾਈਡ ਆਫ਼ ਪੰਜਾਬ ਦੇ ਨੈਸ਼ਨਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਗੁਰਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਮੁਕੇਸ਼ ਅਰੋੜਾ ਬਹੁਤ ਮਿਹਨਤੀ ਤੇ ਤਜਰਬੇਕਾਰ ਅਧਿਆਪਕ ਹਨ ਤੇ ਪੰਜਾਬ ਕੋ-ਐਜੂਕੇਸ਼ਨ ਸੀ. ਸੈ. ਸਕੂਲ ਹਰ ਸਾਲ ਪੰਜਾਬ ਪੱਧਰ ਦੇ ਐਵਾਰਡ ਪ੍ਰਾਪਤ ਕਰਦਾ ਹੈ, ਜਿਸ ਦਾ ਸਿਹਰਾ ਉਨ੍ਹਾ ਨੇ ਸਕੂਲ ਦੇ ਮਿਹਨਤੀ ਸਟਾਫ਼ ਨੂੰ ਦਿੱਤਾ। ਡਾਇਰੈਕਟਰ ਸੰਦੀਪ ਮਹਿਤਾ ਨੇ ਦੱਸਿਆ ਕਿ ਸਨਮਾਨਤ ਹੋਈਆਂ ਪੰਜ ਵਿਦਿਆਰਥਣਾਂ ਵਿੱਚੋਂ ਮਹਿਰੀਤ ਕੌਰ ਤੇ ਲੇਖਿਕਾ ਨੇ 2022 ਦੇ 12ਵੀਂ ਦੇ ਰਿਜ਼ਲਟ ਵਿੱਚੋਂ ਮੋਗਾ ਜ਼ਿਲ੍ਹੇ ਵਿੱਚੋਂ 98.2% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਹੈ ਅਤੇ ਨਵਰੀਤ ਕੌਰ, ਅਰਮਾਨ, ਅਨਮੋਲਪ੍ਰੀਤ ਕੌਰ ਨੇ 98% ਅੰਕ ਪ੍ਰਾਪਤ ਕਰਕੇ ਮੋਗਾ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਹੈ ਅਤੇ ਇਸ ਸਮੇਂ ਉਨ੍ਹਾ ਨੇ ਸਕੂਲ ਦੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਦੀ ਬਹੁਤ-ਬਹੁਤ ਵਧਾਈ ਦਿੱਤੀ।

# ਮਾਤਾ ਸੁੰਦਰੀ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਢੱਡੇ ਵੱਲੋਂ ਮੁਫ਼ਤ ਮੈਡੀਕਲ ਕੈਂਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਵਿੱਦਿਅਕ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਵੱਡੀਆਂ ਪੁਲਾਂਘਾਂ ਪੁੱਟਣ ਵਾਲੀ ਇਲਾਕੇ ਦੀ ਨਾਮਵਰ ਸੰਸਥਾ ਮਾਤਾ ਸੁੰਦਰੀ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਢੱਡੇ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਬਠਿੰਡਾ ਟੀਮ ਵੱਲੋਂ ਪਿੰਡ ਢੱਡੇ (ਬਠਿੰਡਾ) ਦੇ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢੱਡੇ ਵਿਖੇ ਮੈਡੀਕਲ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਡਾਕਟਰ ਸ਼ਿਵਸ਼ੰਕਰ ਸਿੰਘ ਨੇ ਪੇਟ, ਲਿਵਰ, ਛਾਤੀ, ਸ਼ੂਗਰ ਤੇ ਬੀ ਪੀ ਨਾਲ ਸਬੰਧਤ 103 ਮਰੀਜ਼ਾਂ ਦਾ ਮੁਫ਼ਤ ਮੈਡੀਕਲ ਚੈੱਕਅਪ ਕੀਤਾ। ਸਾਰੇ ਮਰੀਜ਼ਾਂ ਨੂੰ ਸਬੰਧਤ ਬਿਮਾਰੀਆਂ ਲਈ ਮਾਤਾ ਸੁੰਦਰੀ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਢੱਡੇ ਵੱਲੋਂ ਮੁਫ਼ਤ ਦਵਾਈਆਂ ਵੰਡੀਆਂ ਗਈਆਂ।

ਇਸ ਭਲਾਈ ਵਾਲੇ ਕਾਰਜ ਦਾ ਰਸਮੀ ਉਦਘਾਟਨ ਮਾਤਾ ਸੁੰਦਰੀ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ, ਢੱਡੇ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਨੇ ਕੀਤਾ। ਸੰਸਥਾ ਦੇ ਚੇਅਰਮੈਨ ਸ. ਕੁਲਵੰਤ ਸਿੰਘ ਢੱਡੇ ਨੇ ਟਰੱਸਟ ਦੇ ਇਸ ਨੇਕ ਕਾਰਜ ਦੀ ਸ਼ਲਾਘਾ ਕਰਦਿਆ ਕਿਹਾ ਕਿ ਭਵਿੱਖ ਵਿੱਚ ਟਰੱਸਟ ਵੱਲੋਂ ਸਾਡੇ ਪਿੰਡ ਜਾਂ ਸਾਡੇ ਇਲਾਕੇ ਵਿੱਚ ਜੋ ਵੀ ਕੈਂਪ ਕੀਤੇ ਜਾਣਗੇ, ਸਾਡੀ ਸੰਸਥਾ ਉਸ ਵਿੱਚ ਆਪਣਾ ਯੋਗਦਾਨ ਪਾਵੇਗੀ। ਸਮਾਗਮ ਵਿੱਚ ਸਰਬੱਤ ਦਾ ਭਲਾ ਬਠਿੰਡਾ ਟੀਮ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਸਾਨੂੰ ਖੁਸ਼ੀ ਹੈ ਕਿ ਇਸ ਸੰਸਥਾ ਅਧੀਨ ਚੱਲ ਰਹੇ ਕਾਲਜ ਦੇ ਪ੍ਰਿੰਸੀਪਲ ਪ੍ਰੋ: ਰਾਜ ਸਿੰਘ ਬਾਘਾ ਦੇ ਯਤਨਾਂ ਸਦਕਾ ਮਾਤਾ ਸੁੰਦਰੀ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਢੱਡੇ ਇਸ ਕਾਰਜ ਦਾ ਹਿੱਸਾ ਬਣੀ ਹੈ। ਇਸ ਕੈਂਪ ਦੌਰਾਨ 103 ਤੋਂ ਵੱਧ ਮਰੀਜ਼ਾਂ ਦਾ ਚੈੱਕਅੱਪ ਕਰਕੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਕੈਂਪ ਦੌਰਾਨ ਮੌਕੇ 'ਤੇ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅੱਪ ਵੀ ਕੀਤਾ ਗਿਆ।

ਇਸ ਮੌਕੇ ਬਠਿੰਡਾ ਇਕਾਈ ਵੱਲੋਂ ਰਿਟਾਇਰਡ ਚੀਫ਼ ਫਾਰਮਾਸਿਸਟ ਜੋਗਿੰਦਰ ਸਿੰਘ (ਕੈਂਪ ਇੰਚਾਰਜ), ਬੀਬਾ ਅਮਨਜੋਤ ਕੌਰ, ਸ.ਪਰਮਜੀਤ ਸਿੰਘ ਢਿੱਲੋਂ, ਸੁਭਾਸ਼ ਮੈਨੇਜਰ ਤੇ ਦਵਿੰਦਰ ਸਿੰਗਲਾ, ਸਾਰੇ ਮੈਂਬਰ ਸਾਹਿਬਾਨ ਨੇ ਮੌਜੂਦ ਰਹਿ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਇਸ ਕੈਂਪ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਸੁਸਾਇਟੀ ਦੇ ਪ੍ਰਧਾਨ ਸ੍ਰ. ਗੁਰਵਿੰਦਰ ਸਿੰਘ ਬੱਲੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਕੈਂਪ ਮੌਕੇ ਸ਼ੁੱਭ-ਇੱਛਾਵਾਂ ਦਿੰਦੇ ਹੋਏ ਪ੍ਰਬੰਧਕਾਂ ਨੂੰ ਬੀਬਾ ਅਮਨਜੋਤ ਕੌਰ ਨੇ ਬਾਖੂਬੀ ਨਿਭਾਇਆ। ਕੈਂਪ ਦੀ ਸਮਾਪਤੀ 'ਤੇ ਪ੍ਰੋ. ਜਸਵੰਤ ਸਿੰਘ ਬਰਾੜ ਤੇ ਕੈਂਪ ਇੰਚਾਰਜ ਜੋਗਿੰਦਰ ਸਿੰਘ ਨੇ ਕੈਂਪ ਦੀ ਸਫ਼ਲਤਾ ਲਈ ਸਾਰੇ ਸਟਾਫ਼ ਪਿੰਡ ਦੀ ਪੰਚਾਇਤ, ਸਰਬੱਤ ਦਾ ਭਲਾ ਟੀਮ ਦੇ ਮੈਂਬਰ ਸਾਹਿਬਾਨ ਤੇ ਮਾਤਾ ਸੁੰਦਰੀ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਢੱਡੇ ਦੇ ਪ੍ਰਬੰਧਨ ਦਾ ਧੰਨਵਾਦ ਕੀਤਾ।

# ਜਾਲ੍ਹੀ ਦਸਤਾਵੇਜ਼ਾਂ 'ਤੇ ਜੀ.ਐੱਸ.ਟੀ. ਨੰਬਰ ਲੈਣ ਵਾਲਿਆਂ ਖਿਲਾਫ ਮਾਮਲਾ ਦਰਜ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਟੇਟ ਜੀ.ਐੱਸ.ਟੀ. ਵਿਭਾਗ ਵੱਲੋਂ ਕਰ ਕਮਿਸ਼ਨਰ ਪੰਜਾਬ ਸ਼੍ਰੀ ਕਮਲ ਕਿਸ਼ੋਰ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਾਲ੍ਹੀ ਦਸਤਾਵੇਜ਼ਾਂ ਦੇ ਆਧਾਰ 'ਤੇ ਜੀ.ਐੱਸ.ਟੀ. ਨੰਬਰ ਲੈਣ ਵਾਲੇ 13 ਵਿਅਕਤੀਆਂ ਖਿਲਾਫ ਐੱਫ.ਆਈ.ਆਰ. ਦਰਜ ਕਰਵਾਈ ਗਈ ਹੈ। ਜ਼ਿਲ੍ਹੇ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਜਾਲ੍ਹੀ ਦਸਤਾਵੇਜ਼ਾਂ 'ਤੇ ਜੀ.ਐੱਸ.ਟੀ. ਨੰਬਰ ਲੈਣ ਵਾਲੇ ਘੋਟਾਲੇਬਾਜ਼ਾਂ ਵਿਰੁੱਧ ਕਾਰਵਾਈ ਕੀਤੀ ਗਈ ਹੋਵੇ। ਇਹ ਪ੍ਰਗਟਾਵਾ ਸਹਾਇਕ ਕਮਿਸ਼ਨਰ ਰਾਜ ਕਰ ਵਿਭਾਗ ਡਾ: ਅਮਨ ਗੁਪਤਾ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਅਜਿਹੇ ਵਿਅਕਤੀਆਂ ਦਾ ਮੁੱਖ ਮੰਤਵ ਜੀ.ਐੱਸ.ਟੀ. ਰਜਿਸਟਰੇਸ਼ਨ ਨੰਬਰ ਫਰਜ਼ੀ/ਜਾਲ੍ਹੀ ਬਿੱਲਾਂ ਦੇ ਆਧਾਰ 'ਤੇ ਕਰੋੜਾਂ ਰੁਪਏ ਦਾ ਟੈਕਸ ਚੋਰੀ ਕਰਕੇ ਸਰਕਾਰੀ ਮਾਲੀਏ ਨੂੰ ਨੁਕਸਾਨ ਪਹੁੰਚਾਉਣਾ ਸੀ। ਡਾ: ਅਮਨ ਗੁਪਤਾ ਨੇ ਦੱਸਿਆ ਕਿ ਇਹ ਸ਼ਿਕਾਇਤ ਉਨ੍ਹਾਂ ਦੇ ਬਿਆਨਾਂ 'ਤੇ ਦਰਜ ਕੀਤੀ ਗਈ ਹੈ ਤੇ ਰਜਿਸਟਰੇਸ਼ਨ ਨੰਬਰ ਲੈਣ ਲਈ ਵਰਤੇ ਗਏ ਜਾਲ੍ਹੀ ਦਸਤਾਵੇਜ਼ਾਂ ਦੀ ਜਾਂਚ ਉਪਰੰਤ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾ ਦੱਸਿਆ ਕਿ ਐਫ.ਆਈ.ਆਰ. ਕੁੱਲ 13 ਵਿਅਕਤੀਆਂ ਖਿਲਾਫ ਹੈ, ਜਿਨ੍ਹਾਂ ਵਿੱਚੋਂ 6 ਵਿਅਕਤੀ ਪੰਜਾਬ ਨਾਲ ਤੇ 7 ਵਿਅਕਤੀ ਦੂਸਰੇ ਰਾਜਾਂ ਨਾਲ ਸਬੰਧ ਰੱਖਦੇ ਹਨ। ਉਪ ਕਮਿਸ਼ਨਰ ਰਾਜ ਕਰ ਸ਼੍ਰੀਮਤੀ ਰਣਧੀਰ ਕੌਰ ਨੇ ਇਸ ਘਟਨਾ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਜੀ.ਐੱਸ.ਟੀ. ਵਿਭਾਗ ਵੱਲੋਂ ਇਨ੍ਹਾਂ ਵਿਅਕਤੀਆਂ ਖਿਲਾਫ ਧਾਰਾ 420, 465, 468, 471 ਤੇ ਸੂਚਨਾ ਤਕਨਾਲੌਜੀ ਐਕਟ ਦੀ ਧਾਰਾ 6 ਡੀ ਅਧੀਨ ਐਫ.ਆਈ.ਆਰ. ਦਰਜ ਕੀਤੀ ਗਈ ਹੈ।

# ਸ਼ਹੀਦ ਹੋਏ 634 ਕਿਸਾਨਾਂ ਦੇ ਵਾਰਿਸਾਂ ਨੂੰ 31 ਕਰੋੜ 70 ਲੱਖ ਰੁਪਏ ਜਾਰੀ : ਧਾਲੀਵਾਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹੁਣ ਤੱਕ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ 634 ਕਿਸਾਨਾਂ ਦੇ ਵਾਰਿਸਾਂ ਨੂੰ 5 ਲੱਖ ਰੁਪਏ ਦੇ ਹਿਸਾਬ ਨਾਲ ਕੁੱਲ 31 ਕਰੋੜ 70 ਲੱਖ ਰੁਪਏ ਜਾਰੀ ਕੀਤੇ ਹਨ। ਇਸੇ ਤਰ੍ਹਾਂ ਕਿਸਾਨਾਂ ਦੇ 326 ਵਾਰਿਸਾਂ ਨੂੰ ਵੱਖ-ਵੱਖ ਵਿਭਾਗਾਂ ਵਿੱਚ ਸਰਕਾਰੀ ਨੌਕਰੀ ਦਿੱਤੀ ਜਾ ਚੁੱਕੀ ਹੈ, 98 ਨੂੰ ਨੌਕਰੀ ਦੇਣ ਲਈ ਵੈਰੀਫਿਕੇਸ਼ਨ ਮੁਕੰਮਲ ਹੋ ਗਈ ਹੈ ਜਦਕਿ 210 ਹੋਰਾਂ ਨੂੰ ਸਰਕਾਰੀ ਨੌਕਰੀ ਦੇਣ ਲਈ ਪ੍ਰਕਿਰਿਆ ਮੁਕੰਮਲ ਕੀਤੀ ਜਾ ਰਹੀ ਹੈ। ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇੱਥੇ ਪੰਜਾਬ ਭਵਨ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੀ ਅਗਵਾਈ 'ਚ ਆਏ ਵਫ਼ਦ ਨਾਲ ਮੁਲਾਕਾਤ ਦੌਰਾਨ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਦੀ ਮੰਗ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਨੂੰ ਕਿਸਾਨ ਸੰਘਰਸ਼ ਦੌਰਾਨ ਪ੍ਰਵਾਨ ਕੀਤੀਆਂ ਮੰਗਾਂ ਨੂੰ ਛੇਤੀ ਅਮਲੀ ਰੂਪ ਦੇਣ ਸਬੰਧੀ ਪੱਤਰ ਲਿਖੇਗੀ। ਧਾਲੀਵਾਲ ਨੇ ਭਾਰਤ ਮਾਲਾ ਯੋਜਨਾ ਤਹਿਤ ਬਣਾਏ ਜਾ ਰਹੇ ਹਾਈਵੇਜ਼ ਵਿੱਚ ਕਿਸਾਨਾਂ ਦੀਆਂ ਆ ਰਹੀਆਂ ਜ਼ਮੀਨਾਂ ਸਬੰਧੀ ਮੌਕੇ 'ਤੇ ਮੌਜੂਦ ਹਾਈਵੇਅ ਨਾਲ ਸਬੰਧਤ ਅਧਿਕਾਰੀ ਨੂੰ ਕਿਹਾ ਕਿ ਜ਼ਮੀਨਾਂ ਦੇ ਰੇਟ ਨਿਰਧਾਰਤ ਕਰਨ ਸਬੰਧੀ ਇਕਸਾਰਤਾ ਵਾਲੀ ਨੀਤੀ ਅਪਣਾਈ ਜਾਵੇ। ਉਨ੍ਹਾਂ ਨੇ ਕਿਸਾਨਾਂ ਤੋਂ ਹਾਈਵੇਅ ਲਈ ਲਈਆਂ ਜਾ ਰਹੀਆਂ ਜ਼ਮੀਨਾਂ ਨਾਲ ਸਬੰਧਤ ਡਵੀਜ਼ਨਲ ਕਮਿਸ਼ਨਾਂ ਕੋਲ ਪਏ ਕੇਸਾਂ ਤੇ ਅਪੀਲਾਂ ਨੂੰ ਨਿਰਧਾਰਤ ਸਮਾਂ ਸੀਮਾਂ ਅੰਦਰ ਹੱਲ ਕਰਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ। ਖੇਤੀਬਾੜੀ ਮੰਤਰੀ ਨੇ ਕਿਸਾਨਾਂ ਵੱਲੋਂ ਉਠਾਈ ਗੰਨੇ ਦੇ ਭਾਅ, ਰੈਡ ਐਂਟਰੀਆਂ, ਕਿਸਾਨਾਂ 'ਤੇ ਪਏ ਕੇਸ ਵਾਪਸ ਲੈਣ ਸਹਿਕਾਰੀ ਤੇ ਨਿੱਜੀ ਮਿੱਲਾਂ ਦੇ ਬਕਾਏ, ਹੜ੍ਹਾਂ ਦੇ ਹੋਰ ਕੁਦਰਤੀ ਆਫਤਾਂ ਕਾਰਨ ਫਸਲਾਂ ਦੇ ਖਰਾਬੇ ਦੇ ਮੁਆਵਜੇ ਸਮੇਤ ਹੋਰਨਾਂ ਮੰਗਾਂ ਸਬੰਧੀ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਤੋਂ ਪ੍ਰਗਤੀ ਰਿਪੋਰਟ ਲਈ ਅਤੇ ਕਿਸਾਨਾਂ ਨਾਲ ਸਾਂਝੀ ਕੀਤੀ। ਉਨ੍ਹਾਂ ਨੇ ਕਿਸਾਨਾਂ ਨੂੰ ਦੱਸਿਆ ਕਿ ਛੇਤੀ ਹੀ ਪੰਜਾਬ ਦੀ ਖੇਤੀਬਾੜੀ ਨੀਤੀ ਤਿਆਰ ਕਰ ਲਈ ਜਾਵੇਗੀ ਅਤੇ ਜ਼ਿਆਦਾਤਰ ਮਸਲੇ ਨਵੀਂ ਨੀਤੀ ਅਮਲ 'ਚ ਆਉਣ ਨਾਲ ਹੱਲ ਹੋ ਜਾਣਗੇ। ਧਾਲੀਵਾਲ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਮੈਂਬਰਾਂ ਨੂੰ ਆਪਣਾ ਸੰਘਰਸ਼ ਵਾਪਸ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਉਨ੍ਹਾਂ ਦੀ ਆਪਣੀ ਸਰਕਾਰ ਹੈ ਅਤੇ ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਇਸ ਮੌਕੇ ਏ.ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ, ਪ੍ਰਮੁੱਖ ਸਕੱਤਰ ਖੇਤੀਬਾੜੀ ਡੀ. ਕੇ. ਤਿਵਾੜੀ, ਪ੍ਰਮੁੱਖ ਸਕੱਤਰ ਪਸ਼ੂ ਪਾਲਣ ਵਿਕਾਸ ਪ੍ਰਤਾਪ, ਸਕੱਤਰ ਖੇਤੀਬਾੜੀ ਅਰਸ਼ਦੀਪ ਸਿੰਘ ਥਿੰਦ, ਡਿਪਟੀ ਕਮਿਸ਼ਨਰ ਤਰਨਤਾਰਨ ਰਿਸ਼ੀਪਾਲ, ਕਮਿਸ਼ਨਰ ਪੁਲੀਸ ਅੰਮ੍ਰਿਤਸਰ ਜਸਕਰਨ ਸਿੰਘ ਅਤੇ ਡਾਇਰੈਕਟਰ ਖੇਤੀਬਾੜੀ ਗੁਰਵਿੰਦਰ ਸਿੰਘ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਛੋਟੇ ਟਰਾਂਸਪੋਰਟ ਚਾਲਕਾਂ/ ਮਾਲਕਾਂ ਨੂੰ ਟੈਕਸਾਂ 'ਚ ਦਿੱਤੀ ਜਾਵੇ ਛੋਟ : ਸੁਰਜੀਤ ਸਿੰਘ ਢੇਰ



**ਸ੍ਰੀ ਅਨੰਦਪੁਰ ਸਾਹਿਬ (ਨਵਾਂ ਜ਼ਮਾਨਾ ਸਰਵਿਸ)**-ਪੰਜਾਬ ਦੇ ਦੋ ਲੱਖ ਤੋਂ ਵਧੇਰੇ ਆਟੋ ਚਾਲਕਾਂ,ਟਰੱਕ ਅਪਰੇਟਰਾਂ ਅਤੇ ਇਸ ਕਿੱਤੇ ਨਾਲ ਜੁੜੇ ਲੱਖਾਂ ਗਰੀਬ ਵਰਕਰਾਂ ਨੂੰ ਟੈਕਸਾਂ ਵਿੱਚ ਛੋਟ, ਟੁੱਟੀਆਂ ਕਿਸ਼ਤਾਂ ਦੇ ਵਿਆਜ ਤੋਂ ਮਾਫੀ ਦੇਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕਰੋਨਾ ਕਾਲ ਵਿੱਚ ਸਰਕਾਰੀ ਪਾਬੰਦੀਆਂ ਅਤੇ ਕੰਮ ਦੀ ਘਾਟ ਕਾਰਨ ਪਾਏ ਘਾਟੇ ਵਿੱਚੋਂ ਨਿਕਲਣ ਵਿੱਚ ਮਦਦ ਮਿਲ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਲ ਇੰਡੀਆ ਰੋਡ ਟਰਾਂਸਪੋਰਟ ਵਰਕਰਜ ਫੈਡਰੇਸ਼ਨ ਦੇ ਸੂਬਾਈ ਆਗੂ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪੰਜਾਬ ਦੀ ਕੈਪਟਨ ਸਰਕਾਰ ਪਹਿਲਾਂ ਪ੍ਰਾਈਵੇਟ ਬੱਸ ਓਪਰੇਟਰਾਂ ਨੂੰ ਇਹ ਮਦਦ ਦੇ ਚੁੱਕੀ ਹੈ। ਕਿਉਂ ਜੋ ਉਨ੍ਹਾਂ ਵਿੱਚ ਵੱਡੇ ਅਸਰ ਰਸੂਖਦਾਰ ਅਤੇ ਰਾਜਸੀ ਆਗੂ ਸ਼ਾਮਲ ਹਨ। ਪੀ.ਆਰ.ਟੀ.ਸੀ ਅਤੇ ਪਨਬੱਸ ਦੀਆਂ ਬੱਸਾਂ ਵਿਚ ਅੱਧੀ ਗਿਣਤੀ ਵਿਚ ਹੀ ਸਵਾਰੀਆਂ ਚੜਾਉਣ ਦੀ ਸ਼ਰਤ ਨੇ ਕਰੋਨਾ ਸਮੇਂ ਦੌਰਾਨ ਇਨ੍ਹਾਂ ਸਰਕਾਰੀ ਅਦਾਰਿਆਂ ਨੂੰ ਵੀ ਪੰਗੂ ਬਣਾ ਦਿੱਤਾ ਸੀ। ਇਸੇ ਤਰ੍ਹਾਂ ਮੋਦੀ ਸਰਕਾਰ ਵਲੋਂ ਪੈਟਰੋਲ, ਡੀਜਲ ਆਦਿ ਪਦਾਰਥਾਂ ਨੂੰ ਜੀ. ਐਸ. ਟੀ. ਦੇ ਘੇਰੇ ਵਿੱਚ ਲਿਆ ਕੇ ਟਰਾਂਸਪੋਰਟ ਅਪਰੇਟਰਾਂ ਉੱਤੇ ਪਾਏ ਆਰਥਿਕ ਬੋਝ ਨੂੰ ਘਟਾਇਆ ਜਾਵੇ। ਸਾਥੀ ਸੁਰਜੀਤ ਸਿੰਘ ਢੇਰ ਨੇ ਇਹ ਵੀ ਮੰਗ ਕੀਤੀ ਕਿ ਟਰੱਕ ਯੂਨੀਅਨ/ਕੋਅਪਰੇਟਿਵ ਟਰਾਂਸਪੋਰਟ ਸੋਸਾਇਟੀਆਂ ਨੂੰ ਫੌਰੀ ਬਹਾਲ ਕੀਤਾ ਜਾਵੇ ਤਾਂ ਜੋ ਇਸ ਧੰਦੇ ਵਿਚ ਲੱਗੇ ਲੱਖਾਂ ਲੋਕਾਂ ਨੂੰ ਆਪਣੀ ਰੋਜੀ ਰੋਟੀ ਕਮਾਉਣ ਅਤੇ ਜੱਥੇਬੰਦ ਹੋਣ ਦੇ ਅਪਣੇ ਹੱਕ ਤੋਂ ਵਾਂਝਿਆਂ ਨਾ ਕੀਤਾ ਜਾਵੇ।

## ਲੈਕਚਰਾਰਾਂ ਨੇ ਤਿੰਨ ਰੋਜ਼ਾ ਵਰਕਸ਼ਾਪ 'ਚ ਜੀਵ ਵਿਗਿਆਨ ਦੇ ਕੀਤੇ ਪ੍ਰਯੋਗ




**ਐੱਸ.ਏ.ਐੱਸ. ਨਗਰ (ਗੁਰਜੀਤ ਬਿੱਲਾ)**-ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਵਿੱਚ ਪੰਜਾਬ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹਾ ਰਹੇ ਬਾਇਓਲੋਜੀ ਦੇ ਲੈਕਚਰਾਰਾਂ ਦੀ ਸਿਖਲਾਈ ਵਰਕਸ਼ਾਪ ਦਾ ਆਯੋਜਨ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਕੀਤਾ ਜਾ ਰਿਹਾ ਹੈ। ਇਸੇ ਤਹਿਤ ਜ਼ਿਲ੍ਹਾ ਐੱਸ.ਏ.ਐੱਸ. ਨਗਰ ਦੇ ਵੱਖ-ਵੱਖ ਸਕੂਲਾਂ ਵਿੱਚ ਜੀਵ ਵਿਗਿਆਨ ਪੜ੍ਹਾ ਰਹੇ ਲੈਕਚਰਾਰਾਂ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਕਰਵਾਉਣ ਦੀ ਓਰੀਐਂਟੇਸ਼ਨ ਕਰਨ ਲਈ ਮਿਤੀ 6 ਤੋਂ 8 ਦਸੰਬਰ ਤੱਕ ਤਿੰਨ ਦਿਨਾਂ ਸਿਖਲਾਈ ਵਰਕਸ਼ਾਪ ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ ਡਾ.ਮਨਿੰਦਰ ਸਿੰਘ ਸਰਕਾਰੀਆ ਦੀ ਅਗਵਾਈ ਵਿੱਚ ਮੈਰੀਟੋਰੀਅਸ ਸਕੂਲ ਮੋਹਾਲੀ ਵਿਖੇ ਲਗਾਈ ਗਈ। ਇਸ ਵਰਕਸ਼ਾਪ ਵਿੱਚ ਸ਼ਮੂਲੀਅਤ ਕਰ ਰਹੇ ਬਾਇਓਲੋਜੀ ਲੈਕਚਰਾਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਸੈ.ਸਿ. ਬਲਜਿੰਦਰ ਸਿੰਘ ਨੇ ਕਿਹਾ ਕਿ ਅਧਿਆਪਕ ਆਤਮ-ਵਿਸ਼ਵਾਸ਼,ਕੌਸ਼ਲ ਅਤੇ ਸਾਕਾਰਾਤਮਕ ਦ੍ਰਿਸ਼ਟੀਕੋਣ ਨਾਲ ਵਿਦਿਆਰਥੀਆਂ ਨੂੰ ਉਹਨਾਂ ਦੇ ਮਿੱਥੇ ਟੀਚੇ ਵੱਲ ਅੱਗੇ ਵਧਾ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਵਰਕਸ਼ਾਪ ਰਾਹੀਂ ਸਮੂਹ ਅਧਿਆਪਕਾਂ ਨੇ ਬਹੁਤ ਹੀ ਲਗਨ ਨਾਲ ਪ੍ਰਯੋਗ ਕੀਤੇ ਹਨ। ਉਹਨਾਂ ਦਾ ਸੁਭਾਵਿਕ ਹੀ ਵਿਦਿਆਰਥੀਆਂ ਨੂੰ ਫਾਇਦਾ ਹੋਵੇਗਾ। ਸਿਖਲਾਈ ਵਰਕਸ਼ਾਪ ਦੇ ਕੋਆਰਡੀਨੇਟਰ ਪ੍ਰਿੰਸੀਪਲ ਸਸਸਸ ਝੰਜੇੜੀ ਕੰਵਲਜੀਤ ਕੌਰ ਜ਼ਿਲ੍ਹਾ ਮੈਂਟਰ ਬਾਇਓਲੋਜੀ ਨੇ ਦੱਸਿਆ ਕਿ ਸਮੂਹ ਲੈਕਚਰਾਰਾਂ ਨੂੰ ਪ੍ਰਯੋਗਸ਼ਾਲਾ ਵਿੱਚ ਸਿਖਲਾਈ ਵਰਕਸ਼ਾਪ ਦੌਰਾਨ ਸੀਨੀਅਰ ਅਧਿਆਪਕਾਂ ਦੀ ਅਗਵਾਈ ਵਿੱਚ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਜੀਵ ਵਿਗਿਆਨ ਵਿਸ਼ੇ ਦੇ ਪ੍ਰਯੋਗ ਕਰਵਾਏ ਗਏ ਹਨ। ਨੌਜਵਾਨ ਅਤੇ ਨਵੇਂ ਪਦ-ਉੱਨਤ ਹੋਏ ਲੈਕਚਰਾਰਾਂ ਨੇ ਇਸ ਸਿਖਲਾਈ ਵਰਕਸ਼ਾਪ ਨੂੰ ਬਹੁਤ ਜਿਆਦਾ ਲਾਹੇਵੰਦ ਦੱਸਿਆ। ਇਸ ਮੌਕੇ ਡਿਪਟੀ ਡੀਈਓ ਡਾ.ਕੰਚਨ ਸ਼ਰਮਾਂ,ਮੈਰੀਟੋਰੀਅਸ ਸਕੂਲ ਦੇ ਪ੍ਰਿੰਸੀਪਲ ਰਿਤੂ ਸ਼ਰਮਾ,ਦੇਵ ਕਰਨ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਅਤੇ ਹੋਰ ਅਧਿਆਪਕ ਵੀ ਮੌਜੂਦ ਸਨ।

## ਸਕੂਲ 'ਚ ਲੜਕੀਆਂ ਲਈ ਬਾਥਰੂਮ ਤੇ ਵਾਟਰ ਹਾਰਵੈਸਿੰਗ ਸਿਸਟਮ ਦਾ ਉਦਘਾਟਨ




**ਕੁਰਾਲੀ (ਮੋਹਨ ਅੱਗਰਵਾਲ ਜੋਗਾ)** :- ਨੇੜਲੇ ਪਿੰਡ ਮੁੰਧੋਂ ਸੰਗਤੀਆਂ ਵਿਖੇ ਮਹਿੰਦਰਾ ਐਂਡ ਮਹਿੰਦਰਾ ਵਲੋਂ ਬਣਾਏ ਲੜਕੀਆਂ ਦੇ ਬਾਥਰੂਮ ਅਤੇ ਵਾਟਰ ਹਾਰਵੈਸਟਿੰਗ ਸਿਸਟਮ ਦੇ ਉਦਘਾਟਨ ਸਬੰਧੀ ਸਮਾਗਮ ਕਰਵਾਇਆ ਗਿਆ। ਪ੍ਰਿੰਸੀਪਲ ਬੰਦਨਾ ਪੁਰੀ ਦੀ ਦੇਖਰੇਖ ਹੇਠ ਹੋਏ ਇਸ ਸਮਾਗਮ ਦੌਰਾਨ ਮਹਿੰਦਰਾ ਐਂਡ ਮਹਿੰਦਰਾ ਦੇ ਸੀਨੀਅਰ ਜਨਰਲ ਮੈਨੇਜ਼ਰ ਅਰੁਨ ਰਾਘਵ ਨੇ ਦੋਵੇਂ ਪ੍ਰੋਜੈਕਟ ਸਕੂਲ ਨੂੰ ਸਮਰਪਿਤ ਕੀਤੇ। ਮਹਿੰਦਰਾ ਐਂਡ ਮਹਿੰਦਰਾ ਦੀ ਸਵਰਾਜ ਡਵੀਜ਼ਨ ਵਲੋਂ ਚਲਾਏ ਗਿਆਨਦੀਪ ਪ੍ਰੋਜੈਕਟ ਤਹਿਤ ਮਾਨਵ ਵਿਕਾਸ ਸੰਸਥਾ ਵਲੋਂ ਲੱਖਾਂ ਰੁਪਏ ਦੀ ਲਾਗਤ ਨਾਲ ਕੁੜੀਆਂ ਦੇ ਬਾਥਰੂਮ ਅਤੇ ਬਾਰਿਸ਼ ਦੇ ਪਾਣੀ ਨੂੰ ਮੁੜ ਧਰਤੀ ਵਿੱਚ ਪਾ ਕੇ ਰੀਚਾਰਜ਼ ਕਰਨ ਦੇ ਮਨੋਰਥ ਨਾਲ ਰੂਫ਼ ਰੇਨਵਾਟਰ ਹਾਰਵੈਸਟਿੰਗ ਸਿਸਟਮ ਸਥਾਪਿਤ ਕੀਤਾ ਗਿਆ ਹੈ।

ਇਨ੍ਹਾਂ ਦੋਵੇਂ ਪ੍ਰੋਜੈਕਟਾਂ ਦੇ ਉਦਘਾਟਨ ਸਕੂਲ ਦੀਆਂ ਵਿਦਿਆਰਥਣਾਂ ਵਲੋਂ ਮੁੱਖ ਮਹਿਮਾਨ ਅਰੁਨ ਰਾਘਵ,ਸਿਆਲਸਾ ਯੂਨਿਟ ਦੇ ਮੁਖੀ ਰਾਓ ਸਾਹਿਬ ਅਤੇ ਪ੍ਰਿੰਸੀਪਲ ਬੰਦਨਾ ਪੁਰੀ ਦੀ ਹਾਜ਼ਰੀ ਵਿੱਚ ਕੀਤਾ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਅਰੁਨ ਰਾਘਵ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਮੇਂ ਦੇ ਹਾਣੀ ਬਣਨ ਅਤੇ ਮਿਹਨਤ ਕਰਨ ਦੀ ਅਪੀਲ ਕੀਤੀ। ਇਸ ਦੌਰਾਨ ਪ੍ਰਿੰਸੀਪਲ ਬੰਦਨਾ ਪੁਰੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਮਹਿੰਦਰਾ ਐਂਡ ਮਹਿੰਦਰਾ ਵਲੋਂ ਸਕੂਲ ਵਿੱਚ ਸਥਾਪਿਤ ਕੀਤੇ ਪ੍ਰੋਜੈਕਟਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਜਿੱਥੇ ਲੜਕੀਆਂ ਲਈ ਪਖਾਨਿਆਂ ਦੀ ਘਾਟ ਪੂਰੀ ਹੋਈ ਹੈ ਉੱਥੇ ਬਾਰਿਸ਼ ਦਾ ਪਾਣੀ ਧਰਤੀ ਵਿੱਚ ਜਾ ਸਕੇਗਾ ਤਾਂ ਜੋ ਧਰਤੀ ਵਿੱਚ ਪਾਣੀ ਦਾ ਪੱਧਰ ਵਧ ਸਕੇ। ਉਨ੍ਹਾਂ ਭਵਿੱਖ ਵਿੱਚ ਵੀ ਅਜਿਹੇ ਸਹਿਯੋਗ ਦੀ ਮੰਗ ਕੀਤੀ ਅਤੇ ਸਕੂਲ ਵਿੱਚ ਹੋਣ ਵਾਲੇ ਕੰਮਾਂ ਸਬੰਧੀ ਮਹਿਮਾਨਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸਕੂਲ ਦੇ ਅਹਾਤੇ ਵਿੱਚ ਪੌਦੇ ਵੀ ਲਗਾਏ ਗਏ। ਸਮਾਗਮ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।

## ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਵੱਲੋਂ ਬੇਅਬਾਦ ਮਸਜਿਦਾਂ ਦਾ ਦੌਰਾ



**ਜਲੰਧਰ, (ਸੁਰਿੰਦਰ ਕੁਮਾਰ)** - ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਲਾਲ ਹੁਸੈਨ ਨੇ ਪਿੰਡ ਰੰਧਾਵਾ ਮਸੰਦਾ ਅਤੇ ਬੱਖੂ ਨੰਗਲ ਵਿਖੇ ਬੇਅਬਾਦ ਮਸਜਿਦਾਂ ਦਾ ਦੌਰਾ ਕੀਤਾ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਥਾਵਾਂ ਦੀ ਦਿੱਖ ਨੂੰ ਸੁਧਾਰਣ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਨੇ ਪਿੰਡ ਰਸੂਲਪੁਰ ਵਰਿਆਹਾ (ਫਰੀਦਪੁਰ) ਅਤੇ ਬੱਖੂ ਨੰਗਲ ਵਿਖੇ ਸਥਿਤ ਕਬਰਿਸਤਾਨ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਪੰਜਾਬ ਵਕਫ ਬੋਰਡ ਦੇ ਅਧਿਕਾਰੀਆਂ ਨੂੰ ਕਬਰਿਸਤਾਨ ਵਿੱਚ ਚਾਰਦੀਵਾਰੀ ਸਮੇਤ ਸਾਰੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਕਮਿਸ਼ਨ ਦੇ ਮੈਂਬਰ ਨੇ ਮੁਸਲਿਮ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਕਬਰਿਸਤਾਨਾਂ ਵਾਲੀਆਂ ਥਾਵਾਂ 'ਤੇ ਬੁਨਿਆਦੀ ਸਹੂਲਤਾਂ ਮੌਜੂਦ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਨੂੰ ਆਪਣੀਆਂ ਰਸਮਾਂ ਪੂਰੀਆਂ ਕਰਨ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਬੇਅਬਾਦ ਪੁਰਾਣੀਆਂ ਮਸਜਿਦਾਂ ਦੀ ਦਿੱਖ ਨੂੰ ਸੁਧਾਰਣ ਲਈ ਠੋਸ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਕਮਿਸ਼ਨ ਜ਼ਿਲ੍ਹੇ ਵਿੱਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਭਾਈਚਾਰਿਆਂ ਨੂੰ ਲੋੜੀਂਦੇ ਕਬਰਿਸਤਾਨ ਲਈ ਢੁੱਕਵੀਂ ਜ਼ਮੀਨ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਭਲਾਈ ਅਫਸਰ ਲਖਵਿੰਦਰ ਸਿੰਘ, ਮਾਇਨੋਰਟੀਜ਼ ਪੀਪਲਜ਼ ਵੈੱਲਫੇਅਰ ਯੁਵਾ ਦਲ ਦੇ ਪੰਜਾਬ ਪ੍ਰਧਾਨ ਦਲਮੀਰ ਹੁਸੈਨ, ਮੁਹੱਬਤ ਮੇਹਰਬਾਨ, ਵਿਰਸਾ ਸਿੰਘ ਹੰਸ, ਫਰਮਾਨ ਧਾਰੀਵਾਲ ਆਦਿ ਮੌਜੂਦ ਸਨ।

## ਜੀਤੀ ਨੂੰ ਜ਼ਿਲ੍ਹਾ ਮੋਹਾਲੀ ਦਾ ਕਾਂਗਰਸ ਪ੍ਰਧਾਨ ਬਣਨ 'ਤੇ ਕੀਤਾ ਸਨਮਾਨਤ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)** :- ਕਾਂਗਰਸ ਪਾਰਟੀ ਹਾਈ ਕਮਾਂਡ ਤੇ ਪੰਜਾਬ ਕਾਂਗਰਸ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਰਣਜੀਤ ਸਿੰਘ ਜੀਤੀ ਨੂੰ ਜ਼ਿਲ੍ਹਾ ਮੋਹਾਲੀ ਕਾਂਗਰਸ ਪ੍ਰਧਾਨ ਨਿਯੁਕਤ ਕਰਨ 'ਤੇ ਕਾਂਗਰਸੀ ਵਰਕਰਾਂ ਤੇ ਆਗੂਆਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸੇ ਸਬੰਧ ਵਿੱਚ ਪਿੰਡ ਪਡਿਆਲਾ ਵਿਖੇ ਭਗਤ ਰਵਿਦਾਸ ਸਭਾ, ਪਡਿਆਲਾ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਕਾਂਗਰਸੀ ਆਗੂਆਂ ਨੇ ਜੀਤੀ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਉਨ੍ਹਾਂ ਨਾਲ ਚਟਾਨ ਵਾਂਗ ਖੜ੍ਹੇ ਹਨ ਤੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਖ਼ਤ ਮਿਹਨਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ 'ਚ ਸਭ ਤੋਂ ਵੱਧ ਵਿਕਾਸ ਕੰਮ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ ਹੀ ਹੋਇਆ ਹੈ ਤੇ ਕਾਂਗਰਸ ਪਾਰਟੀ ਸਖ਼ਤ ਮਿਹਨਤ ਕਰਨ ਵਾਲੇ ਆਗੂਆਂ ਤੇ ਵਰਕਰਾਂ ਨੂੰ ਸਮੇਂ-ਸਮੇਂ 'ਤੇ ਮਾਣ ਸਤਿਕਾਰ ਅਤੇ ਅਹੁਦੇ ਦੇ ਕੇ ਨਿਵਾਜਦੀ ਹੈ। ਜੀਤੀ ਨੇ ਪਿੰਡ ਵਾਸੀਆਂ ਤੇ ਹਾਜ਼ਰ ਕਾਂਗਰਸ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹਾਈ ਕਮਾਂਡ ਅਤੇ ਇਲਾਕੇ ਦੇ ਵਸਨੀਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਦਿਨ ਰਾਤ ਮਿਹਨਤ ਕਰਨਗੇ। ਇਸ ਮੌਕੇ ਭਗਤ ਰਵਿਦਾਸ ਸਭਾ ਪਡਿਆਲਾ ਦੇ ਪ੍ਰਧਾਨ ਕਮਲਜੀਤ ਸਿੰਘ, ਬਲਵਿੰਦਰ ਸਿੰਘ ਸਾਬਕਾ ਐਮ.ਸੀ. ਨਗਰ ਕੌਂਸਲ ਕੁਰਾਲੀ, ਦਰਸ਼ਨ ਸਿੰਘ ਸਾਬਕਾ ਪੰਚ ਪਿੰਡ ਪਡਿਆਲਾ, ਗੁਰੀ ਝਿੰਮ, ਚੌਧਰੀ ਕਮਲਜੀਤ ਸਿੰਘ, ਸੇਵਾ ਸਿੰਘ, ਡਾ. ਦਸੋਧਾ ਸਿੰਘ ਅਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

## ਲੱਡੂ ਵੰਡ ਕੇ ਖੁਸ਼ੀ ਮਨਾਈ



**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ )**-ਦਿੱਲੀ ਐਮ.ਸੀ. ਡੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਵਲੋਂ ਜਿੱਤ ਹਾਸਲ ਕਰਨ ਦੀ ਖੁਸ਼ੀ ਵਿਚ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਵੱਲੋਂ ਪਾਰਟੀ ਦੇ ਦਫਤਰ ਵਿਖੇ ਵਰਕਰਾਂ ਸਮੇਤ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ। ਜੀਤ ਲਾਲ ਭੱਟੀ ਵੱਲੋਂ ਦਿੱਲੀ ਐਮ.ਸੀ.ਡੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ 'ਤੇ ਆਮ ਆਦਮੀ ਪਾਰਟੀ ਦੇ ਸਭ ਵਰਕਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਭੁਪਿੰਦਰ ਸਿੰਘ ਦੇਵ, ਪਰਦੀਪ ਸਿੰਘ, ਸਤਨਾਮ ਸਿੰਘ ਟਾਂਡੀ, ਰਮੇਸ ਚੰਦਰ, ਹਰਜੀਤ ਸਿੰਘ , ਬਲਵਿੰਦਰ ਸਿੰਘ, ਮਸਤਾਨ ਸਿੰਘ,ਰਕੇਸ ਮਹਿਤਾ ਬਲਵਿੰਦਰ ਸਿੰਘ, ਵਿਸਾਲ ਭੱਟੀ, ਅਜੇ ਕੁਮਾਰ, ਕਮਲਜੀਤ ਸਿੰਘ ਡੱਲੀ,ਸਕੱਤਰ ਸਿੰਘ, ਬੀਬੀ ਬਿਦਵੰਤ ਕੌਰ ਹੋਰ ਆਗੂ ਵੀ ਸ਼ਾਮਲ ਸਨ।

## ਸਰਦ ਰੁੱਤ ਦੇ ਸੈਸ਼ਨ ਦੌਰਾਨ ਪਹਿਲੇ ਦਿਨ ਹੀ ਪਾਰਲੀਮੈਂਟ 'ਚ ਪਈ ਮਾਂ ਬੋਲੀ ਪੰਜਾਬੀ ਦੀ ਗੂੰਜ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਸਰਦ ਰੁੱਤ ਦੇ ਸ਼ੁਰੂ ਹੋਏ ਪਾਰਲੀਮੈਂਟ ਸ਼ੈਸ਼ਨ ਦੇ ਪਹਿਲੇ ਦਿਨ ਹੀ ਰਾਜ ਸਭਾ ਸਦਨ ਵਿੱਚ ਮਾਂ ਪੰਜਾਬੀ ਬੋਲੀ ਦੀ ਗੂੰਜ ਸੁਣਾਈ ਦਿੱਤੀ। ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਦੇ ਨਵੇਂ ਆਏ ਚੇਅਰਮੈਨ ਜਗਦੀਪ ਧਨਖੜ ਦਾ ਸਵਾਗਤ ਕਰਦਿਆਂ ਉਨ੍ਹਾਂ ਦਾ ਇਸ ਗੱਲ ਲਈ ਧੰਨਵਾਦ ਕੀਤਾ ਕਿ ਸਦਨ ਦੇ ਪਟਲ 'ਤੇ ਦਿੱਤੇ ਜਾਣ ਵਾਲੇ ਦਸਤਾਵੇਜ ਪੰਜਾਬੀ ਵਿੱਚ ਮੁਹੱਈਆ ਕਰਵਾਏ ਗਏ। ਸਦਨ ਵਿੱਚ ਮੈਂਬਰਾਂ ਨੂੰ ਹਮੇਸ਼ਾਂ ਹਿੰਦੀ ਤੇ ਅੰਗਰੇਜ਼ੀ ਵਿੱਚ ਹੀ ਦਸਤਾਵੇਜ ਦਿੱਤੇ ਜਾਂਦੇ ਸਨ। ਇਸ ਸੰਬੰਧੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਮੌਨਸੂਨ ਸ਼ੈਸ਼ਨ ਦੌਰਾਨ ਵੀ ਪੰਜਾਬੀ ਦੇ ਮੁੱਦੇ ਨੂੰ ਉਠਾਦਿਆਂ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਮਾਂ ਬੋਲੀ ਪੰਜਾਬੀ ਵਿੱਚ ਦਸਤਾਵੇਜ ਦਿੱਤੇ ਜਾਣ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਾਰਲੀਮੈਂਟ ਵਿੱਚ ਪੰਜਾਬੀ ਮਾਂ ਬੋਲੀ ਵਿੱਚ ਦਸਤਾਵੇਜ ਦਿੱਤੇ ਜਾਣ 'ਤੇ ਇਸ ਲਈ ਸਮੂਹ ਪੰਜਾਬੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵੀ ਧੰਨਵਾਦ ਕੀਤਾ। ਸੰਤ ਸੀਚੇਵਾਲ ਨੇ ਕਿਹਾ ਕਿ ਇੰਨ੍ਹਾਂ ਦੋਵੇਂ ਮੁੱਖ ਮੰਤਰੀਆਂ ਨੇ ਉਨ੍ਹਾਂ ਨੂੰ ਪੰਜਾਬ ਦੀ ਤਰਜ਼ਮਾਨੀ ਕਰਨ ਲਈ ਰਾਜ ਸਭਾ ਵਿੱਚ ਭੇਜਿਆ ਹੈ। ਉਹ ਯਤਨ ਕਰ ਰਹੇ ਹਨ ਕਿ ਪੰਜਾਬ ਦੇ ਮਸਲਿਆਂ ਨੂੰ ਰਾਜ ਸਭਾ ਵਿੱਚ ਰੱਖਿਆ ਜਾਵੇ। ਸੰਤ ਸੀਚੇਵਾਲ ਨੇ ਸਦਨ ਵਿੱਚ ਕਿਹਾ ਕਿ ਸਾਬਕਾ ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਵੀ ਆਪਣੀ ਵਿਦਾਇਗੀ ਸਮੇਂ ਕਿਹਾ ਸੀ ਕਿ ਇੱਕ ਸੰਸਦ ਮੈਂਬਰ ਖੜਾ ਹੋ ਕੇ ਆਪਣੀ ਮਾਤ ਭਾਸ਼ਾ ਵਿੱਚ ਦਸਤਾਵੇਜ ਕਿਉਂ ਮੰਗੇ ਉਸ ਨੂੰ ਤਾਂ ਪਹਿਲਾਂ ਹੀ ਮਹੁੱਈਆ ਕਰਵਾਏ ਜਾਣੇ ਚਾਹੀਦੇ ਹਨ। ਵੈਂਕਈਆ ਨਾਇਡੂ ਖੇਤਰੀ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਲਈ ਬੜੇ ਯਤਨਸ਼ੀਲ ਰਹੇ ਸਨ। ਸੰਤ ਸੀਚੇਵਾਲ ਨੇ ਰਾਜ ਸਭਾ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਵੀ ਕੀਤਾ ਜਿੰਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਮੁੱਦੇ 'ਤੇ ਉਨ੍ਹਾਂ ਦਾ ਸਮਰਥਨ ਕੀਤਾ। ਉਨ੍ਹਾਂ ਕਿਹਾ ਕਿ ਉਪ ਰਾਸ਼ਟਰਪਤੀ ਸ਼੍ਰੀ ਜਗਦੀਪ ਧਨਖੜ ਨੇ ਪਹਿਲੀ ਮੁਲਾਕਾਤ ਦੌਰਾਨ ਜਿਸ ਢੰਗ ਨਾਲ ਗੱਲ ਸੁਣੀ ਉਸ ਨਾਲ ਹੀ ਅੱਧਾ ਦੁੱਖ ਕੱਟਿਆ ਗਿਆ ਸੀ। ਪਾਰਲੀਮੈਂਟ ਵਿੱਚ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਦੁਆਉਣ ਲਈ ਸੰਤ ਸੀਚੇਵਾਲ ਵੱਲੋਂ ਕੀਤੇ ਗਏ ਯਤਨਾਂ ਦਾ ਪੰਜਾਬੀ ਸਾਹਿਤਕਾਰਾਂ ਨੇ ਨਿੱਘਾ ਸਵਾਗਤ ਕੀਤਾ ਹੈ। ਪੰਜਾਬੀ ਦੇ ਸਿਰਮੌਰ ਕਵੀ ਡਾ: ਗੁਰਭਜਨ ਗਿੱਲ ਨੇ ਕਿਹਾ ਕਿ ਸੰਤ ਬਲਬੀਰ ਸਿੰਘ ਸੀਚੇਵਾਲ ਪੰਜਾਬੀਆਂ ਦਾ ਉਹ ਨਾਇਕ ਹੈ ਜਿਹੜਾ ਪੰਜਾਬੀਆਂ ਦੀ ਰੂਹ ਵਿੱਚ ਵਸਿਆ ਹੋਇਆ ਹੈ। ਪੰਜਾਬ ਦੇ ਪਾਣੀਆਂ ਦੀ ਫਿਕਰਮੰਦੀ ਕਰਨ ਵਾਲੇ ਸੰਤ ਸੀਚੇਵਾਲ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਡਟ ਗਏ ਹਨ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਤੇ ਪੰਜਾਬ ਕਲਾ ਪ੍ਰੀਸ਼ਦ ਦੇ ਸਕੱਤਰ ਡਾ: ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਸੰਤ ਸੀਚੇਵਾਲ ਨੇ ਪਾਰਲੀਮੈਂਟ ਦੇ ਰਾਜ ਸਭਾ ਸਦਨ ਵਿੱਚ ਪੰਜਾਬੀ ਨੂੰ ਲਾਗੂ ਕਰਵਾਉਣ ਵਿੱਚ ਕੂੰਜੀਵਤ ਭੂਮਿਕਾ ਨਿਭਾਈ ਹੈ। ਪੰਜਾਬੀ ਵਿੱਚ ਦਸਤਾਵੇਜ ਮਿਲਣੇ ਇੱਕ ਇਤਿਹਾਸਕ ਵਰਤਾਰਾ ਹੈ ਜਿਹੜਾ ਹੁਣ ਭਵਿੱਖ ਵਿੱਚ ਵੀ ਜਾਰੀ ਰਹਿਣਾ ਚਾਹੀਦਾ ਹੈ। ਡਾ: ਜੌਹਲ ਨੇ ਕਿਹਾ ਕਿ ਸੰਤ ਸੀਚੇਵਾਲ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਲੈ ਕੇ ਪਾਰਲੀਮੈਂਟ ਤੱਕ ਪੰਜਾਬੀ ਮਾਂ ਬੋਲੀ ਨੂੰ ਤਰਜ਼ੀਹ ਦੇਣ ਲਈ ਅਵਾਜ਼ ਬੁਲੰਦ ਕੀਤੀ ਹੈ।

## ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ : ਕੋਮਲ ਮਿੱਤਲ

**ਹੁਸ਼ਿਆਰਪੁਰ, (ਬਲਵੀਰ ਸੈਣੀ)**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਇਸ ਦੁਨੀਆ ਵਿਚ ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ, ਇਸ ਲਈ ਸਾਰੇ ਆਪਣੇ ਜੀਵਨ ਵਿਚ ਖ਼ੂਨਦਾਨ ਜ਼ਰੂਰ ਕਰਨ, ਕਿਉਂਕਿ ਤੁਹਾਡੇ ਵਲੋਂ ਦਾਨ ਕੀਤਾ ਗਿਆ ਖ਼ੂਨ ਕਿਸੇ ਕੀਮਤੀ ਜ਼ਿੰਦਗੀ ਨੂੰ ਬਚਾਅ ਸਕਦਾ ਹੈ। ਉਹ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਹੁਸ਼ਿਆਰਪੁਰ ਕੈਂਪਸ ਵਿਚ ਯੁਵਕ ਸੇਵਾਵਾਂ ਵਿਭਾਗ ਹੁਸ਼ਿਆਰਪੁਰ ਅਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਕਰਵਾਏ ਗਏ ਖ਼ੂਨਦਾਨ ਕੈਂਪ ਅਤੇ ਰੈਡ ਰਿਬਨ ਕਲੱਬਾਂ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੀ ਸ਼ੁਰੂਆਤ ਕਰਵਾਉਣ ਦੌਰਾਨ ਨੌਜਵਾਨਾਂ ਨੂੰ ਸੰਬੋਧਨ ਕਰ ਰਹੇ ਸਨ।

ਇਸ ਦੌਰਾਨ ਉਨ੍ਹਾਂ ਨਾਲ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਹੁਸ਼ਿਆਰਪੁਰ ਪ੍ਰੀਤ ਕੋਹਲੀ ਅਤੇ ਸੰਸਥਾ ਦੇ ਡਾਇਰੈਕਟਰ ਪ੍ਰੋ: ਆਸ਼ੀਸ਼ ਅਰੋੜਾ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨੂੰ ਅੱਗੇ ਵੱਧ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਸਾਨੂੰ ਜਾਗਰੂਕ ਕਰਦੇ ਹਨ ਅਤੇ ਜਾਗਰੂਕਤਾ ਹੀ ਰੌਸ਼ਨ ਭਵਿੱਖ ਦੀ ਚਾਬੀ ਹੈ। ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿਚ ਸਭ ਤੋਂ ਪਹਿਲਾਂ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ, ਜਿਸ ਦਾ ਵਿਸ਼ਾ ਏਡਜ਼ ਜਾਗਰੂਕਤਾ, ਟੀ.ਬੀ. ਜਾਗਰੂਕਤਾ, ਨਸ਼ਾ ਜਾਗਰੂਕਤਾ ਅਤੇ ਖ਼ੂਨਦਾਨ ਪ੍ਰਤੀ ਜਾਗਰੂਕਤਾ ਸੀ। ਇਨ੍ਹਾਂ ਮੁਕਾਬਲਿਆਂ ਦੇ ਜੇਤੂਆਂ ਨੂੰ ਪ੍ਰਤੀ ਟੀਮ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿਚ ਪਹਿਲੇ ਸਥਾਨ 'ਤੇ ਰੁਕਸਾਨਾ, ਦੂਜੇ ਸਥਾਨ 'ਤੇ ਹਰਸ਼ਦੀਪ ਅਤੇ ਤੀਜੇ ਸਥਾਨ 'ਤੇ ਨਵਪ੍ਰੀਤ ਸਿੰਘ ਰਹੇ। ਸਲੋਗਨ ਰਾਈਟਿੰਗ ਵਿਚ ਹਰਕੀਨ ਕੌਰ ਪਹਿਲੇ, ਪ੍ਰਿੰਆ ਦੂਜੇ ਅਤੇ ਸੰਜਨਾ ਤੀਜੇ ਸਥਾਨ 'ਤੇ ਰਹੀ। ਜੱਜਾਂ ਦੀ ਭੂਮਿਕਾ ਕੈਂਪਸ ਦੇ ਮਕੈਨੀਕਲ ਵਿਭਾਗ ਦੇ ਡਾ. ਅਮਿਤ ਹਾਂਡਾ ਅਤੇ ਜੀ.ਜੀ.ਐਸ.ਡੀ ਕਾਲਜ ਹਰਿਆਣਾ ਦੀ ਡਾ. ਫੁਲਾ ਰਾਣੀ ਅਤੇ ਸੰਦੀ ਕੌਰ ਅਤੇ ਸਟੇਜ ਸਕੱਤਰ ਦੀ ਭੂਮਿਕਾ ਡਾ. ਕੁਲਵਿੰਦਰ ਸਿੰਘ ਨੇ ਨਿਭਾਈ। ਇਸ ਮੌਕੇ ਡਾ. ਕੁਲਵਿੰਦਰ ਸਿੰਘ, ਹਰਪ੍ਰੀਤ ਕੌਰ, ਸੁਖਵਿੰਦਰ ਸਿੰਘ, ਡਾ. ਰੰਜਨਾ, ਡਿਪਟੀ ਰਜਿਸਟਰਾਰ ਗਗਨਜੋਤ ਸਿੰਘ, ਡਾ. ਸੁਨੀਲ ਮਾਹਲਾ, ਡਾ. ਬ੍ਰਿਜੇਸ਼, ਡਾ. ਅਮਿਤ ਹਾਂਡਾ, ਡਾ. ਰਿੰਕੂ ਵਾਲੀਆ, ਤਰਸੇਮ ਸ਼ਰਮਾ, ਰਜਿੰਦਰ ਕੁਮਾਰ ਤੋਂ ਇਲਾਵਾ ਹੋਰ ਪਤਵੰਤੇ ਮੌਜੂਦ ਸਨ।

## ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਦੇ ਜਨਮ ਦਿਹਾੜੇ ਸੰਬੰਧੀ ਪ੍ਰੋਸਟਰ ਜਾਰੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਸਿੰਘ ਸਾਹਿਬ ਛਾਉਣੀ ਨਿਹੰਗ ਸਿੰਘਾਂ ਦੇ ਅਸਥਾਨ 'ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਦਿਹਾੜਾ 11 ਦਸੰਬਰ ਦਿਨ ਐਤਵਾਰ ਨੂੰ ਜਥੇਬੰਦੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਗੁਰਦੇਵ ਸਿੰਘ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਹੈਡਕੁਆਰਟਰ ਬਜਵਾੜਾ ਕਲਾਂ ਦੀ ਅਗਵਾਈ ਹੇਠ ਅਦੁੱਤੀ ਮਹਾਨ ਗੁਰਮਤਿ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਬਾਬਾ ਰਾਜਵੀਰ ਸਿੰਘ ਹੁਸ਼ਿਆਰਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਦੁੱਤੀ ਮਹਾਨ ਗੁਰਮਤਿ ਸਮਾਗਮ ਦਾ ਡੀ ਸੀ ਹੁਸ਼ਿਆਰਪੁਰ ਵੱਲੋਂ ਪੋਸਟਰ ਜਾਰੀ ਕੀਤਾ ਗਿਆ। 11 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਇਲਾਕੇ ਭਰ ਤੋਂ ਸੰਤ ਮਹਾਂਪੁਰਸ਼ਾਂ, ਨਿਹੰਗ ਸਿੰਘ ਜਥੇਬੰਦੀਆਂ, ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰ ਜੱਥੇ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ।

## ਨਗਰ ਨਿਗਮ ਦਿੱਲੀ ਚੋਣਾਂ 'ਚ 'ਆਪ' ਦੀ ਇਤਿਹਾਸਕ ਜਿੱਤ : ਜੋਗਿੰਦਰ ਸਿੰਘ ਮਾਨ

**ਫਗਵਾੜਾ (ਜਸਵਿੰਦਰ ਢੱਡਾ)** 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਨੇ ਨਗਰ ਨਿਗਮ ਦਿੱਲੀ ਚੋਣਾਂ ਵਿੱਚ 'ਆਪ'ਦੀ ਜਿੱਤ ਦੀ ਸ਼ਲਾਘਾ ਕੀਤੀ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ ਸਾਬਕਾ ਮੰਤਰੀ ਨੇ ਕਿਹਾ ਕਿ ਇਹ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਪਾਰਟੀ ਦੀ ਸੁਸ਼ਾਸਨ ਅਤੇ ਭਰੋਸੇਯੋਗ ਲੀਡਰਸ਼ਿਪ ਦੇ ਹੱਕ ਵਿੱਚ ਫੈਸਲਾ ਹੈ। ਨਗਰ ਨਿਗਮ ਦਿੱਲੀ ਚੋਣਾਂ ਵਿੱਚ 'ਆਪ' ਦੀ ਇਤਿਹਾਸਕ ਜਿੱਤ ਨੂੰ ਟਰੇਲਰ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ 2024 ਦੀਆਂ ਆਮ ਚੋਣਾਂ ਵਿੱਚ ਪਾਰਟੀ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਪੂਰੀ ਤਸਵੀਰ ਸਾਹਮਣੇ ਆਵੇਗੀ। ਉਨ੍ਹਾਂ ਕਿਹਾ ਕਿ ਇਹ ਨਤੀਜਾ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ 'ਆਪ' ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਇੱਕ ਰੁਝਾਨ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਦੂਰਅੰਦੇਸ਼ੀ ਅਗਵਾਈ ਹੇਠ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਲੋਕ ਪੱਖੀ ਨੀਤੀਆਂ ਅਤੇ ਠੋਸ ਕਾਰਗੁਜ਼ਾਰੀ ਦੇ ਹੱਕ ਵਿੱਚ ਦਿੱਤੇ ਇਸ ਵਿਸ਼ਾਲ ਫਤਵੇ ਨੇ ਆਪਣੇ ਸੌੜੇ ਸਵਾਰਥਾਂ ਲਈ ਸਰਕਾਰ ਨੂੰ ਬਦਨਾਮ ਕਰਨ ਲਈ ਭੈੜਾ ਪ੍ਰਚਾਰ ਕਰਨ ਵਾਲੀਆਂ ਫੁੱਟ ਪਾਊ ਤਾਕਤਾਂ ਦਾ ਮੂੰਹ ਬੰਦ ਕਰ ਦਿੱਤਾ ਹੈ। ਇਸ ਸ਼ਾਨਦਾਰ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੀ ਸਮੁੱਚੀ ਪੰਜਾਬ ਇਕਾਈ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਇਨ੍ਹਾਂ ਚੋਣਾਂ ਦੌਰਾਨ ਪਾਰਟੀ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕੀਤੀ ਹੈ। ਇਸ ਨੂੰ 'ਆਪ' ਸਰਕਾਰ ਦੀਆਂ ਲੋਕ ਪੱਖੀ ਅਤੇ ਵਿਕਾਸ ਪੱਖੀ ਨੀਤੀਆਂ ਦੇ ਹੱਕ 'ਚ ਫਤਵਾ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਪਾਰਟੀ ਦੀ ਜਿੱਤ ਨੇ ਇਕ ਵਾਰ ਫਿਰ ਦਿੱਲੀ 'ਚ 'ਆਪ' ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ 'ਤੇ ਲੋਕਾਂ ਦੇ ਪੂਰਨ ਵਿਸ਼ਵਾਸ ਅਤੇ ਭਰੋਸੇ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੇ ਨਤੀਜੇ ਵੰਡ ਦੀ ਰਾਜਨੀਤੀ ਅਤੇ ਦੂਜੀਆਂ



ਪਾਰਟੀਆਂ ਦੁਆਰਾ ਲਾਗੂ ਕੀਤੀਆਂ ਗੰਦੀਆਂ ਚਾਲਾਂ 'ਤੇ ਅਧਾਰਤ ਭੈੜੇ ਪ੍ਰਚਾਰ 'ਤੇ 'ਆਪ' ਦੀ ਸਾਫ਼-ਸੁਥਰੀ, ਪਾਰਦਰਸ਼ੀ ਅਤੇ ਚੰਗੇ ਸ਼ਾਸਨ ਦੀ ਜਿੱਤ ਹੈ। ਉਨ੍ਹਾਂ ਨੇ ਇਨ੍ਹਾਂ ਚੋਣਾਂ ਵਿੱਚ ਪਾਰਟੀ ਦੀ ਸ਼ਾਨਦਾਰ ਜਿੱਤ ਨੂੰ ਯਕੀਨੀ ਬਣਾਉਣ ਲਈ ਦਿਨ-ਰਾਤ ਕੰਮ ਕਰਨ ਲਈ 'ਆਪ' ਦੇ ਸਮੂਹ ਵਰਕਰਾਂ, ਆਗੂਆਂ ਅਹੁਦੇਦਾਰਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਹਰਨੂਰ ਸਿੰਘ ਮਾਨ, ਦਲਜੀਤ ਸਿੰਘ ਰਾਜੂ, ਹਰਮੇਸ਼ ਪਾਠਕ, ਅਵਤਾਰ ਸਿੰਘ ਪੰਡਵਾ, ਰਵਨੀਤ ਸ਼ਰਮਾ, ਨਰੇਸ਼ ਸ਼ਰਮਾ, ਰਵੀ ਗੋਬਿੰਦਪੁਰਾ, ਧਰਮਵੀਰ ਸੇਠੀ, ਕ੍ਰਿਸ਼ਨ ਕੁਮਾਰ ਹੀਰੋ, ਸੂਬੇਦਾਰ ਜੀਤ ਦਾਸ, ਰਾਜਾ ਕੌਂਸਲਰ, ਰਾਕੇਸ਼ ਕੁਮਾਰ ਕੇਸ਼ੀ, ਵਰੁਣ ਚੱਕ ਹਕੀਮ, ਸੋਨੂੰ ਪਹਿਲਵਾਨ, ਅਮਨਦੀਪ, ਫੌਜੀ ਸ਼ੇਰਗਿਲ, ਲਾਡੀ ਨੰਗਲ ਮੱਝਾ, ਤਰਨਦੀਪ ਸਿੰਘ, ਗੋਪੀ, ਹਰੀਓਮ ਗੁਪਤਾ ਆਦਿ ਹਾਜ਼ਰ ਸਨ।

## ਮਨਸੂਰਪੁਰ ਦੇ ਸਰਕਾਰੀ ਸਕੂਲ 'ਚ ਪ੍ਰੀ-ਨਿਰਵਾਣ ਦਿਵਸ ਮਨਾਇਆ



**ਗੁਰਾਇਆ (ਬਿੰਦਰ ਸੁਮਨ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਸੂਰਪੁਰ ਬਲਾਕ ਗੁਰਾਇਆ (ਜਲੰਧਰ) ਵਿੱਚ ਡਾ. ਭੀਮ ਰਾਓ ਅੰਬੇਡਕਰ ਦਾ ਮਹਾਂ ਪ੍ਰੀ - ਨਿਰਵਾਣ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਸਿੱਧ ਲੇਖਿਕਾ ਕੁਲਵੰਤ ਕੌਰ ਨਗਰ ਨੇ ਡਾ. ਅੰਬੇਡਕਰ ਦੇ ਜੀਵਨ ਸੰਘਰਸ਼ ਸੰਬੰਧੀ ਆਪਣੀ ਲਿਖੀ ਕਵਿਤਾ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਨਰਗਿਸ ਨਗਰ ਨੇ ਤਰੰਨੁਮ ਵਿਚ ਮਿਸ਼ਨਰੀ ਗੀਤ ਪੇਸ਼ ਕੀਤਾ। ਪ੍ਰਸਿੱਧ ਮਿਊਜ਼ਿਕ ਡਾਇਰੈਕਟਰ ਜੈਜਵੀਰ ਪਿੰਡ ਚੱਕ ਦੇਸ ਰਾਜ ਨੇ ਸਿੱਖਿਆ ਦੀ ਮਹੱਤਤਾ ਨੂੰ ਦਰਸਾਉਂਦਾ ਆਪਣਾ ਗੀਤ " ਇੱਕ ਰੋਟੀ ਘੱਟ ਖਾ ਲਿਓ, ਪਰ ਬੱਚਿਆਂ ਨੂੰ ਜ਼ਰੂਰ ਪੜ੍ਹਾਓ " ਪੇਸ਼ ਕੀਤਾ। ਜਸਵਿੰਦਰ ਪੱਪੀ ਨਿਰਦੇਸ਼ਕ, ਮਾਨਵਤਾ ਕਲਾ ਮੰਚ ਅੱਟੀ ਨੇ 'ਮਾਨਵਤਾ ਲਾਇਬ੍ਰੇਰੀ' ਬਾਰੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਯਾਦ ਰਹੇ ਇਹ ਲਾਇਬ੍ਰੇਰੀ ਪਿੰਡ ਅੱਟੀ ਵਿੱਚ ਮਾਨਵਤਾ ਕਲਾ ਮੰਚ ਅੱਟੀ ਨੇ ਸਥਾਪਿਤ ਕੀਤੀ ਹੈ, ਜਿਸ ਵਿੱਚੋਂ ਪਿੰਡ ਦਾ ਕੋਈ ਵੀ ਵਿਅਕਤੀ ਕਿਤਾਬਾਂ ਇਸ਼ੂ ਕਰਵਾ ਸਕਦਾ ਹੈ। ਲੈਕਚਰਾਰ ਪਰਦੀਪ ਸਿੰਘ ਨੇ ਸਟੇਜ ਦੀ ਕਾਰਵਾਈ ਚਲਾਈ। ਸ਼ਰਨਦੀਪ ਰਾਜਪੁਰਾ ਨੇ ਰਾਣੀ-ਤੱਤ ਕਿਤਾਬ ਵਿੱਚੋਂ ਕਵਿਤਾ " ਸੂਰਜ ਕਦੇ ਵੀ ਕਣੀਆਂ ਦੇ ਵਿੱਚ ਭਿੱਜਦੇ ਨਹੀਂ ਹੁੰਦੇ" ਸੁਣਾਈ। ਪ੍ਰਿੰਸੀਪਲ ਹਰਦੀਪ ਸਿੰਘ ਨੇ ਵਿਦਿਆਰਥੀਆਂ ਨਾਲ ਬਾਬਾ ਸਾਹਿਬ ਦੇ ਜੀਵਨ, ਸੰਘਰਸ਼ ਅਤੇ ਸਮਾਜ ਨੂੰ ਇਨ੍ਹਾਂ ਦੀ ਦੇਣ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਜਨੀ ਬਾਲਾ, ਨਵਪ੍ਰੀਤ ਕੌਰ, ਗੁਰਬਖਸ ਕੌਰ, ਰੇਖਾ ਮਹਿਤਾ, ਆਰਤੀ ਭਾਰਦਵਾਜ, ਮਾਸਟਰ ਅਵਤਾਰ ਲਾਲ, ਲੈਕਚਰਾਰ ਅਵਤਾਰ ਲਾਲ, ਮਨੀਸ਼ ਕੁਮਾਰ, ਮਧੂ ਬਾਲਾ, ਸੁਰਜੀਤ ਕੁਮਾਰ, ਧਰਮਵੀਰ ਸਿੰਘ, ਵਸੁਧਾ, ਸ਼ੀਤਲ, ਅਮਰਜੀਤ ਕੌਰ ਹਾਜ਼ਰ ਸਨ।

## ਵੇਰਕਾ ਸੂਬੇ 'ਚ 625 ਨਵੇਂ ਬੂਥ ਖੋਲ੍ਹੇਗਾ : ਵਿਜੈ ਕੁਮਾਰ ਜੰਜੂਆ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਰਕਾਰੀ ਅਦਾਰਿਆਂ ਨੂੰ ਮਜ਼ਬੂਤ ਕਰਨ ਅਤੇ ਸਹਿਕਾਰਤਾ ਲਹਿਰ ਨੂੰ ਹੁਲਾਰਾ ਦੇਣ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਿਲਕਫੈਡ ਦੇ ਵਿਸਥਾਰ ਦੀ ਯੋਜਨਾ ਤਿਆਰ ਕੀਤੀ ਗਈ ਹੈ। ਅੱਜ ਇਥੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਸੂਬੇ ਵਿੱਚ 625 ਨਵੇਂ ਮਿਲਕ ਬੂਥ ਖੋਲ੍ਹਣ ਅਤੇ ਕੌਮੀ ਰਾਜਧਾਨੀ ਖੇਤਰ ਵਿੱਚ ਵੇਰਕਾ ਉਤਪਾਦਾਂ ਦਾ ਦਾਇਰਾ ਵਧਾਉਣ ਲਈ ਪੱਕਾ ਦਫਤਰ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ। ਮੁੱਖ ਸਕੱਤਰ ਜੰਜੂਆ ਨੇ ਕਿਹਾ ਕਿ ਸਹਿਕਾਰੀ ਅਦਾਰਾ ਮਿਲਕਫੈਡ ਸਿੱਧੇ ਤੌਰ ਉਤੇ ਕਿਸਾਨਾਂ ਨਾਲ ਜੁੜਿਆ ਹੋਇਆ ਹੈ, ਜਿਹੜਾ ਕਿਸਾਨਾਂ ਨੂੰ ਚੰਗੀ ਕੀਮਤ ਉਤੇ ਦੁੱਧ ਖਰੀਦ ਕੇ ਉਚ ਮਿਆਰ ਦੇ ਉਤਪਾਦ ਤਿਆਰ ਕਰਕੇ ਗਾਹਕਾਂ ਨੂੰ ਵਾਜਬ ਕੀਮਤਾਂ ਉਤੇ ਵੇਚਦਾ ਹੈ। ਵੇਰਕਾ ਉਤਪਾਦਾਂ ਦੀ ਵਧਦੀ ਮੰਗ ਨੂੰ ਦੇਖਦਿਆਂ ਪੰਜਾਬ ਵਿੱਚ ਕੁੱਲ 1000 ਨਵੇਂ ਬੂਥ ਖੋਲ੍ਹਣ ਦੀ ਯੋਜਨਾ ਹੈ, ਜਿਸ ਵਿੱਚੋਂ ਪਹਿਲੇ ਪੜਾਅ ਵਿੱਚ 625 ਬੂਥ ਖੋਲ੍ਹਣ ਨੂੰ ਅੱਜ ਪ੍ਰਵਾਨਗੀ ਦਿੱਤੀ ਗਈ। ਇਹ ਜਗ੍ਹਾਂ ਸੂਬੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਅਧੀਨ ਆਉਂਦੀਆਂ ਹਨ, ਜਿਸ ਲਈ ਸਾਰੇ ਪ੍ਰਬੰਧਕੀ ਸਕੱਤਰਾਂ ਨੂੰ ਬੂਥ ਅਲਾਟ ਕਰਨ ਲਈ ਆਖਿਆ ਗਿਆ ਹੈ। ਇਸ ਨਾਲ ਨੌਜਵਾਨਾਂ ਨੂੰ ਜਿੱਥੇ ਰੋਜ਼ਗਾਰ ਮਿਲੇਗਾ ਉਥੇ ਲੋਕਾਂ ਨੂੰ ਆਪਣੇ ਘਰ ਦੇ ਨੇੜੇ ਵੇਰਕਾ ਉਤਪਾਦ ਮਿਲਣਗੇ। ਉਨ੍ਹਾਂ ਮਿਲਕਫੈਡ ਅਧਿਕਾਰੀਆਂ ਨੂੰ ਦੂਜੇ ਪੜਾਅ ਵਿੱਚ ਬੂਥ ਖੋਲ੍ਹਣ ਲਈ ਅਜਿਹੀਆਂ ਥਾਵਾਂ ਦੀ ਸ਼ਨਾਖਤ ਕਰਨ ਲਈ ਕਿਹਾ ਜਿੱਥੇ ਲੋਕਾਂ ਦੀ ਭੀੜ ਅਤੇ ਮੰਗ ਜ਼ਿਆਦਾ ਹੋਵੇ। ਇਸ ਤੋਂ ਇਲਾਵਾ ਜ਼ੋਰ ਸ਼ੋਰ ਨਾਲ ਵੇਰਕਾਂ ਉਤਪਾਦਾਂ ਦੀ ਮਸ਼ਹੂਰੀ ਕਰਨ ਲਈ ਵੀ ਆਖਿਆ। ਕੌਮੀ ਰਾਜਧਾਨੀ ਖੇਤਰ (ਨਵੀਂ ਦਿੱਲੀ-ਗੁੜਗਾਓਂ-ਨੋਇਡਾ) ਵਿਖੇ ਮਿਲਕਫੈਡ ਦਾ ਦਾਇਰਾ ਵਧਾਉਣ ਲਈ ਮੁੱਖ ਸਕੱਤਰ ਵੱਲੋਂ ਨਵੀਂ ਦਿੱਲੀ ਵਿਖੇ ਨਵਾਂ ਦਫਤਰ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਗਈ, ਜਿਸ ਸੰਬੰਧੀ ਸਕੱਤਰ ਲੋਕ ਨਿਰਮਾਣ ਨੂੰ ਨਾਭਾ ਹਾਊਸ ਵਿਖੇ ਜਗ੍ਹਾਂ ਦੀ ਸ਼ਨਾਖਤ ਕਰਨ ਲਈ ਕਿਹਾ। ਜੰਜੂਆ ਨੇ ਦੱਸਿਆ ਕਿ ਸਾਲ 2021-22 ਵਿੱਚ ਪ੍ਰਤੀ ਦਿਨ 19.17 ਲੱਖ ਲੀਟਰ ਦੁੱਧ ਦੀ ਖਰੀਦ ਕੀਤੀ ਗਈ ਅਤੇ ਪ੍ਰਤੀ ਦਿਨ 11.01 ਲੱਖ ਲੀਟਰ ਪੈਕਿੰਗ ਵਾਲਾ ਤਰਲ ਦੁੱਧ ਵੇਚਿਆ ਗਿਆ। ਮਿਲਕਫੈਡ ਵੱਲੋਂ ਆਉਂਦੇ ਪੰਜ ਸਾਲਾਂ (2026-27) ਤੱਕ ਪ੍ਰਤੀ ਦਿਨ 29 ਲੱਖ ਲੀਟਰ ਖਰੀਦ ਅਤੇ 18.50 ਲੱਖ ਲੀਟਰ ਪੈਕਿੰਗ ਵਾਲਾ ਤਰਲ ਦੁੱਧ ਵੇਚਣ ਦਾ ਟੀਚਾ ਮਿੱਥਿਆ ਗਿਆ ਹੈ। ਸੂਬੇ ਵਿੱਚ ਦੁੱਧ ਅਤੇ ਦੁੱਧ ਦੇ ਉਤਪਾਦਾਂ ਦੀ ਮਿਲਾਵਟ ਰੋਕਣ ਲਈ ਚੈਕ ਕਰਨ ਵਾਲਿਆਂ ਮੋਬਾਈਲ ਵੈਨਾਂ ਦੀ ਗਿਣਤੀ ਵਧਾਉਣ ਦਾ ਫੈਸਲਾ ਕੀਤਾ ਗਿਆ ਤਾਂ ਜੋ ਮਿਲਾਵਟਖੋਰੀ ਖਿਲਾਫ ਮੁਹਿੰਮ ਨੂੰ ਜ਼ਮੀਨੀ ਪੱਧਰ ਉਤੇ ਹੋਰ ਮਜ਼ਬੂਤ ਕੀਤਾ ਜਾਵੇ। ਇਸੇ ਤਰ੍ਹਾਂ ਵੈਟਰਨਰੀ ਅਫਸਰਾਂ ਨੂੰ ਵੀ ਮਿਲਾਵਟਖੋਰੀ ਚੈਕ ਕਰਨ ਲਈ ਐਫ.ਐਸ.ਐਸ.ਏ.ਆਈ. ਕਾਨੂੰਨ ਤਹਿਤ ਦੁੱਧ, ਦੁੱਧ ਦੇ ਉਤਪਾਦਾਂ ਅਤੇ ਹੋਰ ਖਾਣ-ਪੀਣ ਵਾਲੇ ਉਤਪਾਦਾਂ ਦੇ ਸੈਂਪਲ ਲੈਣ ਲਈ ਅਧਿਕਾਰਤ ਕਰਨ ਉਤੇ ਵਿਚਾਰ ਕੀਤਾ ਗਿਆ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਸਹਿਕਾਰਤਾ ਅਨੁਰਾਗ ਅੱਗਰਵਾਲ, ਸਕੱਤਰ ਲੋਕ ਨਿਰਮਾਣ ਵਿਭਾਗ ਨੀਲ ਕੰਠ ਅਵਧ ਅਤੇ ਮਿਲਕਫੈਡ ਦੇ ਐਮ.ਡੀ. ਅਮਿਤ ਢਾਕਾ, ਜਨਰਲ ਮੈਨੇਜਰ ਹਰਮਿੰਦਰ ਸਿੰਘ ਸੰਧੂ, ਰੇਨੂ ਧਰ ਤੇ ਸੰਜੀਵ ਸ਼ਰਮਾ ਵੀ ਹਾਜ਼ਰ ਸਨ।

## ਬੰਗਾ ਵਿਖੇ ਸ਼ਹੀਦ ਭਗਤ ਸਿੰਘ ਫੁੱਟਬਾਲ ਟੂਰਨਾਮੈਂਟ ਸ਼ੁਰੂ

**ਮੇਹਟੀਆਣਾ (ਜਗਤਾਰ ਸਿੰਘ ਭੁਗਰਨੀ)**—ਸ਼ਹੀਦ-ਏ-ਆਜ਼ਮ ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਕਮੇਟੀ ਬੰਗਾ ਵੱਲੋਂ ਪਰਮਜੀਤ ਕਾਹਮਾ ਅਤੇ ਹਰਜਗਦੀਸ਼ ਸਿੰਘ ਮਾਨ ਦੀ ਯਾਦ ਨੂੰ ਸਮਰਪਿਤ 24ਵਾਂ ਰਾਜ ਪੱਧਰੀ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਪ੍ਰਵਾਸੀ ਭਾਰਤੀ ਝਲਮਣ ਸਿੰਘ ਸਿੱਧੂ ਸੋਤਰਾਂ ਵੱਲੋਂ ਕੀਤਾ ਗਿਆ । ਟੂਰਨਾਮੈਂਟ ਕਮੇਟੀ ਦੇ ਪ੍ਰਬੰਧਕੀ ਸਕੱਤਰ ਹਰਜੀਤ ਸਿੰਘ ਮਾਹਲ ਅਤੇ ਪ੍ਰੈਸ ਸਕੱਤਰ ਹਰਬੰਸ ਹੀਉਂ ਨੇ ਦਸਿਆ ਕਿ ਟੂਰਨਾਮੈਂਟ ਹਰਦੇਵ ਸਿੰਘ ਕਾਹਮਾ ਦੀ ਰਹਿਨੁਮਾਈ ਹੇਠ ਹੋ ਰਿਹਾ ਹੈ। ਟੂਰਨਾਮੈਂਟ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਦਸ਼ਮੇਸ਼ ਸਟੇਡੀਅਮ ਦੇ ਪੀ ਟੀ ਮਹਿੰਗਾ ਸਿੰਘ ਪੈਵੀਲੀਅਨ ਵਿਚ ਹੋਵੇਗਾ। ਜੇਤੂ ਟੀਮ ਨੂੰ ਇਕ ਲੱਖ ਰੁਪਏ ਦੀ ਨਗਦ ਰਾਸ਼ੀ ਦੇ ਇਨਾਮ ਦੇ ਨਾਲ ਚੈਂਪੀਅਨਸ਼ਿਪ ਟਰਾਫੀ ਭੇਟ ਕੀਤੀ ਜਾਵੇਗੀ। ਉਪ ਜੇਤੂ ਟੀਮ ਨੂੰ 60 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਦੇ ਨਾਲ ਟਰਾਫੀ ਭੇਟ ਕੀਤੀ ਜਾਵੇਗੀ। ਟੂਰਨਾਮੈਂਟ ਦਾ ਉਦਘਾਟਨੀ ਮੈਚ ਨਾਮਧਾਰੀ ਫੁੱਟਬਾਲ ਅਕਾਡਮੀ ਭੈਣੀ ਸਾਹਿਬ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਸ ਕਲੱਬ ਮਾਹਿਲਪੁਰ ਵਿਚਕਾਰ ਹੋਇਆ ਜਿਸ ਵਿੱਚ ਨਾਮਧਾਰੀ ਨੇ ਮਾਹਿਲਪੁਰ ਨੂੰ 2-1 ਨਾਲ ਹਰਾ ਦਿੱਤਾ। ਦੂਜਾ ਮੈਚ ਮਿਨਰਵਾ ਫੁੱਟਬਾਲ ਅਕਾਡਮੀ ਮੋਹਾਲੀ ਅਤੇ ਜੇ ਸੀ ਟੀ ਫੁੱਟਬਾਲ ਅਕਾਡਮੀ ਫਗਵਾੜਾ ਵਿਚਕਾਰ ਹੋਇਆ, ਜੇ ਸੀ ਟੀ ਨੇ ਮਿਨਰਵਾ ਨੂੰ 4-3 ਨਾਲ ਹਰਾਇਆ । ਟੂਰਨਾਮੈਂਟ ਨੂੰ ਸ਼ਾਨੋ ਸ਼ੌਕਤ ਨਾਲ ਨੇਪਰੇ ਚਾੜ੍ਹਨ ਲਈ ਕਮੇਟੀ ਦੇ ਸਰਪ੍ਰਸਤ ਦਰਸ਼ਨ ਸਿੰਘ ਮਾਹਲ, ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਸੀਨੀਅਰ ਮੀਤ ਪ੍ਰਧਾਨ ਗੁਰਦਿਆਲ ਸਿੰਘ ਜਗਤਪੁਰ, ਸਤਨਾਮ ਸਿੰਘ ਹੇੜ੍ਹੀਆਂ ਆਦਿ ਵਿਦੇਸ਼ਾਂ ਤੋਂ ਵਤਨ ਆ ਚੁੱਕੇ ਹਨ। ਟੂਰਨਾਮੈਂਟ ਦੀਆਂ ਤਿਆਰੀਆਂ ਨੂੰ ਅੰਤਿਮ ਛੂਹਾਂ ਦੇਣ ਲਈ ਡਾ. ਤਰਸੇਮ ਸਿੰਘ ਭਿੰਡਰ, ਜਰਨੈਲ ਸਿੰਘ ਪੱਲੀ ਝਿੱਕੀ, ਕਸ਼ਮੀਰੀ ਲਾਲ ਮੰਗੂਵਾਲ, ਤਰਲੋਚਨ ਸਿੰਘ ਪੂੰਨੀ, ਸੁੱਚਾ ਸਿੰਘ ਪੀਟੀਆਈ, ਦਰਚਨਜੀਤ ਕੁਮਾਰ ਸਰਮਾ, ਅਮਨਦੀਪ ਸਿੰਘ ਥਾਂਦੀ, ਪ੍ਰੋ. ਸੰਧੂ ਵਰਿਆਣਵੀਂ, ਡਾ. ਗੁਰਮੀਤ ਸਿੰਘ ਸਰਾਂ, ਦਲਜੀਤ ਸਿੰਘ ਸੁੱਜੋਂ, ਕੁਲਵਿੰਦਰ ਸਿੰਘ ਢਾਂਡੀਆ, ਹਰਜੋਗ ਸਿੰਘ ਚਾਹਲ, ਜਗਤਾਰ ਸਿੰਘ ਝਿੱਕਾ, ਜਸਵੰਤ ਖਟਕੜ, ਪਿਆਰਾ ਸਿੰਘ ਕਾਹਮਾ, ਸਵਰਨ ਸਿੰਘ ਕਾਹਮਾ ਨੰਬਰਦਾਰ ਆਦਿ ਹਾਜ਼ਰ ਸਨ।

## 'ਜ਼ਿਲ੍ਹੇ ਦੀਆਂ 48 ਸਿਹਤ ਸੰਸਥਾਵਾਂ 'ਚ ਆਮ ਆਦਮੀ ਕਲੀਨਿਕਾਂ ਦੀ ਤਰਜ਼ 'ਤੇ ਮੁਹੱਈਆ ਕਰਵਾਈਆਂ ਜਾਣਗੀਆਂ ਸਿਹਤ ਸੇਵਾਵਾਂ'

**ਜਲੰਧਰ, (ਸ਼ੈਲੀ ਐਲਬਰਟ)** ਜ਼ਿਲ੍ਹੇ ਦੀਆਂ 48 ਸਿਹਤ ਸੰਸਥਾਵਾਂ ਵਿੱਚ ਆਮ ਆਦਮੀ ਕਲੀਨਿਕਾਂ ਦੀ ਤਰਜ਼ 'ਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਮਕਸਦ ਨਾਲ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਵੱਲੋਂ ਮੰਗਲਵਾਰ ਨੂੰ ਸਿਹਤ ਵਿਭਾਗ ਅਤੇ ਵੱਖ-ਵੱਖ ਕਾਰਜਕਾਰੀ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਆਮ ਆਦਮੀ ਕਲੀਨਿਕਾਂ ਸੰਬੰਧੀ ਚੱਲ ਰਹੀ ਸਮੁੱਚੀ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਵਿਅਕਤੀਗਤ ਤਵੱਜੋ ਦਿੰਦਿਆਂ ਇਸ ਕੰਮ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ ਤਾਂ ਜੋ ਲੋਕਾਂ ਨੂੰ ਜਲਦ ਤੋਂ ਜਲਦ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਪੇਂਡੂ ਖੇਤਰ ਦੀਆਂ 28 ਅਤੇ ਸ਼ਹਿਰੀ ਖੇਤਰ ਦੀਆਂ 20 ਸਿਹਤ ਸੰਸਥਾਵਾਂ ਵਿੱਚ ਆਮ ਆਦਮੀ ਕਲੀਨਿਕਾਂ ਦੀ ਤਰਜ਼ 'ਤੇ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ, ਜਿਸ ਦੇ ਲਈ ਚੱਲ ਰਹੀਆਂ ਤਿਆਰੀਆਂ ਜੰਗੀ ਪੱਧਰ 'ਤੇ ਤੇਜ਼ ਕੀਤੀਆਂ ਜਾਣ ਤਾਂ ਜੋ ਇਸ ਕਾਰਜ ਨੂੰ ਨਿਰਧਾਰਤ ਸਮੇਂ 'ਤੇ ਮੁਕੰਮਲ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਨੇ ਪੀ.ਡਬਲਯੂ.ਡੀ. (ਬੀ.ਐਂਡ ਆਰ), ਮੰਡੀ ਬੋਰਡ, ਪੇਂਡੂ ਵਿਕਾਸ ਤੇ ਪੰਚਾਇਤ ਸਮੇਤ ਵੱਖ-ਵੱਖ ਏਜੰਸੀਆਂ ਵੱਲੋਂ ਉਕਤ ਸਿਹਤ ਸੰਸਥਾਵਾਂ ਦਾ ਦੌਰਾ ਕਰਨ ਉਪਰੰਤ ਬਿਲਡਿੰਗ ਦੀ ਮੌਜੂਦਾ ਹਾਲਤ, ਖੇਤਰਫਲ, ਬੁਨਿਆਦੀ ਢਾਂਚੇ ਤੇ ਹੋਰ ਲੋੜੀਂਦੀਆਂ ਜ਼ਰੂਰਤਾਂ ਸੰਬੰਧੀ ਤਿਆਰ ਰਿਪੋਰਟ ਨੂੰ ਗਹੁ ਨਾਲ ਵਾਚਦਿਆਂ ਅਧਿਕਾਰੀਆਂ ਨੂੰ ਜਲਦ ਕੰਮ ਸ਼ੁਰੂ ਕਰਨ ਲਈ ਸਮੁੱਚੀ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪਹਿਲਾਂ ਚੱਲ ਰਹੇ ਆਮ ਆਦਮੀ ਕਲੀਨਿਕਾਂ ਦੀ ਸਫਲਤਾ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ 48 ਸਿਹਤ ਸੰਸਥਾਵਾਂ ਵਿੱਚ ਆਮ ਆਦਮੀ ਕਲੀਨਿਕਾਂ ਵਰਗੀਆਂ ਸਿਹਤ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਕ ਮੈਡੀਕਲ ਅਫਸਰ, ਫਾਰਮਾਸਿਸਟ, ਕਲੀਨੀਕਲ ਸਹਾਇਕ ਅਤੇ ਹੈਲਪਰ ਸਮੇਤ ਚਾਰ ਅਧਿਕਾਰੀਆਂ/ਕਰਮਚਾਰੀਆਂ ਦੇ ਸਟਾਫ ਦੀ ਤਾਇਨਾਤੀ ਦੇ ਨਾਲ-ਨਾਲ ਇਥੇ 41 ਤਰ੍ਹਾਂ ਦੇ ਡਾਕਟਰੀ ਟੈਸਟ ਮੁਫਤ ਕੀਤੇ ਜਾਣਗੇ ਅਤੇ ਹੋਰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਦੌਰਾਨ ਸਿਵਲ ਸਰਜਨ ਡਾ. ਰਮਨ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਸਿਹਤ ਸੰਸਥਾਵਾਂ ਵਿੱਚ ਸ਼ਹਿਰੀ ਇਲਾਕੇ ਵਿਚਲੇ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਅਮਨ ਨਗਰ, ਧੰਨੋਵਾਲੀ, ਗੜ੍ਹਾ, ਕਾਜ਼ੀ ਮੰਡੀ, ਮਕਸੂਦਾਂ, ਬਸਤੀ ਬਾਵਾ ਖੇਲ, ਬਸਤੀ ਦਾਨਿਸ਼ਮੰਦਾ, ਬਸਤੀ ਨੌਂ, ਭਾਰਗੋ ਕੈਂਪ, ਅਰਬਨ ਸਲੱਪ ਏਰੀਆ ਡਿਸਪੈਂਸਰੀ ਇੰਡਸਟ੍ਰੀਅਲ ਏਰੀਆ, ਲੰਮਾ ਪਿੰਡ, ਬੂਟਾ ਮੰਡੀ, ਰਵਿਦਾਸਪੁਰਾ ਨਕੋਦਰ, ਗਾਂਧੀ ਨਗਰ, ਸਿਵਲ ਡਿਸਪੈਂਸਰੀ ਅਲਾਵਲਪੁਰ, ਭੂਰ ਮੰਡੀ, ਦਕੋਹਾ, ਨਾਗਰਾ, ਐਮ.ਸੀ.ਏ. ਕੇਂਦਰੀ ਜੇਲ੍ਹ ਅਤੇ ਆਰ.ਸੀ. ਬੋਰਡ ਹਸਪਤਾਲ ਕੈਂਟ ਸ਼ਾਮਲ ਹਨ। ਇਸੇ ਤਰ੍ਹਾਂ ਪੇਂਡੂ ਖੇਤਰ ਨਾਲ ਸੰਬੰਧਤ ਪ੍ਰਾਇਮਰੀ ਹੈਲਥ ਸੈਂਟਰ ਅਰਜਨਵਾਲ, ਡਰੋਲੀ ਕਲਾਂ, ਰਾਏਪੁਰ ਰਸੂਲਪੁਰ, ਦਿਆਲਪੁਰ, ਦੋਸਾਂਝ ਕਲਾਂ, ਨਗਰ, ਬਿਲਗਾ, ਕੋਟ ਬਾਦਲ ਖਾਨ, ਤਲਵਣ, ਮਾਓ ਸਾਹਿਬ, ਬੋਲੀਨਾ, ਜਮਸ਼ੇਰ ਖਾਸ, ਰਾਏਪੁਰ ਫਰਾਲਾ, ਗੋਰਾਇਆ, ਜੰਡਿਆਲਾ, ਰੁੜਕਾ ਕਲਾਂ, ਪੰਡੋਰੀ ਨਿੱਜਰਾਂ, ਬੁੱਟਰਾਂ, ਚਿੱਟੀ, ਰੰਧਾਵਾ ਮਸੰਦਾਂ, ਬਲੋਕੀ, ਮਹਿਤਪੁਰ, ਮੱਲੀਆਂ ਕਲਾਂ, ਸਰੀਂਹ, ਉਗੀ, ਗਿੱਦੜ ਪਿੰਡੀ, ਲਸੂੜੀ ਅਤੇ ਰੂਪੇਵਾਲ ਸ਼ਾਮਲ ਹਨ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਮਨ ਗੁਪਤਾ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਕੇਸ਼ ਚੋਪੜਾ ਅਤੇ ਵੱਖ-ਵੱਖ ਕਾਰਜਕਾਰੀ ਏਜੰਸੀਆਂ ਦੇ ਅਧਿਕਾਰੀ ਮੌਜੂਦ ਸਨ।

# ਬਲਾਕ ਦੇ ਮੁਲਾਜ਼ਮਾਂ ਦੀ ਹੜਤਾਲ ਕਾਰਨ ਮਨਰੇਗਾ ਵਰਕਰ ਵਿਹਲੇ ਬੈਠੇ : ਬਖਸ਼ੋ



ਮਹਿਤਪੁਰ (ਰਾਜਾ ਮਹਿਤਪੁਰ)- ਮਹਿਤਪੁਰ ਬਲਾਕ ਨਾਲ ਸਬੰਧਤ ਇਕ ਦਰਜਨ ਪਿੰਡਾਂ ਦੀਆਂ ਮਨਰੇਗਾ ਵਰਕਰਾਂ ਦੀਆ ਆਗੂਆਂ ਨੇ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਬੀ ਡੀ ਪੀ ਉ ਬਲਾਕ ਮਹਿਤਪੁਰ ਪਹੁੰਚ ਕੇ ਬੀ ਡੀ ਪੀ ਉ ਗੁਰਵਿੰਦਰ ਸਿੰਘ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਚਾਇਤ ਸਕੱਤਰ ਵਲੋਂ ਆਪਣੀਆਂ ਮੰਗਾਂ ਲਈ ਕੀਤੀ ਜਾ ਰਹੀ ਹੜਤਾਲ ਨੂੰ ਫੌਰੀ ਖਤਮ ਕਰਵਾਉਣ ਲਈ ਮੁਲਾਜ਼ਮਾਂ ਦੀਆਂ ਮੰਗਾਂ ਮਨੀਆ ਜਾਣ। ਯੂਨੀਅਨ ਦੀ ਆਗੂ ਬਖਸ਼ੋ ਖੁਰਸ਼ੈਦਪੁਰ ਅਤੇ ਪਿੰਕੀ ਨੇ ਕਿਹਾ ਕਿ ਲੰਬੇ ਸਮੇਂ ਤੋਂ ਬੀ ਡੀ ਪੀ ਉ ਦੇ ਬਲਾਕ ਦੇ ਮੁਲਾਜ਼ਮਾਂ ਦੀ ਹੜਤਾਲ ਕਾਰਨ ਜਿਥੇ ਪਿੰਡਾਂ ਦਾ ਵਿਕਾਸ ਰੁਕਿਆ ਹੋਇਆ ਹੈ ਉੱਥੇ ਪੰਚਾਇਤੀ ਵਿਭਾਗ ਦਾ ਕੰਮ ਠੱਪ ਹੋਣ ਕਾਰਨ ਮਨਰੇਗਾ ਵਰਕਰ ਵੇਲੇ ਬੈਠੈ ਹਨ। ਇਸ ਮੌਕੇ ਯੂਨੀਅਨ ਦੀ ਆਗੂ ਜਗਦੀਪ ਕੌਰ ਅਤੇ ਬਖਸ਼ੋ ਮਡਿਆਲਾ ਨੇ ਕਿਹਾ ਕਿ ਇਕ ਦਸੰਬਰ ਤੋਂ ਇਕੱਤੀ ਦਸੰਬਰ ਤੱਕ ਹਾੜੀ ਦੇ ਹੋਣ ਵਾਲੇ ਗਰਾਮ ਸਭਾ ਦੇ ਅਜਲਾਸ ਸਿਰਫ ਖਾਨਾ ਪੂਰਤੀ ਬਣ ਕੇ ਰਹਿ ਗਏ ਹਨ। ਇਹਨਾਂ ਗਰਾਮ ਸਭਾ ਵਿੱਚ ਮਨਰੇਗਾ ਵਰਕਰਾਂ ਲਈ ਕੰਮ ਦੀ ਯੋਜਨਾ ਲਈ ਪ੍ਰਾਜੈਕਟ, ਪੇਂਡੂ ਮਜ਼ਦੂਰ ਦੇ ਰਹਿਸ਼ੀ ਪਲਾਟ, ਦਲਤਾ ਲਈ ਤੀਜੇ ਹਿੱਸੇ ਵਾਲੀ ਜਮੀਨ ਅਤੇ ਲਾਲ ਲਕੀਰ ਦੇ ਮਾਲਕੀ ਹਕ ਗਰਾਮ ਸਭਾ ਵਿੱਚ ਮਤੇ ਪਾਸ ਕਰਵਾਉਣ ਲਈ ਇਕ ਮੌਕਾ ਸਰਕਾਰ ਵੱਲੋਂ ਮੁਲਾਜ਼ਮਾਂ ਪ੍ਰਤੀ ਅਟੱਲ ਰਵੱਈਏ ਆਪਣੇ ਪੇਂਡੂ ਲੋਕਾਂ ਦਾ ਕੀਤਾ ਗਿਆ ਹੈ। ਇਸ ਮੌਕੇ ਮਨਰੇਗਾ ਵਰਕਰਾਂ ਨੇ ਸਰਕਾਰ ਤੋਂ ਮੰਗ ਕੀਤੀ ਬੀ ਡੀ ਪੀ ਉ ਬਲਾਕ ਮਹਿਤਪੁਰ ਜ਼ਿਲ੍ਹੇ ਦੇ ਹੋਰ ਬਲਾਕਾਂ ਵਿਚ ਮਨਰੇਗਾ ਸਟਾਫ ਦੀ ਫੌਰੀ ਨਿਯੁਕਤੀ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਇੱਕੀ ਦਸੰਬਰ ਨੂੰ ਮੁੱਖ ਮੰਤਰੀ ਨਾਲ ਹੋਣ ਵਾਲੀ ਮੀਟਿੰਗ ਵਿਚ ਮਜ਼ਦੂਰ ਜਥੇਬੰਦੀਆਂ ਮਜਦੂਰਾਂ ਸੰਬੰਧੀ ਮਸਲੇ ਉਠਾਉਣਗੀਆਂ। ਇਸ ਮੌਕੇ ਕਮਲਜੀਤ ਕੌਰ, ਬਲਵਿੰਦਰ, ਪਰਵੀਨ ਰਾਣੋ ,ਰੁਪਿੰਦਰ,ਨਤਾ, ਹਰਵਿੰਦਰ, ਕਮਲਜੀਤ ਕੌਰ ਸ਼ਿਓਵਾਲ ਹਾਜਰ ਸਨ ।

# ਪੁਰਾਣੇ ਲਾਇਸੈਂਸ 'ਤੇ ਅਸਲਾ ਰੱਖਣ ਦੇ ਦੋਸ਼ 'ਚ ਮਾਮਲਾ ਦਰਜ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਟਾਂਡਾ ਪੁਲਿਸ ਨੇ ਆਰਮਜ ਐਕਟ ਅਧੀਨ ਇਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਟਾਂਡਾ ਸਬ ਇੰਸਪੈਕਟਰ ਮਲਕੀਤ ਸਿੰਘ ਨੇ ਦੱਸਿਆ ਕਿ ਸੀ. ਆਈ. ਏ. ਸਟਾਫ ਹੁਸ਼ਿਆਰਪੁਰ ਦੀ ਟੀਮ ਵੱਲੋਂ ਰੜਾ ਮੋੜ ਨਜ਼ਦੀਕ ਨਾਕਾਬੰਦੀ ਕੀਤੀ ਗਈ ਸੀ। ਸੀ. ਆਈ. ਏ. ਸਟਾਫ ਦੇ ਐੱਸ. ਆਈ. ਨਵਜੋਤ ਸਿੰਘ ਦੀ ਸੂਚਨਾ ਦੇ ਆਧਾਰ ਉਤੇ ਜਗਤਾਰ ਸਿੰਘ ਪੁੱਤਰ ਸ਼ੀਤਲ ਸਿੰਘ ਵਾਸੀ ਨੈਨੋਵਾਲ ਖੁਰਦ (ਭੈਣੀ ਮੀਆਂ ਖਾਂ) ਗੁਰਦਾਸਪੁਰ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਸੀ. ਆਈ. ਏ. ਦੀ ਟੀਮ ਟਾਂਡਾ ਸ੍ਰੀ ਹਰਗੋਬਿੰਦਪੁਰ ਰੋਡ 'ਤੇ ਰੜਾ ਮੋੜ ਨਜ਼ਦੀਕ ਲਗਾਏ ਗਏ ਨਾਕੇ ਦੌਰਾਨ ਵ੍ਹੀਕਲਾਂ ਦੀ ਚੈਂਕਿੰਗ ਕਰ ਰਹੀ ਸੀ ਤਾਂ ਬਿਆਸ ਦਰਿਆ ਪੁਲ ਪਾਰ ਕਰਕੇ ਆਈ ਮਹਿੰਦਰਾ ਏਕਸ. ਯੂ. ਵੀ. ਗੱਡੀ ਨੂੰ ਰੋਕ ਕੇ ਤਲਾਸ਼ੀ ਲਈ ਗਈ। ਉਸ ਵਿਚ ਮੁਲਜ਼ਮ ਜਗਤਾਰ ਸਿੰਘ ਆਪਣੇ ਸਾਥੀਆਂ ਅਮਰਦੀਪ ਸਿੰਘ, ਜਸਪ੍ਰੀਤ ਸਿੰਘ ਨਾਲ ਸਵਾਰ ਸੀ। ਜਦੋਂ ਜਗਤਾਰ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 32 ਬੋਰ ਦਾ ਰਿਵਾਲਵਰ ਅਤੇ 5 ਜਿੰਦਾ ਰੌਂਦ ਬਰਾਮਦ ਕੀਤੇ ਗਏ। ਇਸ ਸਬੰਧੀ ਜਦੋਂ ਉਸ ਕੋਲੋਂ ਪੁੱਛ ਕੇ ਕੀਤੀ ਗਈ ਤਾਂ ਉਸ ਨੇ ਮੋਬਾਇਲ ਵਿਚ ਲਾਇਸੈਂਸ ਵਿਖਾਇਆ ਤਾਂ ਉਸ ਦੀ ਮਿਆਦ ਦੋ ਸਾਲ ਪਹਿਲਾਂ 19 ਫਰਵਰੀ 2022 ਵਿੱਚ ਸਮਾਪਤ ਹੋ ਚੁੱਕੀ ਸੀ। ਮੁਲਜ਼ਮ ਨੂੰ ਕਾਬੂ ਕਰਕੇ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜ਼ਿਲ੍ਹਾ ਪੱਧਰੀ 'ਕਿਸ਼ੋਰ ਅਵਸਥਾ ਸਿੱਖਿਆ' ਸੰਬੰਧੀ ਵਰਕਸ਼ਾਪ ਲਗਾਈ

ਬਹਿਰਾਮ (ਅਵਤਾਰ ਕਲੇਰ) ਡਾਇਰੈਕਰ ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ, ਪੰਜਾਬ ਅਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਪੰਜਾਬ ਦੀ ਪਹਿਲ ਕਦਮੀ 'ਤੇ ਕਿਸ਼ੋਰ ਅਵਸਥਾ ਸੰਬੰਧੀ ਵਿਦਿਆਰਥੀਆਂ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਤਬਦੀਲੀਆਂ ਸੰਬੰਧੀ ਨੋਡਲ ਅਧਿਆਪਕਾਂ ਦੀ ਇੱਕ ਜ਼ਿਲ੍ਹਾ ਪੱਧਰੀ ਵਰਕਸ਼ਾਪ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਨੌਰਾ ਵਿਖੇ ਲਾਈ ਗਈ। ਵਰਕਸ਼ਾਪ ਦੇ ਨੋਡਲ ਅਫ਼ਸਰ ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਲੈਕਚਰਾਰ ਸਤਨਾਮ ਸਿੰਘ ਪਾਸੋਂ ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਸਿਖਿਆ ਅਫ਼ਸਰ (ਸੈਕੰਡਰੀ ਸਿਖਿਆ) ਡਾ. ਕੁਲਤਰਨ ਜੀਤ ਸਿੰਘ ਅਤੇ ਉਪ ਜ਼ਿਲ੍ਹਾ ਸਿਖਿਆ ਅਫ਼ਸਰ ਰਾਜੇਸ਼ ਕੁਮਾਰ ਦੀ ਅਗਵਾਈ ਹੇਠ ਲਾਈ ਗਈ ਇਸ ਵਰਕਸ਼ਾਪ 'ਚ ਜ਼ਿਲ੍ਹੇ ਦੇ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਬਤੌਰ ਨੋਡਲ ਅਫਸਰ ਨਿਯੁਕਤ ਅਧਿਆਪਕਾਂ ਅਤੇ ਅਧਿਆਪਕਾਵਾਂ ਦੀ ਇਸ ਐਡਵੋਕੇਸੀ ਵਰਕਸ਼ਾਪ ਵਿੱਚ ਕਿਸ਼ੋਰ ਅਵਸਥਾ ਸੰਬੰਧੀ ਵਿਦਿਆਰਥੀਆਂ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਤਬਦੀਲੀਆਂ ਸੰਬੰਧੀ ਵੱਖ-ਵੱਖ ਬੁਲਾਰਿਆਂ ਦੁਆਰਾ ਵਿਚਾਰ ਚਰਚਾ ਕੀਤੀ ਗਈ। ਬਦਲਦੇ ਸਮੇਂ ਅਨੁਸਾਰ ਵਾਤਾਵਰਣ, ਖਾਣ-ਪੀਣ, ਰਹਿਣ-ਸਹਿਣ, ਪੜ੍ਹਨ, ਸਭਿਅਤਾ ਆਦਿ ਵਿੱਚ ਆ ਰਹੀਆਂ ਤਬਦੀਲੀਆਂ ਸੰਬੰਧੀ ਅਧਿਆਪਕਾਂ ਨਾਲ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਵਿਸ਼ੇਸ਼ ਨੁਕਤੇ ਸਾਂਝੇ ਕੀਤੇ ਗਏ। ਵਿਦਿਆਰਥੀਆਂ ਨੂੰ ਡਰੱਗ, ਮੋਬਾਈਲ ਆਦਿ ਦੇ ਬੁਰੇ ਪ੍ਰਭਾਵਾਂ ਤੋਂ ਬਚਾਉਣ ਸੰਬੰਧੀ ਵੀ ਗੱਲਬਾਤ ਕੀਤੀ ਗਈ। ਇਸ ਵਰਕਸ਼ਾਪ ਵਿੱਚ ਬਤੌਰ ਰਿਸੋਰਸ ਪਰਸਨ ਨਵੀਨ ਪਾਲ ਗੁਲਾਟੀ, ਹੈੱਡ ਮਾਸਟਰ ਸਰਕਾਰੀ ਸਕੂਲ ਗਰਚਾ, ਨਵਨੀਤ ਕੌਰ ਲੈਕ ਬਾਇਲੋਜੀ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੰਗਾ, ਹਰਪ੍ਰੀਤ ਸਿੰਘ ਕੌਂਸਲਰ, ਕਮਿਊਨਿਟੀ ਹੈਲਥ ਸੈਂਟਰ ਰਾਹੋਂ, ਗੁਰਪਰਸ਼ਾਦ ਸਿੰਘ ਭਾਟੀਆ ਸਾਬਕਾ ਵਿਵਹਾਰ ਪਰਿਵਰਤਨ ਅਫਸਰ, ਨਵਾਂਸ਼ਹਿਰ ਸ਼ਾਮਿਲ ਹੋਏ। ਇਸ ਵਰਕਸ਼ਾਪ ਵਿੱਚ ਜ਼ਿਲ੍ਹੇ ਦੇ 398 ਅਧਿਆਪਕਾਂ ਨੇ ਭਾਗ ਲਿਆ। ਮੰਚ ਸੰਚਾਲਨ ਸੁਭਾਸ਼ ਸੱਲਵੀ ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰ ਨੇ ਕੀਤਾ। ਹੋਰਨਾਂ ਤੋਂ ਇਲਾਵਾ ਅਮਰਦੀਪ ਕੌਰ, ਇੰਚਾਰਜ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨੌਰਾ, ਸੰਜੀਵ ਕੁਮਾਰ ਸਾਇੰਸ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਕੰਦਪੁਰ, ਜਸਵੀਰ ਚੰਦ ਨੌਰਾ, ਪੰਜਾਬੀ ਮਾਸਟਰ, ਹਿਤੇਸ਼ ਸਹਿਗਲ, ਬਲਵਿੰਦਰ ਕੁਮਾਰ ਆਦਿ ਹਾਜ਼ਰ ਸਨ।



# ਪੰਜਾਬ ਦੇ ਟੈਕਸੀ ਅਪ੍ਰੇਟਰਾਂ ਨੂੰ ਟੈਕਸ ਮੁਆਫੀ ਦੇਣਾ ਵਿਚਾਰ-ਅਧੀਨ : ਭੁੱਲਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਟੈਕਸੀ ਆਪ੍ਰੇਟਰਾਂ ਨੂੰ ਵੱਡੀ ਰਾਹਤ ਦੇਣ 'ਤੇ ਵਿਚਾਰ ਕਰ ਰਹੀ ਹੈ ਜਿਸ ਤਹਿਤ ਟੈਕਸੀ ਆਪ੍ਰੇਟਰਾਂ ਨੂੰ ਵੀ ਪ੍ਰਾਈਵੇਟ ਬੱਸ ਆਪ੍ਰੇਟਰਾਂ ਵਾਂਗ ਕੋਰੋਨਾ ਕਾਲ ਦੌਰਾਨ ਦਿੱਤੀ ਗਈ ਟੈਕਸ ਮੁਆਫੀ ਦੇ ਬਰਾਬਰ ਟੈਕਸ ਮੁਆਫੀ ਦਿੱਤੇ ਜਾਣ ਦਾ ਮਾਮਲਾ ਵਿਚਾਰ ਅਧੀਨ ਹੈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੰਜਾਬ ਟੈਕਸੀ ਆਪ੍ਰੇਟਰਜ ਯੂਨੀਅਨ ਦੇ ਨੁਮਾਇੰਦਿਆਂ ਦੀਆਂ ਮੰਗਾਂ ਨੂੰ ਧਿਆਨ ਨਾਲ ਸੁਣਦਿਆਂ ਇਹ ਜਾਣਕਾਰੀ ਦਿੱਤੀ। ਕੈਬਨਿਟ ਮੰਤਰੀ ਨੇ ਕਿਹਾ ਕੋਰੋਨਾ ਕਾਲ ਦੇ ਸਮੇਂ ਦੌਰਾਨ ਸਾਰੇ ਕੰਮ-ਕਾਰ ਠੱਪ ਹੋਣ ਕਾਰਨ ਕੰਟਰੈਕਟ ਅਤੇ ਸਟੇਜ ਕੈਰਿਜ ਪ੍ਰਾਈਵੇਟ ਬੱਸ ਆਪ੍ਰੇਟਰਾਂ ਨੂੰ ਟੈਕਸ ਮੁਆਫੀ ਦਿੱਤੀ ਗਈ ਸੀ। ਹੁਣ ਟੈਕਸੀ ਆਪ੍ਰੇਟਰਾਂ ਨੂੰ ਵੀ ਉਸੇ ਸਮਾਂ-ਸੀਮਾ ਲਈ ਟੈਕਸ ਮੁਆਫੀ ਦੇਣ ਲਈ ਸਰਕਾਰ ਵਿਚਾਰ ਕਰ ਰਹੀ ਹੈ। ਮੰਤਰੀ ਨੇ ਟੈਕਸੀ ਆਪ੍ਰੇਟਰਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਆਰ.ਟੀ.ਏ. ਦਫਤਰਾਂ ਵਿੱਚ ਖੱਜਲ-ਖੁਆਰੀ ਨਹੀਂ ਹੋਣ ਦਿੱਤੀ ਜਾਵੇਗੀ। ਭੁੱਲਰ ਨੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਹੈ ਸਰਕਾਰੀ ਦਫਤਰਾਂ ਵਿੱਚ ਏਜੰਟਾਂ ਦੀ ਆਮਦ 'ਤੇ ਪੂਰਨ ਪਾਬੰਦੀ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਜ਼ਿਆਦਾਤਰ ਸੇਵਾਵਾਂ ਨੂੰ ਆਨਲਾਈਨ ਕੀਤਾ ਗਿਆ ਹੈ ਤਾਂ ਜੋ ਟੈਕਸੀ ਆਪ੍ਰੇਟਰਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਖੱਜਲ ਨਾ ਹੋਣਾ ਪਵੇ। ਉਨ੍ਹਾਂ ਕਿਹਾ ਕਿ ਵਿਭਾਗ ਵਿੱਚ ਹਾਲੇ ਵੀ ਕੁੱਝ ਪ੍ਰਵਾਨਗੀਆਂ ਮੈਨੂਅਲ ਹਨ, ਜਿਨ੍ਹਾਂ ਨੂੰ ਛੇਤੀ ਹੀ ਆਨਲਾਈਨ ਕਰ ਦਿੱਤਾ ਜਾਵੇਗਾ। ਟਰਾਂਸਪੋਰਟ ਮੰਤਰੀ ਨੇ ਟੈਕਸੀ ਆਪ੍ਰੇਟਰਾਂ ਦੀ ਮੰਗ ਕਿ ਲੋਕਲ ਪੰਜਾਬ ਪਰਮਿਟ ਗੱਡੀਆਂ ਨੂੰ ਗੁਆਂਢੀ ਸੂਬਿਆਂ ਵਿੱਚ ਜਾਣ ਲਈ ਆਨਲਾਈਨ ਮਨਜ਼ੂਰੀ ਦੇਣ ਦੀ ਵਿਵਸਥਾ ਕੀਤੀ ਜਾਵੇ, ਬਾਰੇ ਵਿਭਾਗ ਦੇ ਅਧਿਕਾਰੀਆਂ ਨੂੰ ਵਿਚਾਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਟੈਕਸੀ ਆਪ੍ਰੇਟਰਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਇੱਕ ਹੈਲਪਲਾਈਨ ਨੰਬਰ ਜਾਰੀ ਕਰਨ ਬਾਰੇ ਵੀ ਵਿਚਾਰ ਕੀਤਾ ਜਾਵੇਗਾ। ਸ. ਭੁੱਲਰ ਨੇ ਟੈਕਸੀ ਆਪ੍ਰੇਟਰਾਂ ਨੂੰ ਵੀ ਅਪੀਲ ਕੀਤੀ ਕਿ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਰਦੀ ਪਾਉਣ ਅਤੇ ਆਪਣੇ ਵਾਹਨਾਂ ਵਿੱਚ ਸੁਰੱਖਿਆ ਯੰਤਰ ਰੱਖਣਾ ਯਕੀਨੀ ਬਣਾਉਣ।

# ਸਰਕਾਰੀ ਕਾਲਜ ਵਿਖੇ 'ਹਥਿਆਰਬੰਦ ਸੈਨਾ ਝੰਡਾ ਦਿਵਸ' ਮਨਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਰਕਾਰੀ ਕਾਲਜ, ਹੁਸ਼ਿਆਰਪੁਰ ਵਿਖੇ ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਜੋਗੇਸ਼ ਦੀ ਅਗਵਾਈ ਵਿੱਚ ਵਾਇਸ ਪ੍ਰਿੰਸੀਪਲ ਡਾ. ਜਸਵੀਰਾ ਮਿਨਹਾਸ ਅਤੇ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ. ਇੰਚਾਰਜ ਵਿਜੇ ਕੁਮਾਰ ਦੇ ਸਹਿਯੋਗ ਨਾਲ "ਹਥਿਆਰਬੰਦ ਸੈਨਾ ਝੰਡਾ ਦਿਵਸ" ਮਨਾਇਆ ਗਿਆ। ਕਾਲਜ ਦੇ ਵਾਇਸ ਪ੍ਰਿੰਸੀਪਲ ਡਾ. ਜਸਵੀਰਾ ਮਿਨਹਾਸ ਨੇ ਦੇਸ਼ ਦੀ ਸੈਨਾ ਦੇ ਮਹੱਤਵ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਅਸੀਂ ਆਪਣੀ ਦੇਸ਼ ਦੀ ਸੈਨਾ ਦੇ ਕਾਰਣ ਹੀ ਸੁਰੱਖਿਅਤ ਹਾਂ। ਇਸ ਲਈ ਸਾਨੂੰ ਵੀ ਉਹਨਾਂ ਦੇ ਪ੍ਰਤੀ ਬਣਦੇ ਫਰਜ਼ ਨੂੰ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ। ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ. ਇੰਚਾਰਜ ਵਿਜੇ ਕੁਮਾਰ ਨੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਦੇ ਬਾਰਡਰ ਤੇ ਹਰ ਇੱਕ ਮੁਸੀਬਤ ਅਤੇ ਮੌਸਮ ਨੂੰ ਖੁਸ਼ੀ-ਖੁਸ਼ੀ ਸਹਿਨ ਕਰਦੇ ਹੋਏ ਸੈਨਿਕ ਸਾਡੇ 'ਤੇ ਕਿਸੇ ਵੀ ਤਰ੍ਹਾਂ ਦੀ ਮੁਸੀਬਤ ਨਹੀਂ ਆਉਣ ਦਿੰਦੇ ਅਸੀਂ ਆਜ਼ਾਦੀ ਅਤੇ ਖੁਸ਼ੀ ਨਾਲ ਜ਼ਿੰਦਗੀ ਜਿਉਂਦੇ ਹਾਂ ਉਸੇ ਤਰ੍ਹਾਂ ਸਾਨੂੰ ਵੀ ਉਹਨਾਂ ਦੀ ਅਤੇ ਉਹਨਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਮਦਦ ਤਨ-ਮਨ-ਧਨ ਨਾਲ ਕਰਨੀ ਚਾਹੀਦੀ ਹੈ। ਅਸੀਂ ਅਤੀਤ ਨੂੰ ਦੇਖਦੇ ਹੋਏ ਸਮਝ ਸਕਦੇ ਹਾਂ ਕਿ ਨਾ ਜਾਣੇ ਕਿੰਨੇ ਸੈਨਿਕ ਦੇਸ਼ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋ ਗਏ। ਉਹਨਾਂ ਦੇ ਪਰਿਵਾਰ ਦੀ ਦੇਖਭਾਲ ਕਰਨ ਦਾ ਫਰਜ਼ ਸਾਡਾ ਵੀ ਬਣਦਾ ਹੈ। ਇਸ ਮੌਕੇ ਦਿਵਸ ਨਾਲ ਸਬੰਧਿਤ ਵਿਦਿਆਰਥਣ ਰਾਜਦੀਪ, ਸਾਧਨਾ ਅਤੇ ਤਾਨੀਆ ਨੇ ਵੀ ਵਿਚਾਰ ਪੇਸ਼ ਕੀਤੇ ਅਤੇ ਲੋਕਾਂ ਨੂੰ ਅੱਗੇ ਆ ਕੇ ਵੱਧ-ਚੜ੍ਹ ਕੇ ਸੈਨਿਕਾਂ ਦੇ ਪਰਿਵਾਰਾਂ ਦੀ ਮਦਦ ਕਰਨ ਲਈ ਸਟਾਫ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਵਿਦਿਆਰਥੀਆਂ ਵੱਲੋਂ ਦਿਵਸ ਨਾਲ ਸਬੰਧਿਤ ਪੋਸਟਰ ਵੀ ਬਣਾਏ ਗਏ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਨੀਤੀ ਸ਼ਰਮਾ, ਗੁਰਮਿੰਦਰ ਕੌਰ, ਸੰਦੀਪ ਕੌਰ, ਸਰਿਤਾ ਕੁਮਾਰੀ, ਸ਼ਸ਼ੀ ਅਤੇ ਨਿਸ਼ਾ ਵਸ਼ਿਸ਼ਟ ਹਾਜ਼ਰ ਸਨ।

# ਬੈਂਕ ਨੇ ਪਹਿਲਾ ਖੂਨ ਦਾਨ ਕੈਂਪ ਲਗਾਇਆ



ਫਿਲੌਰ (ਨਿਰਮਲ) ਇਥੇ ਐਚ ਡੀ ਐਫ ਸੀ ਬੈਂਕ ਵੱਲੋ ਪਹਿਲਾਂ ਖੂਨ ਦਾਨ ਕੈਂਪ ਲਗਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਵਜੋਂ ਐਚ ਐਸ ਚਾਵਲਾ ਮੈਂਬਰ ਇੰਚਾਰਜ ਸੰਤ ਨਿਰੰਕਾਰੀ ਮੰਡਲ ਦਿੱਲੀ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਨ੍ਹਾਂ ਨੇ ਰੀਬਨ ਕੱਟ ਕੇ ਇਸ ਖੂਨਦਾਨ ਕੈਂਪ ਦੀ ਸ਼ੁਰੂਆਤ ਕੀਤੀ। ਇਸ ਮੌਕੇ 50 ਦੇ ਕਰੀਬ ਵਿਅਕਤੀਆਂ ਵੱਲੋਂ ਖੂਨ ਦਾਨ ਕੀਤਾ ਗਿਆ ਜਿਨ੍ਹਾਂ ਨੂੰ ਬੈਂਕ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਬੈਂਕ ਮੈਨੇਜਰ ਜਤਿੰਦਰ ਘੇਰਾ,ਵਿਸ਼ਾਲ ਸਿੰਘ, ਨੀਰਜ ਭੱਲਾ,ਜਸਪ੍ਰੀਤ ਕੌਰ ਤੋਂ ਇਲਾਵਾ ਅਮਰੀਕ ਸਿੰਘ, ਗਗਨਦੀਪ,ਸੁਰਿੰਦਰ ਤੇ ਹੋਰ ਵੱਡੀ ਗਿਣਤੀ ਵਿੱਚ ਹਾਜਰ ਸਨ। ਖੂਨਦਾਨ ਕਰਨ ਵਾਲਿਆਂ ਲਈ ਦੁੱਧ ਅਤੇ ਫਲਾਂ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ।

# ਪੰਜਾਬ ਨੂੰ ਦੀਵਾਲੀਏਪਣ ਵੱਲ ਧੱਕਣ ਵਿਰੁੱਧ ਕਾਂਗਰਸ ਨੇ 'ਆਪ' ਨੂੰ ਦਿੱਤੀ ਚੇਤਾਵਨੀ

ਚੰਡੀਗੜ੍ਹ, (ਗੁਰਜੀਤ ਬਿੱਲਾ)— ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਿਨਾਂ ਕਿਸੇ ਵਿੱਤੀ ਪ੍ਰਬੰਧ ਤੋਂ ਲੋਕ ਲੁਭਾਵੀ ਮੁਫਤ ਦੀਆਂ ਸਹੂਲਤਾਂ ਦੇ ਕੇ ਪੰਜਾਬ ਨੂੰ ਨਾ ਪੂਰਿਆ ਜਾ ਸਕਣ ਵਾਲੇ ਵਿੱਤੀ ਦੀਵਾਲੀਏਪਣ ਵੱਲ ਧੱਕਣ ਵਿਰੁੱਧ ਚੇਤਾਵਨੀ ਦਿੱਤੀ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ, ਵੜਿੰਗ ਨੇ ਕਿਹਾ ਕਿ 'ਆਪ' ਸਰਕਾਰ ਦੌਰਾਨ ਪੰਜਾਬ ਨੇ ਕਰਜ਼ਾ-ਜੀਐਸਡੀਪੀ ਅਨੁਪਾਤ 53.3 ਫੀਸਦੀ ਤੱਕ ਪਹੁੰਚਣ ਦਾ ਨਾਂਹ-ਪੱਖੀ 'ਰਿਕਾਰਡ' ਬਣਾਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਕੋਈ ਵੀ ਸੁਧਾਰ ਕਰਨ ਦੀ ਬਜਾਏ ਲਗਾਤਾਰ ਲੋਕਪ੍ਰਿਅਤਾ ਦੇ ਰਾਹ 'ਤੇ ਚੱਲ ਰਹੀ ਹੈ, ਜਿਸ ਨਾਲ ਅਰਥ ਵਿਵਸਥਾ ਦਾ ਹੋਰ ਖੂਨ ਵਹਿ ਜਾਵੇਗਾ ਅਤੇ ਪੰਜਾਬ ਪੂਰੀ ਤਰ੍ਹਾਂ ਦੀਵਾਲੀਆ ਹੋ ਜਾਵੇਗਾ। ਵੜਿੰਗ ਨੇ 'ਆਪ' ਸਰਕਾਰ ਦੀ ਅਸਲ ਵਿੱਚ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਰਾਹਤ ਦੇਣ ਦੀ ਨੀਅਤ 'ਤੇ ਸਵਾਲ ਚੁੱਕੇ ਹਨ। ਤੁਸੀਂ ਅਜਿਹਾ ਕਰਕੇ ਲੋਕਾਂ ਨੂੰ ਧੋਖਾ ਦੇ ਰਹੇ ਹੋ, ਜਦੋਂ ਤੁਸੀਂ ਜਾਣਦੇ ਹੋ ਕਿ ਤੁਸੀਂ ਕੀਤੇ ਵਾਅਦੇ ਨੂੰ ਪੂਰਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਆਰਥਿਕ ਬੈਕਅੱਪ ਲਈ ਕੋਈ ਰਣਨੀਤੀ ਬਣਾਏ ਬਿਨਾਂ ਮੁਫਤ ਲਾਭ ਦੇਣ ਦਾ ਕੰਮ ਕਰ ਰਹੀ ਹੈ, ਉਸ ਨਾਲ ਆਰਥਿਕਤਾ ਦਾ ਵਿਗਾੜ ਹੋਣਾ ਯਕੀਨੀ ਹੈ। ਸੂਬਾ ਕਾਂਗਰਸ ਪ੍ਰਧਾਨ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ (ਪੀ.ਐਸ.ਪੀ.ਸੀ.ਐੱਲ.) ਦੀ ਉਦਾਹਰਣ ਦਿੱਤੀ, ਜੋ ਕਿ ਭਾਰੀ ਰਿਆਇਤਾਂ ਦੇ ਬੋਝ ਹੇਠ ਦੱਬੀ ਹੋਈ ਹੈ। ਉਨ੍ਹਾਂ ਕਿਹਾ ਕਿ ਜ਼ੀਰੋ ਬਿੱਲ ਦੇ ਨਾਂਅ 'ਤੇ 'ਆਪ' ਪੰਜਾਬ ਨੂੰ ਦੀਵਾਲੀਏਪਣ ਵੱਲ ਧੱਕ ਰਹੀ ਹੈ। ਅਜਿਹੀਆਂ ਲੋਕ-ਲੁਭਾਊ ਸਕੀਮਾਂ ਕਦੇ ਵੀ ਸਫਲ ਨਹੀਂ ਹੋ ਸਕਦੀਆਂ, ਜਦੋਂ ਤੱਕ ਕਿ ਉਨ੍ਹਾਂ ਬਾਰੇ ਉਚਿਤ ਵਿੱਤੀ ਪ੍ਰਬੰਧ ਨਹੀਂ ਕੀਤੇ ਜਾਂਦੇ, ਜੋ ਕੰਮ ਕਰਨ ਵਿਚ ਆਪ ਅਸਫਲ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਹ ਸਕੀਮ ਨਾ ਸਿਰਫ ਢਹਿ-ਢੇਰੀ ਹੋ ਜਾਵੇਗੀ, ਸਗੋਂ ਸੂਬੇ ਦੀ ਆਰਥਿਕਤਾ ਨੂੰ ਵੀ ਪੂਰੀ ਤਰ੍ਹਾਂ ਤਬਾਹ ਕਰ ਦੇਵੇਗੀ।

# ਲਾਸਾਨੀ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਕੇ ਦੇਸ਼ ਤੇ ਕੌਮ ਦੀ ਸੇਵਾ ਕਰਨੀ ਚਾਹੀਦੀ : ਬਾਬਾ ਬੇਦੀ



ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )- ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਜੀ ਟਾਂਡਾ-ਸ੍ਰੀ ਹਰਗੋਬਿੰਦਪੁਰ ਮਾਰਗ ਨੇੜੇ ਪਿੰਡ ਗਿਲ -ਕੋਟਲੀ ਤੇ ਹੋਰ ਵਿਖੇ ਪੂਰਨਮਾਸ਼ੀ ਦਾ ਪਵਿੱਤਰ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਦੇਵ ਸਿੰਘ ਸੋਲਵੀਂ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਡੇਰਾ ਬਾਬਾ ਨਾਨਕ ਵਾਲਿਆਂ ਦੀ ਸਰਪ੍ਰਸਤੀ ਹੇਠ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਚਾਰ ਸਾਹਿਬਜ਼ਾਦੇ ਤੇ ਅਤੇ ਮਾਤਾ ਗੁਜਰੀ ਜੀ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਰੱਖੇ ਗਏ ਸ੍ਰੀ ਸਹਿਜ ਪਾਠ ਅਤੇ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਸਮਾਗਮ ਦੌਰਾਨ ਭਾਈ ਤਰਸੇਮ ਸਿੰਘ ਖਾਲਸਾ ਅੰਮ੍ਰਿਤਸਰ, ਗਿਆਨੀ ਗੁਰਜੀਤ ਸਿੰਘ ,ਕਥਾਵਾਚਕ ਗਿਆਨੀ ਜਸਵਿੰਦਰ ਸਿੰਘ ਅਤੇ ਹੋਰਨਾਂ ਰਾਗੀ-ਢਾਡੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀ ਨਿਹਾਲ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਸੰਤ ਬਾਬਾ ਸੁਖਦੇਵ ਸਿੰਘ ਬੇਦੀ ਨੇ ਵੱਡੀ ਗਿਣਤੀ ਵਿੱਚ ਪਹੁੰਚੀ ਸੰਗਤ ਨੂੰ ਪ੍ਰਵਚਨਾਂ ਰਾਹੀਂ ਨਿਹਾਲ ਕਰਦਿਆਂ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸਹਾਦਤ ਤੇ ਚਾਨਣਾ ਪਾਇਆ ਓਥੇ ਹੀ ਇਨ੍ਹਾਂ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਕੇ ਦੇਸ਼ ਅਤੇ ਕੌਮ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਸ੍ਰੀ ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਅਤੇ ਹੋਰਨਾਂ ਸੇਵਾਵਾਂ ਵਿਚ ਯੋਗਦਾਨ ਪਾਉਣ ਵਾਲੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾ.ਸੁਖਵਿੰਦਰ ਸਿੰਘ ਬੇਦੀ, ਸਾਬਕਾ ਸਰਪੰਚ ਕੁਲਵੰਤਵੀਰ ਸਿੰਘ, ਕਮੇਟੀ ਪ੍ਰਧਾਨ ਨਾਜਰ ਸਿੰਘ ਸਹਿਬਾਜਪੁਰ, ਡਾ. ਸੁਖਪ੍ਰੀਤ ਸਿੰਘ ਬੇਦੀ, ਡਾ. ਜਸਨਜੋਤ ਸਿੰਘ ਬੇਦੀ, ਸਾਬਕਾ ਸਰਪੰਚ ਗੁਰਮੀਤ ਸਿੰਘ, ਗੁਰਦੀਪ ਸਿੰਘ, ਲਖਬੀਰ ਸਿੰਘ, ਹਰਭਜਨ ਸਿੰਘ ,ਪਰਮਜੀਤ ਸਿੰਘ, ਸਰਵਣ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

# ਜੱਖੂ ਹਸਪਤਾਲ ਵਿਖੇ ਮੈਡੀਕਲ ਕੈਂਪ ਲਗਾ ਕੇ ਦਿੱਤੀ ਡਾ: ਅੰਬੇਡਕਰ ਨੂੰ ਸ਼ਰਧਾਂਜਲੀ



ਫਗਵਾੜਾ (ਡਾ. ਰਮਨ)- ਬਾਬਾ ਸਾਹਿਬ ਡਾ: ਬੀ.ਆਰ. ਅੰਬੇਡਕਰ ਦੇ 66ਵੇਂ ਪ੍ਰੀਨਿਰਵਾਨ ਦਿਵਸ ਨੂੰ ਸਮਰਪਿਤ ਮੈਡੀਕਲ ਕੈਂਪ ਜੱਖੂ ਹਸਪਤਾਲ ਫਗਵਾੜਾ ਵਿਖੇ ਲਗਾਇਆ ਗਿਆ। ਕੈਂਪ ਤੋਂ ਪਹਿਲਾਂ ਬਾਬਾ ਸਾਹਿਬ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਾ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਐੱਸ.ਐੱਮ.ਓ. ਡਾ. ਲੈਂਬਰ ਰਾਮ ਨੇ ਕੈਂਪ ਦਾ ਰਸਮੀ ਉਦਘਾਟਨ ਰਿਬਨ ਕੱਟ ਕੇ ਕੀਤਾ। ਹਸਪਤਾਲ ਦੇ ਐਮ.ਡੀ ਡਾ: ਹਰਜਿੰਦਰ ਜੱਖੂ ਨੇ ਦੱਸਿਆ ਕਿ ਕੈਂਪ ਦੌਰਾਨ ਲਾਈਫ ਲਾਈਨ ਹਾਰਟ ਸੈਂਟਰ ਕਿਡਨੀ ਹਸਪਤਾਲ ਜਲੰਧਰ ਦੇ ਕਾਰਡੀਓਲੋਜਿਸਟ ਡਾ: ਸੁਮਿਤ ਡੇਵਿਡ, ਡਾ: ਐਸ.ਪੀ. ਸੁਮਨ, ਚਮੜੀ ਰੋਗਾਂ ਦੇ ਮਾਹਿਰ ਡਾ: ਅਜੀਤ ਸਿੰਘ ਸੈਣੀ, ਹੱਡੀਆਂ ਅਤੇ ਜੋੜਾਂ ਦੇ ਮਾਹਿਰ ਡਾ: ਰਾਜਵਿੰਦਰ ਸਿੰਘ, ਨੱਕ, ਕੰਨ, ਗਲੇ ਦੇ ਮਾਹਿਰ ਡਾ: ਕਮਲ ਕਿਸ਼ੋਰ ਤੋਂ ਇਲਾਵਾ ਨਿਊਰੋਲੋਜਿਸਟ ਡਾ: ਜਸਵਿੰਦਰ ਕੌਰ ਨੇ ਵੱਖ-ਵੱਖ ਬਿਮਾਰੀਆਂ ਦੇ 90 ਦੇ ਕਰੀਬ ਮਰੀਜ਼ਾਂ ਦਾ ਚੈਕਅੱਪ ਕੀਤਾ। ਕੈਂਪ ਦੌਰਾਨ ਚੈੱਕਅਪ ਅਤੇ ਈ.ਸੀ.ਜੀ. ਬਿਲਕੁਲ ਮੁਫ਼ਤ ਜਦਕਿ ਲੈਬ ਟੈਸਟਾਂ ਅਤੇ ਦਵਾਈਆਂ ਵਿੱਚ 50 ਫੀਸਦੀ ਛੋਟ ਦਿੱਤੀ ਗਈ। ਡਾ.ਜੱਖੂ ਅਨੁਸਾਰ ਹਸਪਤਾਲ ਵਿੱਚ ਅਗਲੀ 2 ਜਨਵਰੀ ਤੱਕ ਈ.ਸੀ.ਜੀ. ਸਹੂਲਤ ਬਿਲਕੁਲ ਮੁਫਤ ਹੈ ਜਦੋਂ ਕਿ ਲੈਬ ਟੈਸਟਾਂ ਵਿੱਚ ਪੰਜਾਹ ਫੀਸਦੀ ਦੀ ਛੋਟ ਜਾਰੀ ਰਹੇਗੀ। ਹਸਪਤਾਲ ਦੀ ਪ੍ਰਬੰਧਕ ਡਾ: ਅਵਨੀਤ ਕੌਰ ਜੱਖੂ ਨੇ ਦੱਸਿਆ ਕਿ ਕਾਰਡੀਓਲੋਜਿਸਟ ਡਾ: ਸੁਮਿਤ ਰੋਜ਼ਾਨਾ ਸ਼ਾਮ 4.30 ਤੋਂ 6 ਵਜੇ ਤੱਕ ਸੇਵਾਵਾਂ ਦੇ ਰਹੇ ਹਨ। ਇਸ ਤੋਂ ਇਲਾਵਾ ਚਮੜੀ ਦੇ ਮਾਹਿਰ ਡਾ: ਅਜੀਤ ਸਿੰਘ ਸੈਣੀ ਰੋਜ਼ਾਨਾ ਸ਼ਾਮ 4 ਤੋਂ 6 ਵਜੇ ਤੱਕ, ਹੱਡੀਆਂ ਦੇ ਮਾਹਿਰ ਡਾ: ਰਾਜਵਿੰਦਰ ਸਿੰਘ ਹਰ ਮੰਗਲਵਾਰ ਸ਼ਾਮ 4 ਤੋਂ 6 ਵਜੇ ਤੱਕ, ਨੱਕ, ਕੰਨ ਅਤੇ ਗਲੇ ਦੇ ਮਾਹਿਰ ਡਾ: ਕਮਲ ਕਿਸ਼ੋਰ ਵੀਰਵਾਰ ਨੂੰ ਸ਼ਾਮ 4 ਤੋਂ 6 ਵਜੇ ਤੱਕ ਸੇਵਾਵਾਂ ਪ੍ਰਦਾਨ ਕਰਦੇ ਹਨ। ਇਸ ਮੌਕੇ ਬਸਪਾ ਆਗੂ ਪਰਵੀਨ ਬੰਗਾ, ਐਡਵੋਕੇਟ ਕੁਲਦੀਪ ਭੱਟੀ, ਹਰਭਜਨ ਖਲਵਾੜਾ, ਰਾਮਾਮੂਰਤੀ ਖੇੜਾ, ਹੈਪੀ ਕੌਲ, ਹਰਮੇਸ਼ ਕੌਲ, ਪਰਮਜੀਤ ਖਲਵਾੜਾ, ਡਾ: ਬੀ.ਕੇ. ਰੱਤੂ ਤੋਂ ਇਲਾਵਾ ਮਾਸਟਰ ਪਰਮਜੀਤ, ਜਥੇਦਾਰ ਰਜਿੰਦਰ ਸਿੰਘ ਫੌਜੀ ਆਦਿ ਹਾਜ਼ਰ ਸਨ।

# 'ਆਪ' ਆਗੂਆਂ ਐੱਮ ਸੀ ਡੀ ਜਿੱਤਣ ਦੀ ਮਨਾਈ ਖੁਸ਼ੀ

ਆਦਮਪੁਰ. ( ਪਰਮਜੀਤ ਸਿੰਘ)-ਆਮ ਆਦਮੀ ਪਾਰਟੀ ਦੀ ਦਿੱਲੀ ਐਮ ਸੀ ਡੀ ਚੋਣਾਂ ਜਿੱਤਣ 'ਤੇ ਆਦਮਪੁਰ ਹਲਕੇ ਦੇ 'ਆਪ' ਆਗੂਆਂ ਅਤੇ ਅਨੇਕ ਪਾਰਟੀ ਸਮਰਥਕਾਂ ਨੇ ਇਕੱਠੇ ਹੋ ਕੇ ਜਿੱਤ ਦੀ ਖੁਸ਼ੀ ਮਨਾਈ । ਹਰਿੰਦਰ ਸਿੰਘ ਅਤੇ ਸਮੂਹ ਸਾਥੀਆਂ ਵਲੋਂ ਦਿੱਲੀ ਵਾਸੀਆਂ ਦਾ ਧੰਨਵਾਦ ਕੀਤਾ ਗਿਆ , ਜਿਨ੍ਹਾਂ ਪਾਰਟੀ ਨੂੰ ਬਹੁਮਤ ਨਾਲ ਜਿੱਤ ਦੁਆਈ । ਉਨ੍ਹਾਂ ਸਾਰੇ ਹੀ ਨਵੇਂ ਚੁਣੇ ਗਏ ਉਮੀਦਵਾਰਾਂ ਨੂੰ ਵਧਾਈ ਦਿੱਤੀ । ਉਨ੍ਹਾਂ ਕਿਹਾ ਕਿ ਦਿੱਲੀ ਵਾਸੀਆਂ ਨੇ ਅਰਵਿੰਦ ਕੇਜਰੀਵਾਲ 'ਤੇ ਭਰੋਸਾ ਕੀਤਾ। ਦਿੱਲੀ ਦੀ ਚੋਣਾਂ ਬਹੁਤ ਹੀ ਵਧੀਆ ਤਰੀਕੇ ਨਾਲ ਲੜੀਆਂ ਗਈਆਂ ਅਤੇ ਸਫਲਤਾ ਹਾਸਲ ਹੋਈ । ਉਨ੍ਹਾਂ ਦੀਆਂ ਸਮਾਜ ਭਲਾਈ ਅਤੇ ਲੋਕ ਭਲਾਈ ਨੀਤੀਆਂ ਨੂੰ ਭਰਵਾਂ ਹੁੰਗਾਰਾ ਮਿਲਿਆ । ਇਸ ਜਿੱਤ ਦੀ ਖੁਸ਼ੀ ਪਾਰਟੀ ਦੇ ਜਲੰਧਰ ਦਫਤਰ ਵਿਖੇ ਵੀ ਮਨਾਈ ਗਈ । ਜਿਸ ਵਿਚ ਸ੍ਰੀਮਤੀ ਰਾਜਵਿੰਦਰ ਕੌਰ ( ਸਟੇਟ ਸੈਕਟਰੀ ) , ਮੰਗਲ ਸਿੰਘ ( ਚੈਅਰਮੈਨ ਪੰਜਾਬ ਐਗਰੋ ) , ਅੰਮ੍ਰਿਤਪਾਲ ਸਿੰਘ ( ਚੈਅਰਮੈਨ ਪਲਾਨੀਗ ਬੋਰਡ ਜਲੰਧਰ ) ਸੁਭਾਸ਼ ਸ਼ਰਮਾ ( ਸੈਕਟਰੀ , ਜ਼ਿਲਾ ਜਲੰਧਰ ) ਆਦਿ ਅਹੁਦੇਦਾਰ ਅਤੇ ਆਗੂ ਸ਼ਾਮਲ ਹੋਏ । ਇਸ ਖੁਸ਼ੀ ਦੇ ਮੌਕੇ 'ਤੇ ਢੋਲ ਵਜਾ ਕੇ ਭੰਗੜੇ ਪਾਏ ਗਏ ਅਤੇ ਲੱਡੂ ਵੰਡੇ ਗਏ। ਆਦਮਪੁਰ ਹਲਕੇ ਤੋਂ ਸਾਥੀਆਂ ਨਾਲ ਪਾਰਟੀ ਦੇ ਜਲੰਧਰ ਦਫਤਰ ਵਿਖੇ ਪਹੁੰਚ ਕੇ ਜਿੱਤ ਦੀ ਖੁਸ਼ੀ ਸਾਂਝੀ ਕੀਤੀ । ਆਦਮਪੁਰ ਹਲਕੇ ਤੋਂ ਹਰਿੰਦਰ ਸਿੰਘ , ਜਸਵਿੰਦਰ ਸਿੰਘ ਸੈਣੀ , ਅਵਤਾਰ ਸਿੰਘ , ਧਰਮਪਾਲ ਸਿੰਘ , ਕਮਲਜੀਤ ਸਿੰਘ , ਗੁਰਮੀਤ ਸਿੰਘ ਸਰਪੰਚ , ਰਵਿੰਦਰ ਸੈਣੀ , ਜਿਤੇਂਦਰ ਕੁਮਾਰ ਆਦਿ ਅਨੇਕ ਸਾਥੀ ਵੀ ਹਾਜਰ ਹੋਏ ।



# ਮੰਗਾਂ ਦਾ ਜਲਦੀ ਹੱਲ ਕਰਨ ਦੀ ਅਪੀਲ



ਕਰਤਾਰਪੁਰ (ਹਰਮੇਸ਼ ਦੱਤ) ਜਗਜੀਤ ਫੈਕਟਰੀ ਹਮੀਰਾ ਦੇ ਵਰਕਰਾਂ ਦੀਆਂ ਮੰਗਾਂ ਨੂੰ ਕਨੂੰਨ ਅਨੁਸਾਰ ਹੱਲ ਕਰਨ ਲਈ ਅਪੀਲ ਕੀਤੀ ਹੈ। ਭੀਮ ਆਰਮੀ ਭਾਰਤ ਦੇ ਮਿਸ਼ਨ ਦੇ ਜ਼ਿਲ੍ਹਾ ਇੰਚਾਰਜ ਜਸਵੀਰ ਸਿੰਘ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜੋ ਪੰਜਾਬ ਸਰਕਾਰ ਵੱਲੋਂ ਕਾਮਿਆਂ ਨੂੰ ਡੀ.ਏ ਦੀ ਕਿਸਤ ਜਾਰੀ ਕੀਤੀ ਗਈ ਹੈ ਉਸ ਨੂੰ ਲਾਗੂ ਕਰਵਾਉਣ ਲਈ ਜਗਜੀਤ ਫੈਕਟਰੀ ਵਿੱਚ ਧਰਨੇ ਦੀ ਅਗਵਾਈ ਕਰ ਰਹੀਆਂ ਏਟਕ ਅਤੇ ਬੀ ਐਮ ਐਸ ਅਹੁਦੇਦਾਰਾਂ ਦੀ ਇਕ ਸਾਂਝੀ ਮੀਟਿੰਗ ਕਰਵਾ ਕੇ ਵਰਕਰਾਂ ਦਾ ਛੇਤੀ ਹੱਲ ਕੀਤਾ ਜਾਵੇ। ਇਸ ਫੈਕਟਰੀ ਤੋਂ ਹਜਾਰਾਂ ਪਰਿਵਾਰ ਆਪਣਾ ਗੁਜਾਰਾ ਕਰਦੇ ਹਨ। ਇਨ੍ਹਾਂ ਮੰਗਾਂ ਦਾ ਜਲਦੀ ਹੱਲ ਕੀਤਾ ਜਾਵੇ ਤਾਂ ਜੋ ਫੈਕਟਰੀ ਵਿਚ ਮੁੜ ਤੋਂ ਉਸਾਰੀ ਵਰਕਰ ਆਪਣੀ ਡਿਊਟੀ 'ਤੇ ਹਾਜਰ ਹੋ ਸਕਣ।

# ਸੰਮਤੀ ਮੁਲਾਜ਼ਮਾਂ ਦੀ ਕਲਮਛੋੜ ਹੜਤਾਲ 17ਵੇਂ ਦਿਨ ਵੀ ਰਹੀ ਜਾਰੀ



ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )- ਪੰਚਾਇਤ ਸਕੱਤਰ ਯੂਨੀਅਨ ਬਲਾਕ ਟਾਂਡਾ ਵੱਲੋਂ ਆਪਣੀਆਂ ਮੰਗਾਂ ਦੇ ਪ੍ਰਤੀ ਆਵਾਜ ਬੁਲੰਦ ਕਰਦਿਆਂ ਕੀਤੀ ਗਈ ਕਲਮਛੋੜ ਹੜਤਾਲ ਦੇ 17ਵੇਂ ਦਿਨ ਸੂਬਾ ਸਰਕਾਰ ਖਿਲਾਫ ਨਾਅਰੇਬਾਜੀ ਕਰਦਿਆਂ ਆਪਣਾ ਰੋਸ ਪ੍ਰਗਟ ਕੀਤਾ। ਬਲਾਕ ਪ੍ਰਧਾਨ ਸ਼ਰਨਜੀਤ ਸਿੰਘ ਦੀ ਅਗਵਾਈ ਵਿਚ ਪੰਚਾਇਤ ਸੰਮਤੀ ਮੁਲਾਜਮਾਂ ਨੇ ਸੂਬਾ ਸਰਕਾਰ ਖਿਲਾਫ ਰੋਹ ਭਰਪੂਰ ਨਾਅਰੇਬਾਜੀ ਕਰਦਿਆਂ ਆਪਣਾ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਸਰਕਾਰ ਖਿਲਾਫ ਆਪਣੀ ਭੜਾਸ ਕੱਢਦਿਆਂ ਬਲਾਕ ਪ੍ਰਧਾਨ ਸ਼ਰਨਜੀਤ ਸਿੰਘ ਤੇ ਹੋਰ ਮੁਲਾਜਮਾਂ ਨੇ ਕਿਹਾ ਕਿ ਹੜਤਾਲ ਦਾ 17ਵਾਂ ਹੋਣ ਦੇ ਬਾਵਜੂਦ ਵੀ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨਣ ਤੋਂ ਇਨਕਾਰੀ ਹੈ ਜਿਸ ਕਾਰਨ ਕਾਰਨ ਸੂਬਾ ਭਰ ਦੇ ਸਮੂਹ ਮੁਲਾਜਮਾਂ ਵਿਚ ਸਰਕਾਰ ਖਿਲਾਫ ਨਾਰਾਜਗੀ ਹੈ। ਇਸ ਮੌਕੇ ਉਨ੍ਹਾਂ ਆਪਣੀਆਂ ਮੰਗਾਂ ਦਾ ਜਿਕਰ ਕਰਦਿਆਂ ਦੱਸਿਆ ਕਿ ਮੁਲਾਜਮਾਂ ਦੀਆਂ ਤਨਖਾਹਾਂ ਸਰਕਾਰੀ ਖਜਾਨੇ ਵਿੱਚੋਂ ਦਿੱਤੀਆਂ ਜਾਣ, ਪੰਚਾਇਤ ਸਕੱਤਰਾਂ ਨੂੰ ਇੱਕ ਤੋਂ ਵੱਧ ਦਿੱਤੇ ਸਰਕਲਾਂ ਦਾ ਚਾਰਜ ਵਾਪਸ ਲਿਆ ਜਾਵੇ, ਮਹਿਕਮੇ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਮੰਗਾਂ ਨਾ ਮੰਨਣ ਦੀ ਸੂਰਤ ਵਿਚ ਇਹ ਹੜਤਾਲ ਲਗਾਤਾਰ ਜਾਰੀ ਰਹੇਗੀ। ਇਸ ਮੌਕੇ ਅਵਤਾਰ ਸਿੰਘ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਹਰਪਾਲ ਸਿੰਘ, ਇਕਬਾਲ ਆਦਿ ਵੀ ਮੌਜੂਦ ਸਨ।

# ਸਰਬ ਨੌਜਵਾਨ ਸਭਾ ਨੇ ਖੇੜਾ ਰੋਡ 'ਤੇ ਕਰਵਾਈ ਮਾਂ ਭਗਵਤੀ ਦੀ 32ਵੀਂ ਸਾਲਾਨਾ ਚੌਂਕੀ



ਫਗਵਾੜਾ (ਜਸਵਿੰਦਰ ਢੱਡਾ)- ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ 6 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਸਮਾਗਮ ਦੇ ਸਫਲ ਆਯੋਜਨ ਤੋਂ ਬਾਅਦ ਮਹਾਮਾਈ ਦਾ ਸ਼ੁਕਰਾਨਾ ਕਰਨ ਲਈ 32ਵੇਂ ਸਾਲਾਨਾ ਸਮਾਗਮ ਦੌਰਾਨ ਮਾਂ ਭਗਵਤੀ ਦੀ ਚੌਂਕੀ ਦਾ ਆਯੋਜਨ ਗੁਰੂ ਨਾਨਕਪੁਰਾ ਨਜਦੀਕ ਖੇੜਾ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਵਿਚ ਕਰਵਾਏ ਉਕਤ ਸਮਾਗਮ ਦੌਰਾਨ ਨਾਇਬ ਤਹਿਸੀਲਦਾਰ ਪਵਨ ਕੁਮਾਰ ਸ਼ਰਮਾ, ਡਾ. ਵਰੁਣ ਜੋਸ਼ੀ ਪਲੇਸਮੈਂਟ ਅਫਸਰ ਕਪੂਰਥਲਾ, ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ, ਸਾਬਕਾ ਕੌਂਸਲਰ ਹੁਸਨ ਲਾਲ ਜਨਰਲ ਮੈਨੇਜਰ ਜੇ.ਸੀ.ਟੀ. ਮਿਲ, ਸੂਬਾਈ ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ, ਪੰਡਿਤ ਬਨਵਾਰੀ ਲਾਲ, ਭੁਪਿੰਦਰ ਸ਼ਰਮਾ (ਸੋਨੂੰ ਭਗਤ) ਨੇ ਮਾਤਾ ਰਾਣੀ ਦੇ ਦਰਬਾਰ ਵਿਚ ਵਿਸ਼ੇਸ਼ ਤੌਰ 'ਤੇ ਹਾਜਰੀ ਲਗਵਾਈ ਅਤੇ ਮਹਾਮਾਈ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਮਾਗਮ ਦੌਰਾਨ ਜਸਪਾਲ ਸਿੰਘ ਚੀਮਾ ਅਤੇ ਉਹਨਾਂ ਦੀ ਧਰਮ ਪਤਨੀ ਮਦਨਜੀਤ ਚੀਮਾ ਨੇ ਪਰਿਵਾਰ ਸਮੇਤ ਜਯੋਤੀ ਪੂਜਨ ਕਰਵਾਇਆ। ਚੁੰਨੀ ਦੀ ਰਸਮ ਸਾਬਕਾ ਕੌਂਸਲਰ ਓਮ ਪ੍ਰਕਾਸ਼ ਬਿੱਟੂ ਨੇ ਪੂਰੀ ਕਰਵਾਈ ਜਦਕਿ ਝੰਡੇ ਦੀ ਰਸਮ ਆਮ ਆਦਮੀ ਪਾਰਟੀ ਐਸ.ਸੀ. ਵਿੰਗ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ ਵਲੋਂ ਨਿਭਾਈ ਗਈ। ਮਾਤਾ ਰਾਣੀ ਦੀ ਚੌਂਕੀ ਦਾ ਸ਼ੁਭ ਆਰੰਭ ਪੰਡਿਤ ਸ਼ੰਕਰ ਭਾਰਦਵਾਜ ਵਲੋਂ ਸ੍ਰੀ ਗਣੇਸ਼ ਵੰਦਨਾ ਨਾਲ ਹੋਇਆ। ਸੰਤੋਸ਼ ਕੁਮਾਰ ਗੋਗੀ ਅਤੇ ਓਮ ਪ੍ਰਕਾਸ਼ ਬਿੱਟੂ ਨੇ ਸੰਗਤਾਂ ਨੂੰ ਧਾਰਮਿਕ ਸਮਾਗਮ ਦੀਆਂ ਸ਼ੁੱਭ ਇੱਛਾਵਾਂ ਭੇਂਟ ਕਰਦਿਆਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਨੂੰ ਸਾਰਿਆਂ ਨੂੰ ਰਲਮਿਲ ਕੇ ਮਨਾਉਣੇ ਚਾਹੀਦੇ ਹਨ ਤਾਂ ਜੋ ਸਾਡੀ ਭਾਈਚਾਰਕ ਸਾਂਝ ਮਜਬੂਤ ਬਣੀ ਰਹੇ। ਸਾਬਕਾ ਕੌਂਸਲਰ ਹੁਸਨ ਲਾਲ ਨੇ ਸਭਾ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਵਾਉਣਾ ਬਹੁਤ ਹੀ ਨੇਕ ਅਤੇ ਪਰਉਪਕਾਰੀ ਕੰਮ ਹੈ। ਸਮਾਗਮ ਦੌਰਾਨ ਨਵ ਵਿਆਹੇ ਜੋੜਿਆਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਮਾਤਾ ਰਾਣੀ ਦੇ ਦਰਬਾਰ ਵਿਚ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਪ੍ਰਸਿੱਧ ਪੰਜਾਬੀ ਗਾਇਕ ਬੂਟਾ ਮੁਹੰਮਦ, ਲਵਪ੍ਰੀਤ ਲਵ, ਜੀਤੀ ਸਿੰਘ ਗੁਰਵਿੰਦਰ ਗਿੱਲ ਅਤੇ ਦੀਪ ਸੰਦੀਪ ਨੇ ਪ੍ਰਸਿੱਧ ਭੇਟਾਂ ਰਾਹੀਂ ਮਹਾਮਾਈ ਦੇ ਦਰਬਾਰ ਵਿਚ ਭਰਪੂਰ ਹਾਜਰੀ ਲਗਵਾਈ। ਬੂਟਾ ਮੁਹੰਮਦ ਦੀ ਪੇਸ਼ਕਸ਼ 'ਵਿੱਚ ਜਗਰਾਤੇ ਦੇ, ਆ ਗਈ ਸ਼ੇਰਾਂਵਾਲੀ' ਨੇ ਸ਼ਰਧਾਲੂ ਸੰਗਤ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਪ੍ਰਬੰਧਕਾਂ ਵਲੋਂ ਆਏ ਹੋਏ ਮੁੱਖ ਮਹਿਮਾਨ, ਪਤਵੰਤਿਆਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਵਿਸ਼ਵ ਬੰਧੂ ਸੁਧੀਰ ਅਤੇ ਹਰਚਰਨ ਭਾਰਤੀ ਨੇ ਬਾਖੂਬੀ ਨਿਭਾਈ। ਇਸ ਮੌਕੇ ਐਂਟੀ ਕਰੱਪਸ਼ਨ ਫਾਉਂਡੇਸ਼ਨ ਆਫ ਇੰਡੀਆ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਕੰਗ, ਸਵੱਛਤਾ ਅਭਿਆਨ ਸੁਸਾਇਟੀ ਦੇ ਮਦਨ ਮੋਹਨ ਖੱਟਰ, ਬੀਬੀ ਪ੍ਰੇਮ ਕੌਰ ਚਾਨਾ, ਜਨਤਾ ਸੇਵਾ ਸੰਮਤੀ ਦੇ ਪ੍ਰਧਾਨ ਵਿਪਨ ਖੁਰਾਣਾ, ਪਵਨ ਖੁਰਾਣਾ, ਸ਼ਿਵ ਸੈਨਾ ਆਗੂ ਇੰਦਰਜੀਤ ਕਰਵਲ, ਸਮਾਜ ਸੇਵਕ ਇੰਦਰਜੀਤ ਕਾਲੜਾ, ਜੋਗਿੰਦਰ ਕੁਮਾਰ, ਰਾਕੇਸ਼ ਸ਼ਰਮਾ, ਮਨੀਸ਼ ਕਨੌਜੀਆ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਰਣੀਜੀਤ ਪਾਬਲਾ, ਬੀ.ਐਮ. ਪੁਰੀ, ਸਮਾਜ ਸੇਵਿਕਾ ਪ੍ਰਿਤਪਾਲ ਕੌਰ ਤੁਲੀ, ਡਾ. ਵਿਜੇ ਕੁਮਾਰ ਜਨਰਲ ਸਕੱਤਰ, ਸੁਰਿੰਦਰ ਬੱਧਣ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਜੁਗਰਾਜ ਸਿੰਘ, ਮਨਦੀਪ ਸਿੰਘ, ਅਨੂਪ ਦੁੱਗਲ, ਰਾਜਕੁਮਾਰ ਕਨੌਜੀਆ, ਡਾ. ਕੁਲਦੀਪ ਸਿੰਘ, ਸਵਰਨ ਸਿੰਘ, ਰਾਕੇਸ਼ ਕੋਛੜ, ਸਤਪ੍ਰਕਾਸ਼ ਸੱਗੂ, ਕਰਮਜੀਤ ਸਿੰਘ, ਚਰਨਪ੍ਰੀਤ ਸਿੰਘ, ਸੌਰਵ ਮੱਲ੍ਹਣ, ਆਰ.ਪੀ. ਸ਼ਰਮਾ, ਰਵਿੰਦਰ ਸਿੰਘ ਰਾਏ, ਸਾਕਸ਼ੀ ਤ੍ਰਿਖਾ, ਸ਼ਮਾ ਰਾਣੀ, ਮੋਨਿਕਾ, ਨੀਤੂ ਗੁਡਿੰਗ, ਪੂਜਾ ਸੈਣੀ, ਸੁਖਜੀਤ ਕੌਰ, ਸ਼ਿਵ ਕੁਮਾਰ, ਰਾਕੇਸ਼ ਸ਼ਰਮਾ, ਉਂਕਾਰ ਜਗਦੇਵ, ਨਰਿੰਦਰ ਸੈਣੀ, ਹਰਵਿੰਦਰ ਸਿੰਘ, ਜੋਗਿੰਦਰ ਕੁਮਾਰ, ਡਾ. ਨਰੇਸ਼ ਬਿੱਟੂ, ਗੁਰਦੀਪ ਸਿੰਘ ਤੁਲੀ, ਜਨੇਸ਼ ਜੈਨ, ਅਸ਼ੋਕ ਸ਼ਰਮਾ, ਸੁਖਦੇਵ ਲਾਡੀ, ਜਗਜੀਤ ਸੇਠ, ਰਾਜ ਬਸਰਾ, ਜਗਜੀਤ ਸਿੰਘ ਸੇਠ, ਭੂਸ਼ਨ ਕੁਮਾਰ ਆਦਿ ਤੋਂ ਇਲਾਵਾ ਹੋਰ ਪਤਵੰਤੇ ਅਤੇ ਇਲਾਕਾ ਨਿਵਾਸੀ ਹਾਜਰ ਸਨ।

# ਐਨਰਜੀ ਡਰਿੰਕਸ ਨੂੰ ਸ਼ਰਤਾਂ ਦੇ ਤਹਿਤ ਕਾਨੂੰਨੀ ਮਾਨਤਾ ਦੇਣਾ ਭਵਿੱਖ ਲਈ ਤਬਾਹਕੁੰਨ : ਧੀਮਾਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਅਨਰਜੀ ਡ੍ਰਿੰਕਸ ਤਰ੍ਹਾਂ-ਤਰ੍ਹਾਂ ਦੇ ਤਰੀਕੇ ਬਣਾ ਕੇ ਅਤੇ ਸਰਕਾਰਾਂ ਤੋਂ ਫੂਡ ਸੈਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਤੋਂ ਲਾਇਸੈਂਸ ਲੈ ਕੇ ਦੇਸ਼ ਵਿਚ ਪੈਰ ਪਸਾਰਨ ਅਤੇ ਬੱਚਿਆਂ ਨੂੰ ਖਾਸ ਕਰਕੇ ਨੌਜਵਾਨ ਪੀੜੀ ਨੂੰ ਕੈਫੀਨ ਦਾ ਆਦੀ ਬਣਾਉਣ ਨੂੰ ਲੈ ਕੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ, ਜਨਰਲ ਸਕੱਤਰ ਸੋਨੂ ਮਹਿਤਪੁਰ, ਦਵਿੰਦਰ ਸਿੰਘ ਥਿੰਦ ਨੇ ਕੇਂਦਰ ਸਰਕਾਰ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਭਾਵੇਂ ਅਨਰਜੀ ਡ੍ਰਿੰਕਸ ਬੋਤਲਾਂ ਉਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਅਤੇ ਹੋਰ ਬੀਮਾਰੀਆਂ ਨਾਲ ਪੀੜਤ ਲੋਕਾਂ ਲਈ ਨਾ ਪੀਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਪਰ ਉਨ੍ਹਾਂ ਹਦਾਇਤਾਂ ਨੂੰ ਪੜ੍ਹਦਾ ਕੌਣ ਹੈ। ਧੀਮਾਨ ਨੇ ਦਸਿਆ ਕਿ ਨਾ ਹੀ ਅਨਰਜੀਨ ਡ੍ਰਿੰਕਸ ਵਿਕਰੀ ਕਰਨ ਵਾਲੀਆਂ ਦੁਕਾਨਾਂ ਦੇ ਬਾਹਰ ਕਿਸੇ ਨੇ ਵੀ ਹਦਾਇਤਾਂ ਵਾਰੇ ਲਿੱਖ ਕੇ ਲਗਾਇਆ ਹੈ। ਅੱਜ ਹਾਲਤ ਇਹ ਹਨ ਕਿ ਇਹ ਘਾਤਕ ਅਨਰਜੀ ਡ੍ਰਿੰਕਸ ਪੜ੍ਹਨ ਵਾਲੇ ਬੱਚਿਆਂ ਦੇ ਹੱਥਾਂ ਵਿਚ ਆਮ ਦੇਖੇ ਜਾ ਸਕਦੇ ਹਨ। ਇਨ੍ਹਾਂ ਡ੍ਰਿੰਕਸ ਵਿਚ ਕੈਫੀਨ ਦੀ ਮਾਤਰਾ ਬਹੁਤ ਜਿਆਦਾ ਹੈ। ਬੱਚਿਆਂ ਵਿਚ ਕੈਫੀਨ ਅਡਿਕਸ਼ਨ ਦੀਆਂ ਆਦਤਾਂ ਤੇਜੀ ਨਾਲ ਵੱਧ ਕੇ ਸਰੀਰਕ ਨੁਕਸਾਨ ਕਰ ਰਹੀਆਂ ਹਨ। ਦੇਸ਼ ਦੀਆਂ ਵਿਧਾਨ ਸਭਾਵਾਂ, ਲੋਕ ਸਭਾ ਅਤੇ ਰਾਜ ਸਭਾ ਵਿਚ ਕੋਈ ਵੀ ਨਹੀਂ ਬੋਲ ਰਿਹਾ। ਧੜੱਲੇ ਨਾਲ ਇਹ ਅਨਰਜੀ ਡ੍ਰਿੰਕਸ ਦੁਕਾਨਾਂ ਦੇ ਬਾਹਰ ਡਿਸਪਲੇ ਕੀਤੇ ਹੋਏ ਹਨ ਤੇ ਅੱਜ ਹਲਾਤ ਇਹ ਹਨ ਕਿ ਇਹ ਡ੍ਰਿੰਕਸ ਪਿੰਡਾਂ ਵਿਚ ਹੇਠਲੇ ਪੱਧਰ 'ਤੇ ਪੈਰ ਪਸਾਰ ਚੁੱਕੇ ਹਨ। ਕੰਪਨੀਆਂ ਅਤੇ ਉਨ੍ਹਾਂ ਦੀ ਮੈਨੇਜਮੈਂਟ ਸਰਕਾਰਾਂ ਦੀ ਮਿਲੀ ਭੁਗਤ ਨਾਲ ਯੋਜਨਾਵਧ ਤਰੀਕੇ ਨਾਲ ਬੱਚਿਆਂ ਦੀ ਤਬਾਹੀ ਕਰਕੇ ਕਰੋੜਾਂ ਰੁਪਏ ਦੀ ਕਮਾਈ ਕਰ ਰਹੀਆਂ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਫੂਡ ਸੈਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆਂ ਦੇ ਉੱਚ ਅਧਿਕਾਰੀਆਂ ਦੇ ਦਿਮਾਗ ਵਿਚ ਇਹ ਗੱਲ ਕਿਉਂ ਨਹੀਂ ਆਈ ਕਿ ਦੇਸ਼ ਵਿਚ ਅਨਪੜ੍ਹਤਾ ਠਾਠਾਂ ਮਾਰ ਰਹੀ ਹੈ ਤੇ ਇਨ੍ਹਾਂ ਬੋਤਲਾਂ ਉਤੇ ਬਾਰੀਕ ਅਖੱਰਾਂ ਵਿਚ ਲਿਖੀਆਂ ਗਾਇਡ ਲਾਇਨਾਂ ਕੌਣ ਪੜੇਗਾ। ਸਾਫ ਝਲਕਦਾ ਹੈ ਕਿ ਵਿਧਾਨਕਾਰ ਹੀ ਦੇਸ਼ ਦੇ ਬੱਚਿਆਂ ਲਈ ਗਲਤ ਨੀਤੀਆਂ ਬਣਾ ਰਹੇ ਹਨ। ਧੀਮਾਨ ਨੇ ਸਰਕਾਰਾਂ ਤੋਂ ਮੰਗ ਕੀਤੀ ਕਿ ਇਨ੍ਹਾਂ ਅਨਰਜੀ ਡ੍ਰਿੰਕਸ ਬਾਰੇ ਤੁਰੰਤ ਵਿਚਾਰ ਕਰਕੇ ਪਾਬੰਦੀ ਲਗਾਈ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਅਪਣੇ ਬੱਚਿਆਂ ਪ੍ਰਤੀ ਜਾਗਰੂਕ ਵੀ ਹੋਣ।

# ਡਾ. ਅੰਬੇਡਕਰ ਨੇ ਚਾਰ ਹਜ਼ਾਰ ਸਾਲ ਦੇ ਇਤਿਹਾਸ ਨੂੰ ਸਿਰਫ ਚਾਲੀ ਸਾਲਾਂ 'ਚ ਹੀ ਬਦਲ ਦਿੱਤਾ : ਪੈਂਥਰ

ਫਗਵਾੜਾ ( ਜਸਵਿੰਦਰ ਢੱਡਾ ) ਭਾਰਤੀ ਸੰਵਿਧਾਨ ਦੇ ਨਿਰਮਾਤਾ, ਗਿਆਨ ਦੇ ਪ੍ਰਤੀਕ ਬਾਬਾ ਸਾਹਿਬ ਡਾ.ਬੀ.ਆਰ.ਅੰਬੇਡਕਰ ਸੰਸਾਰ ਵਿੱਚ ਇੱਕ ਅਜਿਹੀ ਸ਼ਖਸੀਅਤ ਹੈ, ਜਿਨ੍ਹਾਂ ਨੇ ਚਾਰ ਹਜਾਰ ਸਾਲ ਦੇ ਇਤਿਹਾਸ ਨੂੰ ਸਿਰਫ ਚਾਲੀ ਸਾਲਾਂ ਵਿੱਚ ਹੀ ਬਦਲ ਦਿੱਤਾ ਅਤੇ ਉਹ ਵੀ ਬਿਨਾਂ ਕਿਸੇ ਖੂਨ-ਖਰਾਬੇ ਦੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਸੁਸਾਇਟੀ ਰਜਿ ਰੇਲ ਕੋਚ ਫੈਕਟਰੀ, ਕਪੂਰਥਲਾ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੇ ਮਿਸ਼ਨ ਅੰਬੇਡਕਰ ਗਰੁੱਪ ਪਿੰਡ ਬੂਲਪੁਰ ਵੱਲੋਂ 66ਵੇਂ ਮਹਾਂਪ੍ਰਿਨਿਰਵਾਨ ਦਿਵਸ ਮੌਕੇ ਬਾਬਾ ਸਾਹਿਬ ਅੰਬੇਡਕਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕੀਤਾ। ਸਮਾਗਮ ਦੀ ਪ੍ਰਧਾਨਗੀ ਅੰਬੇਡਕਰ ਸੁਸਾਇਟੀ ਦੇ ਪ੍ਰਧਾਨ ਕ੍ਰਿਸਨ ਲਾਲ ਜੱਸਲ, ਚਿੰਤਕ ਨਿਰਵੈਰ ਸਿੰਘ, ਅੰਬੇਡਕਰ ਮਿਸਨ ਗਰੁੱਪ ਦੇ ਪ੍ਰਧਾਨ ਮਾਸਟਰ ਸੁਖਦੇਵ ਸਿੰਘ ਜੀਉਣਾ, ਮਾਸਟਰ ਬਲਵੰਤ ਸਿੰਘ ਅਤੇ ਸਮਾਜ ਸੇਵੀ ਦੇਸ ਰਾਜ ਨੇ ਸਾਂਝੇ ਤੌਰ 'ਤੇ ਕੀਤੀ। ਸਟੇਜ ਸੰਚਾਲਨ ਦੀ ਭੂਮਿਕਾ ਸਲਵਿੰਦਰ ਸਿੰਘ ਨੇ ਦੱਸਿਆ ਕਿ ਅੰਬੇਡਕਰ ਮਿਸ਼ਨ ਗਰੁੱਪ ਪਿਛਲੇ ਦੋ ਸਾਲਾਂ ਤੋਂ ਕੰਮ ਕਰ ਰਿਹਾ ਹੈ ਅਤੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅੰਬੇਡਕਰ ਵਿਚਾਰਧਾਰਾ ਨਾਲ ਜੋੜਨ ਦਾ ਕੰਮ ਕੀਤਾ ਜਾ ਰਿਹਾ ਹੈ। ਪ੍ਰਧਾਨਗੀ ਮੰਡਲ ਵੱਲੋਂ ਬਾਬਾ ਸਾਹਿਬ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਂਟ ਕੀਤੀਆਂ ਗਈਆਂ।

ਇਸ ਮੌਕੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਜੱਸਲ ਅਤੇ ਪੈਂਥਰ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਉੱਚ ਕੋਟੀ ਦੇ ਵਿਦਵਾਨ, ਕਾਨੂੰਨ ਸਾਸਤਰੀ, ਰਾਜਨੀਤਕ ਅਤੇ ਪ੍ਰਸਿੱਧ ਆਰਥਿਕ ਸੁਧਾਰਾਂ ਦੇ ਸਮਰਥਕ ਸਨ। ਬਾਬਾ ਸਾਹਿਬ ਨੇ ਭਾਰਤੀ ਸੰਵਿਧਾਨ ਬਣਾਉਣ ਸਮੇਂ ਦੇਸ ਦੇ ਹਰ ਨਾਗਰਿਕ ਦਾ ਪੂਰਾ ਪੂਰਾ ਖਿਆਲ ਰੱਖਿਆ। ਅੱਜ ਕੁਝ ਲੋਕ ਭਾਰਤੀ ਸੰਵਿਧਾਨ ਨੂੰ ਬਦਲਣ ਦੀ ਗੱਲ ਕਰ ਰਹੇ ਹਨ ਜੋ ਕਿ ਗਲਤ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਦੇਸ਼ ਵਿੱਚ ਘਰੇਲੂ ਯੁੱਧ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦੇਸ਼ ਵਾਸੀਆਂ ਨੂੰ ਇਸ 'ਤੇ ਮਾਣ ਹੋਣਾ ਚਾਹੀਦਾ ਹੈ ਆਜਾਦੀ ਦੇ 75 ਸਾਲਾਂ ਬਾਅਦ ਵੀ ਦੇਸ ਨੂੰ ਕਿਸੇ ਬਾਹਰੀ ਤਾਕਤ ਤੋਂ ਕੋਈ ਖਤਰਾ ਨਹੀਂ ਬਣਿਆ। ਅੱਜ ਅਸੀਂ ਬਾਬਾ ਸਾਹਿਬ ਨੂੰ ਯਾਦ ਕਰ ਰਹੇ ਹਾਂ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਵੱਲ ਵੀ ਧਿਆਨ ਦੇਣਾ ਹੈ ਕਿਉਂਕਿ ਉਨ੍ਹਾਂ ਨੇ ਕਿਹਾ ਸੀ ਕਿ ਬੇਟੇ ਨਾਲੋਂ ਬੇਟੀ ਨੂੰ ਵੱਧ ਪੜ੍ਹਾਇਆ ਜਾਵੇ। ਜੇਕਰ ਧੀਆਂ ਸਿੱਖਿਅਤ ਹੋਣਗੀਆਂ ਤਾਂ ਸਮਾਜ ਅਤੇ ਦੇਸ ਤਰੱਕੀ ਕਰਨਗੇ। ਮਾਸਟਰ ਬਲਵੰਤ ਸਿੰਘ ਨੇ ਕਿਹਾ ਬੇਸੱਕ ਇੱਕ ਰੋਟੀ ਘੱਟ ਖਾਓ ਪਰ ਬੱਚਿਆਂ ਨੂੰ ਸਿੱਖਿਅਤ ਜਰੂਰ ਕਰਨਾ ਚਾਹੀਦਾ ਹੈ ਕਿਉਂਕਿ ਵਿੱਦਿਆ ਮਨੁੱਖ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦੀ ਹੈ। ਮਾਸਟਰ ਸੁਖਦੇਵ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਲੋਕ ਆਪਣੇ ਮਹਾਨ ਪੁਰਸਾਂ ਦੇ ਇਤਿਹਾਸ ਨੂੰ ਭੁੱਲ ਜਾਂਦੇ ਹਨ, ਉਹ ਨਵਾਂ ਇਤਿਹਾਸ ਨਹੀਂ ਸਿਰਜ ਸਕਦੇ। ਆਓ ਮਹਾਂਪੁਰਖਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਕਾਫਲੇ ਨੂੰ ਅੱਗੇ ਤੋਰੀਏ। ਅੰਬੇਡਕਰ ਗਰੁੱਪ ਪਿੰਡ ਬੂਲਪੁਰ ਦੀ ਤਰਫੋਂ ਬੱਚਿਆਂ ਨੂੰ ਪੈੱਨ ਵੀ ਵੰਡੇ ਗਏ ਅਤੇ ਇਸ ਪੈੱਨ ਵਰਗੇ ਹਥਿਆਰ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸਮਾਗਮ ਨੂੰ ਸਫਲ ਬਣਾਉਣ ਵਿੱਚ ਸ੍ਰੀ ਹੰਸ ਰਾਜ ਬੱਸੀ, ਰਾਜ ਕੁਮਾਰ ਰਾਜਾ, ਅਮਨਦੀਪ ਕੌਰ, ਨਵਨੀਤ ਕੌਰ, ਗੁਰਮੀਤ ਕੌਰ ਅਤੇ ਜਗੀਰ ਕੌਰ ਆਦਿ ਨੇ ਅਹਿਮ ਭੂਮਿਕਾ ਨਿਭਾਈ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਲਈ ਅਰਜ਼ੀਆਂ ਦੇਣ ਦੀ ਅੰਤਮ ਤਰੀਕ 'ਚ ਵਾਧਾ

ਜਲੰਧਰ (ਸੈਲੀ ਐਲਬਰਟ)-: ਪੰਜਾਬ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2021-22 ਲਈ ਯੋਗ ਉਮੀਦਵਾਰਾਂ ਤੋਂ 30 ਨਵੰਬਰ ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ, ਜਿਸ ਦੀ ਅੰਤਿਮ ਤਰੀਕ ਵਿੱਚ 31 ਦਸੰਬਰ 2022 ਤੱਕ ਵਾਧਾ ਕਰ ਦਿੱਤਾ ਗਿਆ ਹੈ। । ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਯੁਵਕ ਗਤੀਵਿਧੀਆਂ ਵਿੱਚ ਉੱਘਾ ਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸ ਪੁਰਸਕਾਰ ਲਈ ਚੁਣੇ ਗਏ ਨੌਜਵਾਨਾਂ ਨੂੰ ਇਕ ਮੈਡਲ, ਸਕਰੌਲ ਸਰਟੀਫਿਕੇਟ ਅਤੇ 51 ਹਜ਼ਾਰ ਰੁਪਏ ਦੇ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਪੁਰਸਕਾਰ ਲਈ ਅਜਿਹੇ ਨੌਜਵਾਨ ਯੋਗ ਹਨ, ਜੋ ਪਿਛਲੇ ਸਾਲਾਂ ਤੋਂ ਵੱਖ-ਵੱਖ ਯੁਵਕ ਗਤੀਵਿਧੀਆਂ ਜਿਵੇਂ ਯੁਵਕ ਭਲਾਈ ਗਤੀਵਿਧੀਆਂ, ਕੌਮੀ ਸੇਵਾ ਯੋਜਨਾ, ਐਨ.ਸੀ.ਸੀ., ਸੱਭਿਆਚਾਰਕ ਗਤੀਵਿਧੀਆਂ, ਪਰਵਤ ਰੋਹਣ, ਹਾਈਕਿੰਗ-ਟਰੈਕਿੰਗ, ਖੇਡਾਂ, ਸਮਾਜ ਸੇਵਾ, ਰਾਸ਼ਟਰੀ ਏਕਤਾ, ਖੂਨਦਾਨ, ਨਸ਼ਿਆਂ ਵਿਰੁੱਧ ਜਾਗਰੂਕਤਾ, ਵਿੱਦਿਅਕ ਯੋਗਤਾ, ਬਹਾਦਰੀ ਦੇ ਕਾਰਨਾਮੇ, ਸਕਾਊਟਿੰਗ ਅਤੇ ਗਾਈਡਿੰਗ ਅਤੇ ਸਾਹਸੀ ਗਤੀਵਿਧੀਆਂ ਆਦਿ ਵਿੱਚ ਹਿੱਸਾ ਲੈਂਦੇ ਰਹੇ ਹੋਣ ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਇਹ ਪੁਰਸਕਾਰ ਸਿਰਫ਼ ਪੰਜਾਬ ਦੇ ਨੌਜਵਾਨਾਂ ਲਈ ਹੈ ਅਤੇ ਉਮੀਦਵਾਰ ਦੀ ਉਮਰ ਮਿਤੀ 31 ਮਾਰਚ 2022 ਨੂੰ 15 ਸਾਲ ਤੋਂ ਘੱਟ ਅਤੇ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦੱਸਿਆ ਕਿ ਉਮੀਦਵਾਰ ਯੁਵਕ ਭਲਾਈ ਗਤੀਵਿਧੀਆਂ/ਸਮਾਜ ਸੇਵਾ ਵਿੱਚ ਸ਼ਾਮਲ ਹੁੰਦਾ ਰਿਹਾ ਹੋਵੇ ਤੇ ਪੁਰਸਕਾਰ ਪ੍ਰਾਪਤ ਹੋਣ ਉਪਰੰਤ ਵੀ ਦੋ ਸਾਲ ਬਾਅਦ ਇਨ੍ਹਾਂ ਗਤੀਵਿਧੀਆਂ ਨੂੰ ਜਾਰੀ ਰੱਖਣ ਦਾ ਇਛੁੱਕ ਹੋਵੇ ਅਤੇ ਗਤੀਵਿਧੀਆਂ/ਸਮਾਜ ਸੇਵਾ ਅਤੇ ਨੌਜਵਾਨਾਂ ਦੇ ਵਿਕਾਸ ਵਿੱਚ ਸਹਾਈ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪੁਰਸਕਾਰ ਲਈ ਚੋਣ ਨੌਜਵਾਨ ਦੀ ਸਮਾਜ ਸੁਧਾਰ ਵਿੱਚ ਅਸਲ ਇੱਛਾ ਅਤੇ ਪ੍ਰਤੀਨਿਧਤਾ ਦੇ ਆਧਾਰ 'ਤੇ ਕੀਤੀ ਜਾਵੇਗੀ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਯੋਗ ਉਮੀਦਵਾਰ ਆਪਣੀਆਂ ਅਰਜ਼ੀਆਂ ਅਤੇ ਪ੍ਰਾਪਤੀਆਂ ਸਬੰਧੀ ਆਪਣੀ ਪ੍ਰਤੀ-ਬੇਨਤੀ (ਦਸਤਾਵੇਜ਼) ਦੀ ਫਾਈਲ ਜ਼ਿਲ੍ਹੇ ਦੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫ਼ਤਰ, ਯੂਥ ਹੋਸਟਲ ਬਰਲਟਨ ਪਾਰਕ ਵਿਖੇ 31 ਦਸੰਬਰ 2022 ਤੱਕ ਭੇਜ ਸਕਦੇ ਹਨ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਬਠਿੰਡਾ-ਦਿੱਲੀ ਰੇਲਵੇ ਲਾਈਨ 'ਤੇ 12 ਨੂੰ ਆਵਾਜਾਈ ਠੱਪ ਕਰਨ ਦਾ ਐਲਾਨ



ਮਾਨਸਾ (ਆਤਮਾ ਸਿੰਘ ਪਮਾਰ)

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮਾਨਸਾ ਦੀ ਮੀਟਿੰਗ ਬਲਾਕ ਪ੍ਰਧਾਨ ਜਗਸੀਰ ਸਿੰਘ ਜਵਾਹਰਕੇ ਦੀ ਪ੍ਰਧਾਨਗੀ ਹੇਠ ਪਿੰਡ ਲੱਲੂਆਣਾ ਵਿਖੇ ਕੀਤੀ ਗਈ, ਜਿਸ ਵਿੱਚ ਖੋਖਰ ਖ਼ੁਰਦ ਦੇ ਕਿਸਾਨਾਂ ਦਾ ਖੇਤਾਂ ਨੂੰ ਨਹਿਰੀ ਪਾਣੀ ਲਈ ਸਪਲਾਈ ਲਈ ਰੇਲਵੇ ਲਾਈਨ ਦੇ ਥੱਲਿਓਂ ਪਾਈਪ ਪਾਉਣ ਦੀ ਮੰਗ ਨੂੰ ਲੈ ਕੇ 12 ਦਸੰਬਰ ਨੂੰ ਬਠਿੰਡਾ-ਦਿੱਲੀ ਰੇਲਵੇ ਲਾਈਨ 'ਤੇ ਧਰਨਾ ਲਗਾ ਕੇ ਆਵਾਜਾਈ ਠੱਪ ਕਰਨ ਦਾ ਐਲਾਨ ਕਰ ਦਿੱਤਾ ਗਿਆ। ਇਸ ਤੋਂ ਬਾਅਦ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਖੋਖਰ ਖ਼ੁਰਦ ਤੇ ਖੋਖਰ ਕਲਾਂ ਦੇ ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਇੱਕ ਹੀ ਮੋਘੇ ਤੋਂ ਸਪਲਾਈ ਹੁੰਦਾ ਸੀ, ਜੋ ਵਾਰੀ ਅਨੁਸਾਰ ਖੋਖਰ ਖ਼ੁਰਦ ਦੇ ਕਿਸਾਨਾਂ ਨੂੰ ਰੇਲਵੇ ਲਾਈਨ ਦੇ ਹੇਠ ਦੱਬੀਆਂ ਪਾਈਪਾਂ ਰਾਹੀਂ ਪਾਣੀ ਸਪਲਾਈ ਹੁੰਦਾ ਸੀ, ਪਰ 2012 ਵਿੱਚ ਨਹਿਰੀ ਵਿਭਾਗ ਨੇ ਦੋਵਾਂ ਪਿੰਡਾਂ ਦੇ ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਦੇਣ ਲਈ ਅਲੱਗ-ਅਲੱਗ ਨਹਿਰੀ ਮੋਘੇ ਬਣਾ ਦਿੱਤੇ ਸਨ। ਪਹਿਲਾਂ ਚੱਲ ਰਹੇ ਮੋਘੇ ਨੂੰ ਖੋਖਰ ਕਲਾਂ ਦੇ ਹਿੱਸੇ ਦੇ ਦਿੱਤਾ ਗਿਆ। ਪਹਿਲਾਂ ਵਾਲਾ ਨਹਿਰੀ ਖਾਲ ਤੇ ਰੇਲਵੇ ਲਾਈਨ ਦੇ ਥੱਲੇ ਦੱਬੇ ਪਾਈਪ ਵੀ ਖੋਖਰ ਕਲਾਂ ਦੇ ਹਿੱਸੇ ਆ ਗਏ ਸਨ। ਖੋਖਰ ਖ਼ੁਰਦ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਦੇਣ ਲਈ ਵਿਭਾਗ ਵੱਲੋਂ ਭੈਣੀ ਰਜਬਾਹੇ ਵਿੱਚੋਂ ਨਵਾਂ ਮੋਘਾ ਚਾਲੂ ਕਰ ਦਿੱਤਾ। ਸਰਕਾਰੀ ਖਰਚੇ 'ਤੇ ਹੀ ਖੇਤਾਂ ਤੱਕ ਪਾਣੀ ਸਪਲਾਈ ਲਈ ਅੰਡਰ ਗਰਾਊਂਡ ਪਾਈਪ ਵੀ ਪਾ ਦਿੱਤੇ ਗਏ ਸਨ, ਪਰ ਰੇਲਵੇ ਲਾਈਨ ਦੇ ਹੇਠੋਂ ਨਵੇਂ ਪਾਈਪ ਪਾਉਣ ਬਦਲੇ ਰੇਲਵੇ ਵਿਭਾਗ ਨੇ 1,25,00000/- ਰੁਪਏ ਪਿੰਡ ਵਾਸੀਆਂ ਨੂੰ ਖਰਚਾ ਪਾ ਦਿੱਤਾ ਤੇ ਪਿੰਡ ਵਾਸੀਆਂ ਨੂੰ ਪਾਈਪ ਪਾਉਣ ਦੀ ਇਜਾਜ਼ਤ ਦੇ ਦਿੱਤੀ। ਇੰਨੀ ਵੱਡੀ ਰਕਮ ਉਤਾਰਨੀ ਕਿਸਾਨਾਂ ਦੇ ਵੱਸ ਦੀ ਗੱਲ ਨਹੀਂ ਰਹੀ ਤਾਂ ਉਨ੍ਹਾਂ ਭਾਰਤੀ ਕਿਸਾਨ ਯੂਨੀਅਨ ਏਕਤਾਂ ਉਗਰਾਹਾਂ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਮਾਨਸਾ ਨੂੰ 5 ਮਹੀਨੇ ਪਹਿਲਾਂ ਇੱਕ ਮੰਗ ਪੱਤਰ ਦਿੱਤਾ ਸੀ, ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਰੇਲਵੇ ਲਾਈਨ ਦੇ ਹੇਠਾਂ ਪਾਈਪ ਲੰਘਾਉਣ ਲਈ ਪੰਜਾਬ ਸਰਕਾਰ ਅੱਗੇ ਆਵੇ ਤੇ ਕਿਸਾਨਾਂ ਨੂੰ ਪਾਏ ਨਜਾਇਜ਼ ਰੁਪਏ ਪੰਜਾਬ ਸਰਕਾਰ ਦੇਵੇ ਜਾਂ ਰੇਲਵੇ ਵਿਭਾਗ ਤੋਂ ਮੁਆਫ ਕਰਵਾਏ। ਕਿਸਾਨ ਆਗੂ ਨੇ ਦੱਸਿਆ ਕਿ ਕੁੱਝ ਸਮਾਂ ਬੀਤਣ ਤੋਂ ਬਾਅਦ ਜਥੇਬੰਦੀ ਨੇ ਦੋ ਵਾਰ ਰੇਲਾਂ ਦਾ ਚੱਕਾ ਜਾਮ ਕੀਤਾ ਸੀ, ਜਿਸ 'ਤੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਮਸਲੇ ਦੇ ਹੱਲ ਲਈ ਹੋਰ ਸਮਾਂ ਮੰਗ ਲਿਆ ਜਾਂਦਾ ਸੀ, ਪਰ ਸਮਾਂ ਦੇਣ ਦੇ ਬਾਵਜੂਦ ਕੋਈ ਗੱਲ ਅੱਗੇ ਨਹੀਂ ਤੁਰ ਰਹੀ। ਕਿਸਾਨ ਆਗੂ ਨੇ ਦੱਸਿਆ ਕਿ ਖੋਖਰ ਖ਼ੁਰਦ ਦੇ ਕਿਸਾਨਾਂ ਦੇ 976 ਏਕੜ ਰਕਬੇ ਨੂੰ ਪਿਛਲੇ 10 ਸਾਲ ਤੋਂ ਨਹਿਰੀ ਪਾਣੀ ਨਹੀਂ ਮਿਲ ਰਿਹਾ। ਧਰਤੀ ਹੇਠਲਾ ਪਾਣੀ ਮਾੜਾ ਹੋਣ ਕਾਰਨ ਫਸਲਾਂ ਦੇ ਝਾੜ ਅੱਧੇ ਰਹਿੰਦੇ ਹਨ। ਮਸਲੇ ਦੇ ਹੱਲ ਲਈ ਜਥੇਬੰਦੀ ਵੱਲੋਂ 12 ਦਸੰਬਰ ਨੂੰ ਅਣਮਿੱਥੇ ਸਮੇਂ ਲਈ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ। ਇਸ ਮੌਕੇ ਭਾਨ ਸਿੰਘ ਬਰਨਾਲਾ, ਮਹਿੰਦਰ ਸਿੰਘ ਖੜਕ ਸਿੰਘ ਵਾਲਾ, ਜਗਰਾਜ ਸਿੰਘ ਮਾਨਸਾ, ਮਾਸਟਰ ਸੁਖਦੇਵ ਸਿੰਘ, ਲਾਭ ਸਿੰਘ ਖੋਖਰ, ਗੁਰਦੀਪ ਸਿੰਘ ਖੋਖਰ ਆਦਿ ਹਾਜ਼ਰ ਸਨ।

# ਰਮਨਦੀਪ ਬਾਵਾ ਨੇ ਥਾਣਾ ਸਿਟੀ ਦਾ ਚਾਰਜ ਸੰਭਾਲਿਆ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਇੰਸਪੈਕਟਰ



ਰਮਨਦੀਪ ਸਿੰਘ ਬਾਵਾ ਨੇ ਥਾਣਾ ਸਿਟੀ ਧੂਰੀ ਦੇ ਮੁੱਖ ਅਫਸਰ ਦਾ ਚਾਰਜ ਸੰਭਾਲ ਲਿਆ ਹੈ। ਆਪਣਾ ਚਾਰਜ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਡੀਜੀਪੀ ਪੰਜਾਬ ਗੌਰਵ ਯਾਦਵ ਤੇ ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਵੱਲੋਂ ਦਿੱਤੀਆਂ ਹਦਾਇਤਾਂ 'ਤੇ ਅਮਲ ਕਰਦਿਆਂ ਜਿੱਥੇ ਨਸ਼ਾ ਸਮੱਗਲਰਾਂ ਨਾਲ ਕੋਈ ਢਿੱਲ ਨਹੀਂ ਵਰਤੀ ਜਾਵੇਗੀ, ਉਥੇ ਨਸ਼ਾ ਖਾਣ ਵਾਲਿਆਂ 'ਤੇ ਵੀ ਖਾਸ਼ ਨਿਗ੍ਹਾ ਰੱਖੀ ਜਾਵੇਗੀ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ। ਉਨ੍ਹਾ ਸ਼ਹਿਰ ਦੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦਾ ਸਾਮਾਨ ਸੜਕ 'ਤੇ ਨਾ ਰੱਖਣ ਤਾਂ ਜੋ ਆਵਾਜਾਈ ਸਚਾਰੂ ਢੰਗ ਨਾਲ ਚੱਲ ਸਕੇ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਜੁਰਮ ਨੂੰ ਠੱਲ੍ਹ ਪਾਉਣ ਲਈ ਆਪੋ-ਆਪਣੇ ਅਦਾਰਿਆਂ ਤੇ ਦੁਕਾਨਾਂ 'ਚ ਸੀਸੀਟੀਵੀ ਕੈਮਰੇ ਲਗਾਏ ਜਾਣ। ਸ਼ਰਾਰਤੀ ਅਨਸਰਾਂ ਨੂੰ ਸਬਕ ਸਿਖਾਉਣ ਲਈ ਸ਼ਹਿਰ ਅੰਦਰ ਲੜਕੀਆਂ ਦੇ ਸਕੂਲਾਂ-ਕਾਲਜਾਂ ਅੱਗੇ ਗਸ਼ਤ ਤੇਜ਼ ਕੀਤੀ ਜਾਵੇਗੀ। ਉਨ੍ਹਾ ਲੋਕਾਂ ਨੂੰ ਇਨਸਾਫ਼ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਕੋਈ ਵੀ ਮੇਰੇ ਕੋਲ ਬਿਨਾਂ ਝਿਜਕ ਆ ਕੇ ਆਪਣੀ ਸਮੱਸਿਆ ਦੱਸ ਸਕਦਾ ਹੈ।

# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਮੁੱਖ ਮੰਤਰੀ ਦੇ ਨਾਂਅ ਵਿਧਾਇਕ ਨੂੰ ਦਿੱਤਾ ਮੰਗ ਪੱਤਰ


ਯੂਨੀਅਨ ਆਗੂ ਮੁੱਖ ਮੰਤਰੀ ਦੇ ਨਾਮ ਵਿਧਾਇਕ ਕਾਕਾ ਬਰਾੜ ਨੂੰ ਮੰਗ ਪੱਤਰ ਦਿੰਦੀਆਂ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਬਲਾਕ ਸ੍ਰੀ ਮੁਕਤਸਰ ਸਾਹਿਬ ਵੱਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ ਆਮ ਆਦਮੀ ਪਾਰਟੀ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਮੰਗ ਪੱਤਰ ਦਿੱਤਾ ਗਿਆ। ਜਥੇਬੰਦੀ ਦੀ ਮੰਗ ਹੈ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਜਾਣ ਤੇ ਮੁੱਖ ਮੰਤਰੀ ਜਥੇਬੰਦੀ ਦੀਆਂ ਆਗੂਆਂ ਨੂੰ ਮੀਟਿੰਗ ਦਾ ਸਮਾਂ ਦੇਣ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਛਿੰਦਰਪਾਲ ਕੌਰ ਥਾਂਦੇਵਾਲਾ, ਅੰਮ੍ਰਿਤਪਾਲ ਕੌਰ ਥਾਂਦੇਵਾਲਾ, ਰਾਜਿੰਦਰ ਕੌਰ ਮੁਕਤਸਰ, ਰਾਜਪਾਲ ਕੌਰ ਚੜੇਵਾਨ, ਪਰਮਜੀਤ ਕੌਰ ਬਾਵਾ, ਸੁਖਵਿੰਦਰ ਕੌਰ, ਮਲਕੀਤ ਕੌਰ ਸੰਗੂਧੌਣ, ਮਧੂ ਬਾਲਾ, ਚਰਨਜੀਤ ਕੌਰ, ਮੋਨਿਕਾ ਤੇ ਮਾਲਤੀ ਨੇ ਕਿਹਾ ਕਿ ਆਂਗਣਵਾੜੀ ਸੈਂਟਰਾਂ ਦੇ 3 ਸਾਲ ਤੋਂ 6 ਸਾਲ ਤੱਕ ਦੇ ਬੱਚੇ ਜੋ ਸਰਕਾਰ ਨੇ 2017 ਵਿੱਚ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਭੇਜ ਦਿੱਤੇ ਸਨ, ਨੂੰ ਵਾਪਸ ਸੈਂਟਰਾਂ ਵਿਚ ਭੇਜਿਆ ਜਾਵੇ ਤੇ ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ। ਜਦੋਂ ਤੱਕ ਇਹ ਲਾਗੂ ਨਹੀਂ ਹੁੰਦਾ, ਉਦੋਂ ਤੱਕ ਸਰਕਾਰ ਆਪਣੇ ਵਾਅਦੇ ਅਨੁਸਾਰ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਕਰੇ। ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇਂ 4 ਸਾਲਾਂ ਤੋਂ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਦੀ ਭਰਤੀ ਤੁਰੰਤ ਕੀਤੀ ਜਾਵੇ। ਐੱਨ ਜੀ ਓ ਅਧੀਨ ਕੰਮ ਕਰਦੀਆਂ ਵਰਕਰਾਂ ਤੇ ਹੈਲਪਰਾਂ ਨੂੰ ਮੁੱਖ ਵਿਭਾਗ ਅਧੀਨ ਲਿਆਂਦਾ ਜਾਵੇ।

ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ, ਉਤਸ਼ਾਹ ਵਰਧਕ ਰਾਸ਼ੀ ਕ੍ਰਮਵਾਰ ਵਰਕਰ ਤੇ ਹੈਲਪਰ ਨੂੰ 500 ਰੁਪਏ ਤੇ 250 ਰੁਪਏ ਦਿੱਤੇ ਜਾਣ। ਪੀ ਐੱਮ ਵੀ ਵਾਈ ਦੇ 2017 ਤੋਂ ਪੈਡਿੰਗ ਪਏ ਪੈਸੇ ਰਿਲੀਜ਼ ਕੀਤੇ ਜਾਣ। ਮਿੰਨੀ ਆਂਗਣਵਾੜੀ ਵਰਕਰ ਨੂੰ ਪੂਰੀ ਆਂਗਣਵਾੜੀ ਵਰਕਰ ਦਾ ਦਰਜਾ ਦਿੱਤਾ ਜਾਵੇ।

## ਕਾਤਰਾਂ

### ਦਾਜ ਮੰਗਣ ਤੇ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ 'ਚ ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਤੇ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ ਦੋ ਮੈਂਬਰਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਜਗਜੀਤ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 3310 ਸਪੈਸ਼ਲ ਪੀ ਸੀ ਰਾਹੀਂ ਨਵਜੋਤ ਕੌਰ ਪੁੱਤਰੀ ਰਵਿੰਦਰ ਸਿੰਘ ਵਾਸੀ ਪਿੰਡ ਬੇਟੂ ਕਦੀਮ ਨੇ ਦੱਸਿਆ ਕਿ ਉਸ ਦਾ ਵਿਆਹ ਦੋਸ਼ੀ ਮਨਪ੍ਰੀਤ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਗਿਲਕੋ ਵਿਊ ਕਾਲੋਨੀ ਸਤੀਏ ਵਾਲਾ ਨਾਲ 22 ਜੁਲਾਈ 2018 ਨੂੰ ਹੋਇਆ ਸੀ। ਵਿਆਹ ਮੌਕੇ ਉਸ ਦੇ ਪਰਿਵਾਰ ਨੇ ਲੜਕੇ ਮਨਪ੍ਰੀਤ ਸਿੰਘ ਤੇ ਉਸ ਦੇ ਪਰਿਵਾਰ ਦੀ ਮੰਗ ਅਨੁਸਾਰ ਦਾਜ ਦਹੇਜ ਦਿੱਤਾ ਸੀ, ਪਰ ਬਾਅਦ ਵਿਚ ਮਨਪ੍ਰੀਤ ਸਿੰਘ ਤੇ ਉਸ ਦੀ ਮਾਤਾ ਮਾਨ ਕੌਰ ਉਸ ਨੂੰ ਤੰਗ ਪ੍ਰੇਸ਼ਾਨ ਕਰਨ ਲੱਗੇ ਤੇ ਹੋਰ ਦਾਜ ਦੀ ਮੰਗ ਕਰਨ ਲੱਗੇ। ਵਿਆਹੁਤਾ ਨੇ ਦੱਸਿਆ ਕਿ ਉਸ ਦਾ ਇਸਤਰੀ ਧਨ ਖ਼ੁਰਦ ਬੁਰਦ ਕਰ ਦਿੱਤਾ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਮੁਕੱਦਮਾ ਦਰਜ ਰਜਿਸਟਰ ਕੀਤਾ ਹੈ।

### ਗੁਰਸੇਵਕ ਸਿੰਘ ਨੇ ਥਾਣਾ ਸਦਰ ਸਮਾਣਾ ਦਾ ਚਾਰਜ ਸੰਭਾਲਿਆ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਦਰ ਥਾਣਾ ਸਮਾਣਾ ਵਿਖੇ ਗੁਰਸੇਵਕ ਸਿੰਘ ਨੇ ਬਤੌਰ ਥਾਣਾ ਮੁਖੀ



ਅਹੁਦਾ ਵਜੋਂ ਸੰਭਾਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾ ਕਿਹਾ ਕਿ ਐੱਸ.ਐੱਸ.ਪੀ. ਪਟਿਆਲਾ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਨਸ਼ਾ ਵੇਚਣ ਤੇ ਖਰੀਦਣ ਵਾਲਿਆਂ ਖਿਲਾਫ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ ਤੇ ਕਿਸੇ ਨੂੰ ਵੀ ਮੁਆਫ਼ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਪੰਜਾਬ ਪੁਲਸ ਹਰੇਕ ਫਰਿਆਦੀ ਨੂੰ ਇਨਸਾਫ਼ ਦਿਵਾਉਣ ਦੇ ਨਾਲ-ਨਾਲ ਇਲਾਕੇ ਅੰਦਰ ਅਮਨ-ਸ਼ਾਂਤੀ ਬਣਾਏ ਰੱਖਣ ਤੇ ਗਲਤ ਅਨਸਰਾਂ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਕੱਸਣ ਪ੍ਰਤੀ ਵਚਨਬੱਧ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਇਲਾਕੇ ਦਾ ਕੋਈ ਵੀ ਵਿਅਕਤੀ ਸਦਰ ਥਾਣੇ ਵਿੱਚ ਬੇਝਿਜਕ ਆ ਕੇ ਆਪਣੀ ਸਮੱਸਿਆ ਦੱਸ ਸਕਦਾ ਹੈ ਤੇ ਉਸ ਦੀ ਹੱਲ ਹੋਣ ਵਾਲੀ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਹਲਕੇ ਵਿੱਚ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣ ਲਈ ਪੂਰਾ ਸਹਿਯੋਗ ਕੀਤਾ ਜਾਵੇ।

### ਔਰਤ ਨੂੰ ਝਾਂਸੇ 'ਚ ਲੈ ਕੇ ਮਾਰੀ 40 ਲੱਖ ਦੀ ਠੱਗੀ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਡਾਕਖਾਨੇ ਵਿੱਚ ਪੈਸੇ ਜਮ੍ਹਾਂ ਕਰਵਾਉਣ ਲਈ ਔਰਤ ਨੂੰ ਝਾਂਸੇ ਵਿੱਚ ਲੈ ਕੇ ਉਸ ਨਾਲ 40 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਖਿਲਾਫ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏਐੱਸਆਈ ਰਾਜਵੰਤ ਕੌਰ ਨੇ ਦੱਸਿਆ ਕਿ ਦਰਖਾਸਤ ਨੰਬਰ 2518 ਪੀਸੀ ਰਾਹੀਂ ਅਮ੍ਰਿਤੀ ਦੇਵੀ ਪਤਨੀ ਅਜੀਤ ਸਿੰਘ ਵਾਸੀ ਮਕਾਨ ਨੰਬਰ 285 ਹਾਊਸਿੰਗ ਬੋਰਡ ਕਾਲੋਨੀ ਸਿਟੀ ਨੇ ਦੱਸਿਆ ਕਿ ਉਹ ਵਿਕਾਸ ਅਫਸਰ (ਇੰ.ਪਰੋ) ਰਿਟਾਇਰ ਪਤਨੀ ਅਜੀਤ ਸਿੰਘ ਵਾਸੀ 285 ਹਾਊਸਿੰਗ ਬੋਰਡ ਕਲੋਨੀ ਸਿਟੀ ਫਿਰੋਜ਼ਪੁਰ ਨੂੰ ਦੋਸ਼ੀ ਰਾਹੁਲ ਗੱਖੜ ਪੁੱਤਰ ਦੇਸ ਰਾਜ ਵਾਸੀ ਮਕਾਨ ਨੰਬਰ 41 ਗੁਰੂ ਨਾਨਕ ਜ਼ੀਰਾ ਰੋਡ ਸਿਟੀ ਫਿਰੋਜ਼ਪੁਰ ਨੇ ਪੈਸੇ ਡਾਕਖਾਨੇ ਵਿੱਚ ਜਮ੍ਹਾਂ ਕਰਵਾਉਣ ਲਈ ਉਸ ਨੂੰ ਝਾਂਸੇ ਵਿੱਚ ਲੈ ਕੇ ਉਸ ਨਾਲ 40 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਬਾਅਦ ਪੜਤਾਲ ਮੁਕੱਦਮਾ ਦਰਜ ਰਜਿਸਟਰ ਕੀਤਾ ਹੈ।

### ਪ੍ਰੋ. ਉੱਪਲ ਐਮੀਨੈਂਟ ਪ੍ਰੋਫ਼ੈਸਰ ਐਵਾਰਡ ਨਾਲ ਸਨਮਾਨਤ



ਮਲੋਟ (ਗੁਰਮੀਤ ਸਿੰਘ ਮੱਕੜ)-ਮਲੋਟ ਨਿਵਾਸੀ ਪ੍ਰੋ. ਆਰ. ਕੇ. ਉੱਪਲ ਨੇ ਸਿੱਖਿਆ ਤੇ ਖੋਜ ਦੇ ਖੇਤਰ ਵਿੱਚ ਇੱਕ ਅਹਿਮ ਯੋਗਦਾਨ ਪਾਇਆ ਹੈ। ਇਸ ਸਮੇਂ ਉਹ ਬਾਬਾ ਫਰੀਦ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨੋਲਜੀ ਬਠਿੰਡਾ ਵਿੱਚ ਆਪਣੀਆਂ ਸੇਵਾਵਾਂ ਬਤੌਰ ਪ੍ਰਿੰਸੀਪਲ ਨਿਭਾਅ ਰਹੇ ਹਨ, ਨੂੰ ਚੇਨਈ ਟੀਚਰਜ਼ ਕਾਊਂਸਲ, ਤਾਮਿਲਨਾਡੂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਅਹਿਮ ਯੋਗਦਾਨ ਲਈ ਐਮੀਨੈਂਟ ਪ੍ਰੋਫ਼ੈਸਰ-2022 ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪ੍ਰੋ. ਆਰ. ਕੇ. ਉੱਪਲ ਨੂੰ ਬਹੁਤ ਸਾਰੀਆਂ ਸੰਸਥਾਵਾਂ ਨੇ ਪਹਿਲਾਂ ਵੀ ਕਈ ਵਾਰ ਸਨਮਾਨਤ ਕੀਤਾ ਹੈ। ਇਸ ਸ਼ਾਨਦਾਰ ਪ੍ਰਾਪਤੀ 'ਤੇ ਬਹੁਤ ਸਾਰੀਆਂ ਸੰਸਥਾਵਾਂ ਨੇ ਡਾ. ਉੱਪਲ ਨੂੰ ਵਧਾਈ ਦਿੱਤੀ। ਬਾਬਾ ਫਰੀਦ ਗਰੁੱਪ ਆਫ਼ ਇੰਸਟੀਚਿਊਸ਼ਨ ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਡਾ. ਉੱਪਲ ਨੂੰ ਸ਼ਾਨਦਾਰ ਪ੍ਰਾਪਤੀ 'ਤੇ ਦਿਲੋਂ ਵਧਾਈ ਦਿੱਤੀ।

# ਅਭਿਨਵ ਸਿਨਹਾਂ ਵੱਲੋਂ ਬਾਜ਼ ਸਟੱਡ ਫਾਰਮ ਭਾਦਲਾ ਨੀਚਾ ਦਾ ਦੌਰਾ

## ਵਧੀਆ ਨਸਲ ਦੇ ਘੋੜਿਆਂ ਨੂੰ ਦੇਖ ਹੋਇਆ ਹੈਰਾਨ



ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਸਿਆਣੇ ਬਜ਼ੁਰਗਾਂ ਦੀ ਇੱਕ ਕਹਾਵਤ ਹੈ ਕਿ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਹਰੇਕ ਬੰਦਾ ਕੋਈ ਨਾ ਕੋਈ ਸ਼ੌਕ ਜ਼ਰੂਰ ਰੱਖਦਾ ਹੈ। ਇਸੇ ਤਰ੍ਹਾਂ ਘੋੜੇ ਰੱਖਣ ਸ਼ੌਕੀਨ ਜੰਮੂ ਕਸ਼ਮੀਰ ਦੇ ਗਵਰਨਰ ਮਨੋਜ ਸਿਨ੍ਹਾਂ ਦੇ ਲੜਕੇ ਅਭਿਨਵ ਸਿਨ੍ਹਾਂ ਖੰਨਾ ਦੇ ਨੇੜਲੇ ਪਿੰਡ ਭਾਦਲਾ ਨੀਚਾ ਵਿਖੇ ਸ੍. ਬਲਦੇਵ ਸਿੰਘ ਮਾਂਗਟ ਦੇ ਸਪੁੱਤਰ ਸੁਰਿੰਦਰ ਸਿੰਘ ਮਾਂਗਟ ਤੇ ਗੁਰਪ੍ਰੀਤ ਸਿੰਘ ਮਾਂਗਟ ਵੱਲੋਂ ਬਣਾਏ ਬਾਜ ਸਟੱਡ ਫਾਰਮ 'ਚ ਵਧੀਆ ਕਿਸਮ ਦੇ ਘੋੜੇ ਦੇਖਣ ਪਹੁੰਚੇ। ਮਾਂਗਟ ਪਰਿਵਾਰ ਤੇ ਪਿੰਡ ਦੇ ਪਤਵੰਤਿਆਂ ਵੱਲੋਂ ਅਭਿਨਵ ਸਿਨ੍ਹਾਂ ਨੂੰ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ ਗਿਆ। ਖੰਨਾ ਪੁਲਸ ਵੱਲੋਂ ਵੀ ਭਾਰੀ ਫੋਰਸ ਸਮੇਤ ਡੀ ਐੱਸ ਪੀ ਖੰਨਾ ਜੈਜੀ ਵਿਲੀਅਮ, ਡੀ ਐੱਸ ਪੀ ਟ੍ਰੈਫਿਕ ਕਰਨੈਲ ਸਿੰਘ, ਐੱਸ ਐੱਚ ਓ ਥਾਣਾ ਸਦਰ ਇੰਸਪੈਕਟਰ ਨਛੱਤਰ ਸਿੰਘ, ਐੱਸ ਐੱਚ ਓ ਥਾਣਾ ਸਿਟੀ 2 ਸੰਦੀਪ ਕੁਮਾਰ ਭਾਰੀ ਫੋਰਸ ਸਮੇਤ ਪਹੁੰਚੇ ਹੋਏ ਸਨ। ਅਭਿਨਵ ਸਿਨ੍ਹਾਂ ਬਾਜ ਸਟੱਡ ਫਾਰਮ ਵਿੱਚ ਰੱਖੇ ਵੱਖ ਨਸਲਾਂ ਦੇ ਘੋੜਿਆਂ ਨਾਲ ਕੁਝ ਸਮਾਂ ਬਤੀਤ ਕੀਤਾ। ਇਸ ਮੌਕੇ ਅਭਿਨਵ ਸਿਨ੍ਹਾਂ ਨੇ ਕਿਹਾ ਕਿ ਮੈਂ ਭਾਰਤ ਦੇ ਸਾਰੇ ਸੂਬਿਆਂ ਵਿੱਚ ਬਣੇ ਸਟੱਡ ਫਾਰਮਾਂ ਵਿੱਚ ਜਾਂਦਾ ਰਹਿੰਦਾ ਹਾਂ, ਪਰ ਅੱਜ ਮੈਂ ਬਾਜ ਨਾਂ ਦਾ ਘੋੜਾ ਵੇਖ ਕੇ ਬਹੁਤ ਹੈਰਾਨ ਰਹਿ ਗਿਆ। ਇਸ ਵਾਰ ਨਾਮ ਦੇ ਘੋੜੇ ਦੀ ਲੰਬਾਈ ਬਹੁਤ ਜ਼ਿਆਦਾ ਹੈ ਤੇ ਉਚਾਈ 69 ਇੰਚ ਹੈ, ਜਿਹੜੀ ਕਿ ਦੇਸ਼ ਭਰ ਦੇ ਸਾਰੇ ਸਟੱਡ ਫਾਰਮ ਦੇ ਘੋੜਿਆਂ ਨਾਲੋਂ ਜ਼ਿਆਦਾ ਹੈ। ਇਹ ਵੀ ਇੱਕ ਕੁਦਰਤ ਦਾ ਕ੍ਰਿਸ਼ਮਾ ਹੈ। ਇਸ ਮੌਕੇ ਬਲਦੇਵ ਸਿੰਘ ਮਾਂਗਟ ਦੇ ਸਪੁੱਤਰ ਗੁਰਪ੍ਰੀਤ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾ ਕਿਹਾ ਸਾਡੇ ਵੀ ਸਾਰੇ ਪ੍ਰਵਾਰ ਦੇ ਕੱਦ ਬਹੁਤ ਲੰਬੇ ਹਨ, ਅਸੀਂ ਘੋੜੇ ਵੀ ਉੱਚੇ ਕੱਦ ਬਾਲੇ ਰੱਖਦੇ ਹਾਂ। ਅਸੀਂ ਘੋੜੇ ਸਿਰਫ ਸ਼ੌਕ ਲਈ ਹੀ ਪਾਲਦੇ ਹਾਂ। ਇਸ ਮੌਕੇ ਨੰਬਰਦਾਰ ਦਰਸ਼ਨ ਸਿੰਘ ਮਾਂਗਟ, ਬਲਵੀਰ ਸਿੰਘ ਮਾਂਗਟ, ਗੁਰਬਾਜ ਸਿੰਘ ਮਾਂਗਟ, ਸਰਪੰਚ ਰਘਵੀਰ ਸਿੰਘ ਬਿੱਲੂ, ਕੁਲਵਿੰਦਰ ਸਿੰਘ ਬੈਨੀਪਾਲ, ਗੁਰਦੀਪ ਸਿੰਘ ਗਰੇਵਾਲ, ਪ੍ਰਦੀਪ ਸਿੰਘ ਦੀਪ ਚਾਹਿਲ, ਟੋਨੀ ਗਰੇਵਾਲ, ਰਜਿੰਦਰ ਸਿੰਘ ਕਾਕਾ ਭਾਦਲਾ, ਅਮਨਦੀਪ ਸਿੰਘ ਚੀਮਾ, ਭਗਵੰਤ ਸਿੰਘ, ਆਪ ਆਗੂ ਚਰਨਜੀਤ ਸਿੰਘ ਚੰਨਾ, ਜਤਿਨ ਕਮਾਰ ਆਦਿ ਹਾਜ਼ਰ ਸਨ।

# ਗੈੱਸਟ ਫੈਕਲਟੀ ਨੇ ਸਰਕਾਰ ਨੂੰ ਲਗਾਈ ਗੁਹਾਰ



ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਸਰਕਾਰੀ ਕਾਲਜ ਨਿਆਲ-ਪਾਤੜਾਂ ਦੇ ਇਲਿਜੀਬਲ ਗੈਸਟ ਫੈਕਲਟੀ ਨੇ ਸੂਬਾ ਸਰਕਾਰ ਵੱਲੋਂ 645 ਲੈਕਚਰਾਰ ਕਾਲਜ ਕੇਡਰ ਦੀ ਭਰਤੀ ਬਾਰੇ ਕੀਤੇ ਐਲਾਨ ਦੇ ਮੱਦੇਨਜ਼ਰ ਕਿਹਾ ਕਿ ਇਹ ਭਰਤੀ ਪਹਿਲਾਂ ਤੋਂ ਰੈਗੂਲਰ ਪ੍ਰੋਫੈਸਰਾਂ ਦੀ ਤਰ੍ਹਾਂ ਕੰਮ ਕਰਦੇ ਗੈਸਟ ਫੈਕਲਟੀ ਨੂੰ ਦਰਕਿਨਾਰ ਕਰਕੇ ਕੀਤੀ ਜਾ ਰਹੀ ਹੈ, ਜੋ ਕਿ ਨਾ-ਮਾਤਰ ਮਾਣਭੱਤੇ 'ਤੇ ਕੰਮ ਕਰਨ ਵਾਲੇ ਗੈਸਟ ਅਧਿਆਪਕਾਂ ਨਾਲ ਸਰਾਸਰ ਬੇਇਨਸਾਫੀ ਹੈ। ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਪ੍ਰੋ. ਗੁਰਜੀਤ ਸਿੰਘ ਨੇ ਕਿਹਾ ਕਿ ਸਰਕਾਰ ਹਮੇਸ਼ਾ ਹੀ ਇਲਿਜੀਬਲ ਗੈਸਟ ਫੈਕਲਟੀ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਹੈ, ਕਿਉਂਕਿ ਪੰਜਾਬ ਸਰਕਾਰ ਇਕ ਪਾਸੇ ਏਡਿਡ ਕਾਲਜਾਂ ਵਿੱਚ ਭਰਤੀ ਕੀਤੇ ਸਹਾਇਕ ਪ੍ਰੋਫੈਸਰਾਂ ਨੂੰ ਪੱਕਾ ਕਰਦੀ ਰਹੀ ਹੈ ਤੇ ਦੂਜੇ ਪਾਸੇ ਗੈਸਟ ਫੈਕਲਟੀ ਨੂੰ ਹਮੇਸ਼ਾ ਅਣਗੌਲ਼ਿਆ ਹੀ ਕੀਤਾ ਜਾਂਦਾ ਰਿਹਾ ਹੈ, ਜਦੋਂ ਕਿ ਦੋਵਾਂ ਦੀ ਭਰਤੀ ਪ੍ਰੀਕਿਰਿਆ ਲਗਭਗ ਇਕ ਸਮਾਨ ਹੈ। ਗੈਸਟ ਅਧਿਆਪਕਾਂ ਦੇ ਮਾਣਭੱਤੇ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੇ ਵਾਧੇ ਦੌਰਾਨ ਵੀ ਇਲਿਜੀਬਿਲਟੀ ਨੂੰ ਭੁੱਲਾ ਕੇ ਮਹਿਜ ਸਾਲਾਂ ਦੇ ਅਧਾਰਤ ਪਾਲਿਸੀ ਬਣਾਈ ਗਈ, ਜਿਸ ਤਹਿਤ ਬਹੁ-ਗਿਣਤੀ ਇਲਿਜੀਬਲ ਗੈਸਟ ਫੈਕਲਟੀ ਸਿਰਫ 33600 ਪ੍ਰਤੀ ਮਹੀਨਾ ਮਾਣਭੱਤਾ ਹੀ ਪ੍ਰਾਪਤ ਕਰੇਗੀ, ਜਦੋਂਕਿ ਗੁਆਂਢੀ ਸੂਬੇ ਹਰਿਆਣਾ ਵਿੱਚ ਇਲਿਜੀਬਲ ਗੈਸਟ ਫੈਕਲਟੀ ਨੂੰ 57,700 ਰੁਪਏ ਪ੍ਰਤੀ ਮਹੀਨਾ ਮਾਣਭੱਤਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ੍ਰੀ ਅਰਵਿੰਦ ਕੇਜਰੀਵਾਲ ਆਪ ਸੁਪਰੀਮੋ ਵੱਲੋਂ ਪੰਜਾਬ ਦੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਨੂੰ ਪਹਿਲ ਦੇ ਆਧਾਰ 'ਤੇ ਪੱਕਾ ਕਰਨ ਦਾ ਐਲਾਨ ਕੀਤਾ ਗਿਆ ਸੀ, ਪ੍ਰੰਤੂ ਮੌਜੂਦਾ ਸਰਕਾਰ ਹੁਣ ਇਸ ਐਲਾਨ ਤੋਂ ਮੁੱਖ ਮੋੜਦੀ ਦਿਖਾਈ ਦੇ ਰਹੀ ਹੈ। ਕਾਲਜ ਇੰਚਾਰਜ ਪ੍ਰੋ. ਬਲਕਾਰ ਸਿੰਘ ਨੇ ਦੱਸਿਆ ਕਿ ਸਰਕਾਰ ਪਹਿਲਾਂ ਤੋਂ ਸਰਕਾਰੀ ਕਾਲਜਾਂ ਵਿੱਚ ਕੰਮ ਕਰਦੇ ਲੱਗਭੱਗ 450 ਯੋਗਤਾ ਪ੍ਰਾਪਤ ਕੱਚੇ ਲੈਕਚਰਾਰਾਂ ਨੂੰ ਪੱਕਾ ਕਰਨ ਦੀ ਥਾਂ ਨਵੀਂ ਭਰਤੀ ਕਰਕੇ ਉਚੇਰੀ ਸਿੱਖਿਆ ਦੇ ਤਾਣੇ-ਬਾਣੇ ਨੂੰ ਸੁਲਝਾਉਣ ਦੀ ਥਾਂ ਹੋਰ ਉਲਝਾਉਂਦੀ ਪ੍ਰਤੀਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਜੇਕਰ ਸਾਡਾ ਕੋਈ ਹੱਲ ਨਾ ਕੀਤਾ ਤਾਂ ਹਮੇਸ਼ਾ ਸਾਡੇ ਸਿਰ 'ਤੇ ਪੋਸਟਾਂ ਵਾਲੀ ਤਲਵਾਰ ਲਟਕਦੀ ਰਹੇਗੀ ਤੇ ਅਸੀਂ ਆਪਣਾ ਕਾਰਜ-ਕਾਲ ਪੂਰਾ ਕਰਦੇ ਖਾਲੀ ਹੱਥ ਘਰਾਂ ਨੂੰ ਪਰਤਦੇ ਰਹਾਂਗੇ।

ਉਨ੍ਹਾਂ ਮਾਨ ਸਰਕਾਰ ਨੂੰ ਗੁਹਾਰ ਲਗਾਈ ਕਿ ਚੋਣਾਂ ਤੋਂ ਪਹਿਲਾਂ ਸ੍ਰੀ ਅਰਵਿੰਦ ਕੇਜਰੀਵਾਲ ਦੇ ਕੀਤੇ ਐਲਾਨ 'ਤੇ ਖਰਾ ਉਤਰਦਿਆਂ ਪਹਿਲ ਦੇ ਅਧਾਰ 'ਤੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਨੂੰ ਪੱਕਾ ਕੀਤਾ ਜਾਵੇ ਤੇ ਉਸ ਉਪਰੰਤ ਨਿਰੋਲ ਖਾਲੀ ਆਸਾਮੀਆਂ 'ਤੇ ਨਵੀਂ ਭਰਤੀ ਕੀਤੀ ਜਾਵੇ। ਇਸ ਮੌਕੇ ਪ੍ਰੋ. ਰਮਨਜੀਤ ਕੌਰ, ਪ੍ਰੋ. ਹਰਮੀਤ ਸਿੰਘ, ਪ੍ਰੋ. ਜਗਦੀਸ਼ ਸਿੰਘ, ਪ੍ਰੋ. ਮਨੋਜ ਕੁਮਾਰ ਹਾਜ਼ਰ ਸਨ।

# ਸਨਮਤੀ ਸਕੂਲ ਦੇ ਪੰਜ ਵਿਦਿਆਰਥੀ ਪ੍ਰਾਇਡ ਆਫ ਪੰਜਾਬ ਐਵਾਰਡ ਨਾਲ ਸਨਮਾਨਤ



ਜਗਰਾਉਂ (ਅਮਿਤ ਖੰਨਾ)

ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਪੰਜ ਵਿਦਿਆਰਥੀਆਂ ਨੂੰ ਉਨ੍ਹਾਂ ਵੱਲੋਂ ਬਾਰਵੀਂ ਤੇ ਦੱਸਵੀਂ ਬੋਰਡ ਦੇ ਇਮਤਿਹਾਨ 'ਚੋਂ 98 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ 'ਤੇ ਫੈਪ ਦੁਆਰਾ ਚੰਡੀਗੜ੍ਹ ਯੂਨੀਵਰਸਿਟੀ 'ਚ ਆਯੋਜਤ ਨੈਸ਼ਨਲ ਐਵਾਰਡ 2022 ਵਿੱਚ 'ਪ੍ਰਾਇਡ ਆਫ ਪੰਜਾਬ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਦੱਸਿਆ ਕਿ ਸਕੂਲ ਦੀ ਬਾਰਵੀਂ ਕਾਮਰਸ ਗਰੁੱਪ ਦੀ ਪ੍ਰੀਆ ਨੇ 98.8 ਫੀਸਦੀ, ਪ੍ਰਗਤੀ ਗੋਇਲ ਨੇ 98.6 ਫੀਸਦੀ, ਹਰਮਨਪ੍ਰੀਤ ਕੌਰ ਨੇ 98.2, ਫੀਸਦੀ ਸਾਇੰਸ ਗਰੁੱਪ ਦੀ ਗੁਰਲੀਨ ਕੌਰ 98 ਫੀਸਦੀ ਤੇ ਦਸਵੀਂ ਦੀ ਵਿਦਿਆਰਥਣ ਮੁਸਕਾਨ 98.15 ਅੰਕ ਹਾਸਲ ਕੀਤੇ ਸਨ, ਜਿਸ ਕਰਕੇ ਉਨ੍ਹਾਂ ਨੂੰ ਇਹ ਐਵਾਰਡ ਮਿਲਿਆ ਹੈ।

ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਾਰੇ ਅਧਿਆਪਕ ਤੇ ਵਿਦਿਆਰਥੀਆਂ ਨੇ ਐਵਾਰਡ ਪ੍ਰਾਪਤ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ। ਇਨ੍ਹਾਂ ਵਿਦਿਆਰਥੀਆਂ ਦੇ ਸਕੂਲ ਪਹੁੰਚਣ 'ਤੇ ਸਕੂਲ ਦੇ ਪ੍ਰਧਾਨ ਰਮੇਸ਼ ਜੈਨ, ਡਾਇਰੈਕਟਰ ਸ਼ਸ਼ੀ ਜੈਨ, ਪ੍ਰਿੰ: ਸੁਪ੍ਰਿਆ ਖੁਰਾਣਾ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਲੈਕ: ਨਵਦੀਪ ਬਾਵਾ, ਲੈਕ: ਸਨੀ ਪਾਸੀ, ਬਬਲੀ ਗੋਇਲ, ਅੰਜੂ ਕੌਸ਼ਲ ਹਾਜ਼ਰ ਸਨ।

# ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਤੁਰੰਤ ਹੱਲ ਕਰੇ ਸਰਕਾਰ : ਡੱਲੇਵਾਲ



ਮਹਿਲ ਕਲਾਂ (ਬਲਵਿੰਦਰ ਵਜੀਦਕੇ)

ਪੰਜਾਬ ਸਰਕਾਰ ਨੂੰ ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਤੁਰੰਤ ਹੱਲ ਕਰਨ ਲਈ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ, ਕਿਉਂਕਿ ਅਵਾਰਾ ਪਸ਼ੂਆਂ ਕਾਰਨ ਅਨੇਕਾਂ ਮਨੁੱਖੀ ਜਾਨਾਂ ਹਾਦਸਿਆਂ 'ਚ ਅਜਾਈਂ ਜਾ ਰਹੀਆਂ ਹਨ। ਇਹ ਵਿਚਾਰ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਪਿੰਡ ਸਹਿਜੜਾ ਵਿਖੇ ਜਥੇਬੰਦੀ ਦੇ ਇਕਾਈ ਪ੍ਰਧਾਨ ਕੁਲਦੀਪ ਸਿੰਘ ਬਾਜਵਾ ਦੇ ਪਿਛਲੇ ਦਿਨੀਂ ਸੜਕ ਹਾਦਸੇ ਵਿਚ ਜਖਮੀ ਹੋਏ ਸਪੁੱਤਰ ਦੀ ਸਿਹਤ ਦਾ ਹਾਲ-ਚਾਲ ਪੁੱਛਣ ਉਪਰੰਤ ਪੱਤਰਕਾਰਾਂ ਨਾਲ ਗੱਲ ਕਰਦਿਆਂ ਸਾਂਝੇ ਕੀਤੇ। ਉਨ੍ਹਾ ਕਿਹਾ ਕਿ ਡਬਲਬਲਯੂ.ਟੀ.ਓ. ਵਿੱਚੋਂ ਬਾਹਰ ਨਿਕਲਣ ਲਈ ਭਾਰਤ ਸਰਕਾਰ ਉਤੇ ਦਬਾਅ ਬਣਾਇਆ ਜਾਵੇਗਾ, ਕਿਉਂਕਿ ਕਿਸਾਨਾਂ ਤੇ ਮਜ਼ਦੂਰਾਂ ਦੀ ਕੁੱਲ ਕਰਜ਼ਾ ਮੁਕਤੀ ਤੇ ਮੋਰਚੇ ਦੀਆਂ ਹੋਰ ਰਹਿੰਦੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਮੰਗ ਜ਼ੋਰਦਾਰ ਢੰਗ ਨਾਲ ਉਠਾਈ ਜਾਵੇਗੀ। ਕਿਸਾਨੀ ਮੋਰਚੇ ਦੇ ਸ਼ਹੀਦਾਂ ਦੀ ਯਾਦ ਵਿੱਚ 9 ਦਸੰਬਰ ਨੂੰ ਸਿੰਘੂ ਬਾਰਡਰ ਵਿਖੇ ਸ੍ਰੀ ਅਖੰਡ ਪਾਠ ਪ੍ਰਕਾਸ਼ ਹੋਵੇਗਾ, ਜਿਸ ਦਾ ਭੋਗ 11 ਦਸੰਬਰ ਨੂੰ ਪਵੇਗਾ ਤੇ ਇਸ ਉਪਰੰਤ ਕਿਸਾਨ ਆਗੂ ਕੇਂਦਰ ਸਰਕਾਰ ਨੂੰ ਮੰਗਾਂ ਸਬੰਧੀ ਮੰਗ-ਪੱਤਰ ਭੇਜਣਗੇ। ਉਨ੍ਹਾਂ ਦੱਸਿਆ ਕਿ ਕਿਸਾਨਾਂ ਵਿੱਚ ਸਿੰਘੂ ਬਾਰਡਰ ਜਾਣ ਲਈ ਪੂਰਾ ਉਤਸ਼ਾਹ ਹੈ। ਉਨ੍ਹਾ ਦੱਸਿਆ ਕਿ ਭਾਕਿਯੂ ਸਿੱਧੂਪੁਰ ਸਮੇਤ ਪੰਜਾਬ ਦੇ ਸਮੂਹ ਕਿਸਾਨਾਂ ਨੂੰ ਦਿੱਲੀ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਲਖੀਮਪੁਰ ਖੀਰੀ ਕਾਂਡ ਪੀੜਤ ਪਰਿਵਾਰਾਂ ਨੂੰ ਇਨਸਾਫ ਦਿੱਤਾ ਜਾਵੇ, ਜੇਲ੍ਹਾਂ ਵਿੱਚ ਬੰਦ ਬੇਦੋਸ਼ੇ ਕਿਸਾਨਾਂ ਨੂੰ ਬਾਹਰ ਕੱਢਿਆ ਜਾਵੇ, ਕਤਲ ਕਾਂਡ ਦੇ ਕਥਿਤ ਮੁੱਖ ਦੋਸ਼ੀ ਕੇਂਦਰੀ ਰਾਜ ਮੰਤਰੀ ਨੂੰ ਬਰਖਾਸਤ ਕਰਕੇ ਜੇਲ੍ਹ ਭੇਜਿਆ ਜਾਵੇ, ਬਿਜਲੀ ਸੋਧ ਬਿੱਲ ਰੱਦ ਕੀਤਾ ਜਾਵੇ, ਕਿਸਾਨੀ ਸੰਘਰਸ਼ ਦੌਰਾਨ ਸਾਰੇ ਭਾਰਤ ਵਿਚ ਕਿਸਾਨਾਂ ਉਪਰ ਦਰਜ ਹੋਏ ਪਰਚੇ ਰੱਦ ਕੀਤੇ ਜਾਣ, ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ।

ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਸਪਾਲ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਕਰਨੈਲ ਸਿੰਘ ਗਾਂਧੀ ਸਹਿਜੜਾ, ਮਨਜੀਤ ਸਿੰਘ ਸਹਿਜੜਾ, ਬਲਾਕ ਆਗੂ ਜੋਰਾ ਸਿੰਘ, ਗੁਰਮੇਲ ਸਿੰਘ ਕਲਾਲਾ, ਬਲਵਿੰਦਰ ਸਿੰਘ, ਬਾਜਵਾ, ਮੋਹਣ ਲਾਲ ਆਦਿ ਹਾਜ਼ਰ ਸਨ।

# ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਸ਼ਹਿਰਾਂ ਦੀਆਂ ਹੱਦਾਂ ਨੂੰ ਵਧਾਇਆ ਜਾਵੇਗਾ : ਨਿੱਜਰ

## ਦੀਪਕ ਅਰੋੜਾ ਨੂੰ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀ ਕੁਰਸੀ 'ਤੇ ਬਿਠਾਇਆ



ਮੋਗਾ (ਅਮਰਜੀਤ ਬੱਬਰੀ)-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਕੈਬਨਿਟ ਮੰਤਰੀ ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਹੈ ਕਿ ਸੂਬੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਸ਼ਹਿਰਾਂ ਦੀਆਂ ਹੱਦਾਂ ਨੂੰ ਵਧਾਇਆ ਜਾਵੇਗਾ। ਉਹ ਇਥੇ ਨਗਰ ਸੁਧਾਰ ਟਰੱਸਟ ਮੋਗਾ ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਦੀਪਕ ਅਰੋੜਾ ਵੱਲੋਂ ਅਹੁਦਾ ਸੰਭਾਲਣ ਮੌਕੇ ਰੱਖੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸ੍. ਨਿੱਜਰ ਨੇ ਕਿਹਾ ਕਿ ਪੰਜਾਬ ਵਿੱਚ ਸ਼ਹਿਰੀ ਆਬਾਦੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਕਾਰਨ ਲੋਕਾਂ ਨੂੰ ਰਹਿਣ ਦੀ ਸਮੱਸਿਆ ਵੀ ਪੇਸ਼ ਆ ਰਹੀ ਹੈ। ਲੋਕਾਂ ਦੀ ਇਸ ਮੁਸ਼ਕਲ ਨੂੰ ਆਸਾਨ ਕਰਨ ਲਈ ਨਵੀਆਂ ਕਲੋਨੀਆਂ ਵਿਕਸਤ ਕਰਕੇ ਸ਼ਹਿਰਾਂ ਦੀਆਂ ਹੱਦਾਂ ਨੂੰ ਵਧਾਇਆ ਜਾਵੇਗਾ।

ਉਨ੍ਹਾ ਕਿਹਾ ਕਿ ਸ਼ਹਿਰਾਂ ਦੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਨਅਤੀ ਪਾਰਕਾਂ ਵੀ ਸਥਾਪਤ ਕੀਤੀਆਂ ਜਾ ਰਹੀਆਂ ਹਨ, ਜਿਸ ਦੀ ਸ਼ੁਰੂਆਤ ਲੁਧਿਆਣਾ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕੀਤੀ ਜਾ ਚੁੱਕੀ ਹੈ। ਜਲਦੀ ਹੀ ਮੋਗਾ ਵਿੱਚ ਵੀ ਇਸ ਦਿਸ਼ਾ ਵਿੱਚ ਕੰਮ ਸ਼ੁਰੂ ਹੋਵੇਗਾ। ਉਨ੍ਹਾ ਦੀਪਕ ਅਰੋੜਾ ਨੂੰ ਚੇਅਰਮੈਨੀ ਮਿਲਣ ਉੱਤੇ ਵਧਾਈ ਦਿੰਦਿਆਂ ਕਿਹਾ ਕਿ ਫਾਉਂਡਰ ਪਾਰਟੀ ਵਰਕਰਾਂ ਨੂੰ ਆਪ ਪਾਰਟੀ ਵੱਲੋਂ ਪੂਰਾ ਮਾਣ ਤੇ ਸਤਿਕਾਰ ਦਿੱਤਾ ਜਾਂਦਾ ਰਹੇਗਾ। ਭਵਿੱਖ ਵਿੱਚ ਵਲੰਟੀਅਰਾਂ ਨੂੰ ਮੈਰਿਟ ਦੇ ਆਧਾਰ ਉੱਤੇ ਅਹੁਦੇਦਾਰੀਆਂ ਮਿਲਣਗੀਆਂ। ਉਨ੍ਹਾ ਨਗਰ ਨਿਗਮ ਦਿੱਲੀ ਚੋਣਾਂ ਵਿੱਚ ਲੋਕਾਂ ਵੱਲੋਂ ਦਿੱਤੇ ਗਏ ਵੱਡੇ ਹੁੰਗਾਰੇ ਲਈ ਦਿੱਲੀ ਦੇ ਵੋਟਰਾਂ ਦਾ ਧੰਨਵਾਦ ਕੀਤਾ। ਹਲਕਾ ਮੋਗਾ ਦੀ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ, ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁੱਖਾਨੰਦ ਤੇ ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕਿ ਆਪ ਪਾਰਟੀ ਵੱਲੋਂ ਆਮ ਵਰਕਰਾਂ ਨੂੰ ਅਹੁਦੇਦਾਰੀਆਂ ਨਾਲ ਨਿਵਾਜਿਆ ਜਾ ਰਿਹਾ ਹੈ। ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ।

ਇਨ੍ਹਾਂ ਦਾ ਦੇਣਾ ਨਹੀਂ ਦਿੱਤਾ ਜਾ ਸਕਦਾ। ਚੇਅਰਮੈਨ ਦੀਪਕ ਅਰੋੜਾ ਨੇ ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਸਾਬਕਾ ਲੋਕ ਸਭਾ ਮੈਂਬਰ ਪ੍ਰੋਫੈਸਰ ਸਾਧੂ ਸਿੰਘ, ਨਗਰ ਨਿਗਮ ਕਮਿਸ਼ਨਰ ਸ੍ਰੀਮਤੀ ਜਯੋਤੀ ਬਾਲਾ ਮੱਟੂ, ਹਰਮਨਜੀਤ ਸਿੰਘ ਬਰਾੜ ਜ਼ਿਲ੍ਹਾ ਪ੍ਰਧਾਨ ਆਪ, ਅਮਨ ਰੱਖੜਾ ਮੀਡੀਆ ਇੰਚਾਰਜ ਜ਼ਿਲ੍ਹਾ ਮੋਗਾ, ਨਵਦੀਪ ਵਾਲੀਆ ਤੇ ਵੱਡੀ ਗਿਣਤੀ 'ਚ ਆਮ ਲੋਕ ਹਾਜ਼ਰ ਸਨ।

# ਸਟੇਟ ਬੈਂਕ ਆਫ ਇੰਡੀਆ ਵੱਲੋਂ ਪ੍ਰੋਗਰੈਸਿਵ ਫਾਰਮਰ ਮੀਟਿੰਗ



ਸੰਗਰੂਰ (ਪ੍ਰਵੀਨ ਸਿੰਘ)-ਸਟੇਟ ਬੈਂਕ ਆਫ ਇੰਡੀਆ ਦੇ 5 ਸੰਗਰੂਰ ਵੱਲੋਂ ਮੂਨਲਾਈਟ ਹੋਟਲ, ਸੰਗਰੂਰ ਵਿਖੇ ਪ੍ਰੋਗਰੈਸਿਵ ਫਾਰਮਰ ਮੀਟਿੰਗ ਦਾ ਆਯੋਜਨ ਡਾ. ਮਨਦੀਪ ਸਿੰਘ ਡਾਇਰੈਕਟਰ (ਖੇੜੀ), ਡਾ. ਅਮਰਜੀਤ ਸਿੰਘ ਮਾਨ (ਜੈਵਿਕ ਫਾਰਮਰ ਗਰੁੱਪ), ਡਾ. ਹਰਦੀਪ ਸਿੰਘ ਡਾਇਰੈਕਟਰ (ਬਾਗਬਾਨੀ ਵਿਭਾਗ), ਚਰਨਜੀਤ ਸਿੰਘ (ਡਾਇਰੀ ਵਿਭਾਗ ਸੰਗਰੂਰ) ਅਤੇ ਗੁਰਦੀਪ ਸਿੰਘ (ਪੰਜਾਬ ਐਗਰੋ) ਨੇ ਮੁੱਖ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਸਟੇਟ ਬੈਂਕ ਆਫ ਇੰਡੀਆ ਵੱਲੋਂ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ। ਉਹਨਾਂ ਨੇ ਆਪਣੇ-ਆਪਣੇ ਵਿਭਾਗਾਂ ਦੀਆਂ ਸਕੀਮਾਂ ਬਾਰੇ ਵਿਸ਼ੇਸ਼ ਜਾਣਕਾਰੀ ਸਾਂਝੀ ਕੀਤੀ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋ ਸਕੇ। ਇਸ ਮੀਟਿੰਗ ਵਿੱਚ ਜ਼ਿਲ੍ਹਾ ਸੰਗਰੂਰ ਦੇ ਲਗਭਗ 15 ਪਿੰਡਾਂ ਤੋਂ 100 ਤੋਂ ਵੀ ਵੱਧ ਕਿਸਾਨ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਸਾਰੇ ਵਿਭਾਗਾਂ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਵੱਖ-ਵੱਖ ਤਰੀਕਿਆਂ ਨਾਲ ਉਹਨਾਂ ਦੀ ਆਮਦਨ ਵਧਾਉਣ ਲਈ ਵਿਭਾਗਾਂ ਦੀਆਂ ਸਕੀਮਾਂ ਅਤੇ ਟ੍ਰੇਨਿੰਗਾਂ ਬਾਰੇ ਵਿਸਥਾਰ ਨਾਲ ਦੱਸਿਆ ਜਿਵੇਂ ਕਿ ਉਹ ਖੇਤੀਬਾੜੀ ਦੇ ਨਾਲ ਲਗਦੇ ਸਹਾਇਕ ਧੰਦਿਆਂ ਨਾਲ ਆਪਣਾ ਕਾਰੋਬਾਰ ਵਧਾ ਸਕਦੇ ਹਨ। ਬਾਗਬਾਨੀ ਵਿੱਚ ਵੀ ਕਈ ਤਰ੍ਹਾਂ ਦੇ ਧੰਦਿਆਂ ਲਈ ਟ੍ਰੇਨਿੰਗ ਲੈ ਕੇ ਬੈਂਕਾਂ ਤੋਂ ਕਰਜ਼ਾ ਲੈ ਕੇ ਆਪਣਾ ਰੋਜ਼ਗਾਰ ਸ਼ੁਰੂ ਕਰਨ ਬਾਰੇ ਦੱਸਿਆ। ਡੇਅਰੀ ਉਦਯੋਗ ਵਿੱਚ ਪਸ਼ੂ ਪਾਲਣ ਜਿਵੇਂ ਗਊਆਂ, ਮੱਝਾਂ ਅਤੇ ਸ਼ੈਡ ਬਣਾਉਣ ਲਈ ਬੈਂਕ ਲੋਨ ਤੇ ਸਬਸਿਡੀ, ਟ੍ਰੇਨਿੰਗ ਆਦਿ। ਇਸ ਤੋਂ ਇਲਾਵਾ ਜੈਵਿਕ ਫਾਰਮਿੰਗ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਰੂਰ ਵਿਖੇ ਇਕ ਪਹਿਲ ਨਾਲ ਮੰਡੀ ਲਗਾਈ ਜਾਂਦੀ ਹੈ, ਜਿਸ ਵਿਚ ਸਾਰੇ ਜੈਵਿਕ ਪ੍ਰੋਡਕਟ ਕਿਸਾਨਾਂ ਵੱਲੋਂ ਵੇਚੇ ਤੇ ਖਰੀਦੇ ਜਾਂਦੇ ਹਨ। ਉਸ ਤੋਂ ਬਾਅਦ ਸਟੇਟ ਬੈਂਕ ਆਫ ਇੰਡੀਆ ਵੱਲੋਂ ਮਨਦੀਪ ਸਿੰਘ ਮੈਨੇਜਰ ਅਤੇ ਤਬਰੇਜ ਅੰਸਾਰੀ ਡਿਪਟੀ ਮੈਨੇਜਰ ਨੇ ਕਿਸਾਨਾਂ ਨੂੰ ਬੈਂਕ ਸਕੀਮਾਂ, ਮੁਦਰਾ ਲੋਨ, ਟ੍ਰੈਕਟਰ ਲੋਨ, ਗੋਲਡ ਲੋਨ, ਸਵੈ-ਰੋਜ਼ਗਾਰ ਲੋਨ, ਡੇਅਰੀ ਲੋਨ ਆਦਿ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੀਟਿੰਗ ਵਿੱਚ ਸ਼ਾਲਿਨੀ ਮਿੱਤਲ (ਚੀਫ ਮੈਨੇਜਰ 51, ਸੰਗਰੂਰ ) ਅਤੇ ਸ੍ਰੀ ਸੰਜੀਵ ਅਗਰਵਾਲ ( ਸੰਗਰੂਰ) ਸ਼ਾਮਲ ਸਨ। ਕਪਿਲ ਜੋਸੀ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ।

# ਐੱਮ ਸੀ ਡੀ ਚੋਣਾਂ 'ਚ ਜਿੱਤ ਦੀ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ 'ਚ ਲੱਡੂ ਵੰਡ ਕੇ ਖੁਸ਼ੀ ਮਨਾਈ


ਦਿੱਲੀ ਐੱਮ ਸੀ ਡੀ ਚੋਣਾਂ ਜਿੱਤਣ ਦੀ ਖੁਸ਼ੀ 'ਚ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਲੱਡੂ ਵੰਡ ਕੇ ਜਸ਼ਨ ਮਨਾਉਂਦੇ ਆਪ ਵਲੰਟੀਅਰ।

ਨਾਭਾ (ਵਰਿੰਦਰ ਵਰਮਾ)-ਦਿੱਲੀ ਵਿੱਚ ਹੋਈਆਂ ਐੱਮ.ਸੀ.ਡੀ. ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਨਾਭਾ ਸ਼ਹਿਰ ਵਿੱਚ ਆਮ ਆਦਮੀ ਪੰਜਾਬ ਦੇ ਸੀਨੀਅਰ ਆਗੂ ਜੱਸੀ ਸੋਹੀਆਂ ਵਾਲਾ ਚੇਅਰਮੈਨ ਜ਼ਿ?ਲਾ ਯੋਜਨਾ ਬੋਰਡ ਪਟਿਆਲਾ ਦੀ ਅਗਵਾਈ ਹੇਠ ਆਪ ਵਲੰਟੀਅਰਾਂ ਨੇ ਲੱਡੂ ਵੰਡ ਕੇ ਖੁਸ਼ੀ ਦੇ ਜਸ਼ਨ ਮਨਾਏ। ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਦਿੱਲੀ ਵਿੱਚ ਕੇਜਰੀਵਾਲ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕਪੱਖੀ ਕੰਮਾਂ ਤੇ ਰਿਕਾਰਡਤੋੜ ਵਿਕਾਸ ਸਦਕਾ ਅੱਜ ਦਿੱਲੀ ਦੇ ਲੋਕਾਂ ਨੇ ਐੱਮ ਸੀ ਡੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਕੇ ਕੇਜਰੀਵਾਲ ਸਰਕਾਰ ਦੇ ਇਮਾਨਦਾਰੀ ਨਾਲ ਕੀਤੇ ਚੰਗੇ ਕੰਮਾਂ ਦਾ ਮੁੱਲ ਮੋੜਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਆਗੂ ਸਤਗੁਰ ਸਿੰਘ ਖਹਿਰਾ, ਹਰਪ੍ਰੀਤ ਸਿੰਘ ਭੁੱਲਰ, ਲਾਡੀ ਖਹਿਰਾ, ਜਤਿੰਦਰ ਸਿੰਘ ਕਕਰਾਲਾ, ਜਸਕਰਨਵੀਰ ਸਿੰਘ, ਅਸ਼ੋਕ ਕੁਮਾਰ ਬੱਬੂ, ਦੀਪਵੀਰ ਵੜੈਚ, ਕਰਨਦੀਪ ਸਿੰਘ, ਪਰਮਿੰਦਰ ਸਿੰਘ ਭੰਗੂ, ਪੂਰਨ ਸਿੰਘ, ਨਿੰਦਰ ਸਿੰਘ, ਦਰਸ਼ਨ ਸਿੰਘ ਗੁਰਦਿੱਤਪੁਰਾ ਆਦਿ ਮੌਜੂਦ ਸਨ।

# ਨੌਜਵਾਨ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਤੇ ਉਸ ਦਾ ਭਵਿੱਖ ਹੁੰਦੇ : ਮੀਤ ਹੇਅਰ




ਬਠਿੰਡਾ (ਪਰਵਿੰਦਰ ਜੀਤ ਸਿੰਘ)

ਕੈਬਨਿਟ ਮੰਤਰੀ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਤੇ ਉਸ ਦਾ ਭਵਿੱਖ ਹੁੰਦੇ ਹਨ, ਉਦੋਂ ਤੱਕ ਕੋਈ ਵੀ ਦੇਸ਼ ਵਿਕਾਸ ਨਹੀਂ ਕਰ ਸਕਦਾ, ਜਦੋਂ ਤੱਕ ਨੌਜਵਾਨ ਤਰੱਕੀ ਨਹੀਂ ਕਰਦੇ। ਉਨ੍ਹਾਂ ਇੱਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ ਆਰ ਐਸ ਪੀ ਟੀ ਯੂ) ਵਿਖੇ ਤਿੰਨ ਰੋਜ਼ਾ ਸਵੈ ਰੋਜ਼ਗਾਰ ਸੈਮੀਨਾਰ ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕਿਹਾ ਕਿ ਨੌਜਵਾਨਾਂ ਨੂੰ ਤਰੱਕੀ ਦੇ ਰਾਹ ਵੱਲ ਲੈ ਕੇ ਜਾਣ ਤੇ ਨਵੀਂ ਸੋਚ ਪੈਦਾ ਕਰਨ ਲਈ ਸਰਕਾਰ ਵਲੋਂ ਨਵੇਂ ਉੱਧਮ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਜਗਰੂਪ ਸਿੰਘ ਗਿੱਲ, ਵਿਧਾਇਕ ਬਠਿੰਡਾ (ਦਿਹਾਤੀ) ਅਮਿਤ ਰਤਨ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅੰਮ੍ਰਿਤ ਲਾਲ ਅਗਰਵਾਲ, ਚੈਅਰਮੇਨ ਜੰਗਲਾਤ ਵਿਭਾਗ ਰਾਕੇਸ਼ ਪੁਰੀ, ਚੇਅਰਮੈਨ ਸ਼ੂਗਰਫੈਡ ਪੰਜਾਬ ਨਵਦੀਪ ਜੀਦਾ ਅਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਕੈਬਨਿਟ ਮੰਤਰੀ ਸ. ਮੀਤ ਹੇਅਰ ਨੇ ਸਵੈ ਰੋਜ਼ਗਾਰ ਤੇ ਕਿੱਤਾ ਮੁਖੀ ਬਣਾਉਣ ਲਈ ਨੌਜਵਾਨਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦਾ ਸੁਪਨਾ ਹੈ ਕਿ ਭਾਰਤ ਦੀ 140 ਕਰੋੜ ਦੀ ਆਬਾਦੀ ਵਿਚੋਂ ਦੇਸ਼, ਪੰਜਾਬ ਦੇ ਨੌਜਵਾਨ ਨੂੰ ਨੌਕਰੀਆਂ ਕਰਨ ਵਾਲੇ ਨਹੀਂ, ਸਗੋਂ ਨੌਕਰੀਆਂ ਦੇਣ ਵਾਲੇ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਵੈ ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਸੂਬਾ ਸਰਕਾਰ ਵਲੋਂ ਦਿੱਲੀ ਦੇ ਨਾਲ-ਨਾਲ ਪੰਜਾਬ ਵਿੱਚ ਵੀ ਬਿਜਨਿਸ ਪਲਾਸਟਰ ਪ੍ਰੋਗਰਾਮ ਜਲਦ ਸ਼ੁਰੂ ਕੀਤਾ ਜਾਵੇਗਾ, ਜਿਸ ਰਾਹੀਂ ਐਨੋਵੇਸ਼ਨ ਕੌਂਸਲ ਬਣਾ ਕੇ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦਾ ਧਿਆਨ ਸਵੈ ਰੋਜ਼ਗਾਰ ਵਾਲੇ ਪਾਸੇ ਕੇਂਦਰਿਤ ਕਰਨ ਲਈ ਸਹਾਈ ਹੋਵੇਗਾ ਤਾਂ ਜੋ ਉਹ ਸਵੈ ਰੋਜ਼ਗਾਰ ਪ੍ਰਾਪਤ ਕਰਕੇ ਆਪਣੇ ਪੈਰਾ ਤੇ ਖੜ੍ਹੇ ਹੋ ਕੇ ਖੁਦ, ਪੰਜਾਬ ਤੇ ਦੇਸ਼ ਨੂੰ ਬੁਲੰਦੀਆਂ 'ਤੇ ਲਿਜਾਣ ਦਾ ਮਾਣ ਹਾਸਲ ਕਰ ਸਕਣ। ਇਸ ਦੌਰਾਨ ਕੈਬਨਿਟ ਮੰਤਰੀ ਮੀਤ ਹੇਅਰ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਜ਼ਿਲ੍ਹਾ ਰੋਜ਼ ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਵੱਖ-ਵੱਖ ਅਦਾਰਿਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਤਿੰਨ ਰੋਜ਼ਾ ਸੈਮੀਨਾਰ ਦੀ ਸ਼ਲਾਘਾ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਉਪਰੰਤ ਕੈਬਨਿਟ ਮੰਤਰੀ ਮੀਤ ਹੇਅਰ ਵੱਲੋਂ ਬਠਿੰਡਾ ਰੂਰਲ ਓਲੰਪਿਕਸ 2022 ਦੇ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ ਤੇ ਉਨ੍ਹਾਂ ਨੂੰ ਖੇਡਾਂ ਵਿੱਚ ਹੋਰ ਮੱਲ੍ਹਾ ਮਾਰਨ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪਲਵੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਡਾ. ਆਰਪੀ ਸਿੰਘ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਬੂਟਾ ਸਿੰਘ ਸਿੱਧੂ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਗੁਰਿੰਦਰ ਪਾਲ ਸਿੰਘ ਬਰਾੜ, ਜ਼ਿਲ੍ਹਾ ਰੋਜ਼ਗਾਰ ਅਫ਼ਸਰ ਮਿਸ ਅੰਕਿਤਾ ਅਗਰਵਾਲ, ਜ਼ਿਲ੍ਹਾ ਖੇਡ ਅਫ਼ਸਰ ਰੁਪਿੰਦਰ ਸਿੰਘ, ਆਪ ਆਗੂ ਬੱਲੀ ਬਲਜੀਤ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

# ਤਰਕਸ਼ੀਲ ਸੁਸਾਇਟੀ ਵੱਲੋਂ ਚੇਤਨਾ ਪਰਖ ਪ੍ਰੀਖਿਆ 'ਚੋਂ ਅੱਵਲ ਰਹੇ ਵਿਦਿਆਰਥੀਆਂ ਦਾ ਸਨਮਾਨ



ਭੀਖੀ (ਧਰਮਵੀਰ ਸ਼ਰਮਾ)

ਸਥਾਨਕ ਸੀਨੀ. ਸੈਕੰ. ਸਕੂਲ (ਮੁੰਡੇ) ਵਿਖੇ ਤਰਕਸ਼ੀਲ ਸੁਸਾਇਟੀ ਇਕਾਈ ਭੀਖੀ ਵੱਲੋਂ ਪਿਛਲੇ ਸਮੇਂ ਕਰਵਾਈ ਚੇਤਨਾ ਪਰਖ ਪ੍ਰੀਖਿਆ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ 'ਚ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਇਕਾਈ ਮੁਖੀ ਭੁਪਿੰਦਰ ਫੌਜੀ ਤੇ ਰਮੇਸ਼ ਭੋਲਾ ਮੱਤੀ ਨੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਲਈ ਜਾਂਦੀ ਚੇਤਨਾ ਪਰਖ ਪ੍ਰੀਖਿਆ ਦਾ ਮਕਸਦ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਧਾਰਾ ਨਾਲ ਜੋੜ ਕੇ ਅਗਾਂਹਵਧੂ ਵਿਚਾਰਾਂ ਦੇ ਧਾਰਨੀ ਬਣਾਉਣਾ ਹੈ। ਇਸ ਮੌਕੇ ਮਿਡਲ ਵਰਗ ਦੇ ਰਮਨਪ੍ਰੀਤ ਸਿੰਘ ਤੇ ਭੂਪੇਸ਼ ਸਿੰਗਲਾ ਨੂੰ ਇਸ ਪ੍ਰੀਖਿਆ 'ਚੋਂ ਕ੍ਰਮਵਾਰ ਪਹਿਲੇ ਤੇ ਦੂਜੇ ਸਥਾਨ 'ਤੇ ਆਉਣ 'ਤੇ ਸੁਸਾਇਟੀ ਵੱਲੋਂ ਕਿਤਾਬਾਂ ਦਾ ਸੈੱਟ ਤੇ ਪ੍ਰਸੰਸਾ ਪੱਤਰ ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਇਸ ਪ੍ਰੀਖਿਆ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵੀ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਅਤਲਾ, ਅਧਿਆਪਕ ਮਨੋਜ ਕਮਾਰ, ਵਰਿੰਦਰ ਕੁਮਾਰ, ਬਲਰਾਜ ਰਾਮ, ਰਮਨ ਜਿੰਦਲ, ਅਨੀਤਾ ਰਾਣੀ, ਮਨਦੀਪ ਕੌਰ, ਰੇਨੂੰ ਰਾਣੀ, ਸੁਜਾਨ ਸਿੰਘ ਤੇ ਸਮੂਹ ਸਟਾਫ ਹਾਜ਼ਰ ਸੀ।

9-DEC-PAGE-11-Majha-22.qxd 12/8/2022 10:24 PM Page 1



# ਕਿਸਾਨਾਂ-ਮਜ਼ਦੂਰਾਂ ਦੀ ਜਥੇਬੰਦੀ ਵੱਲੋਂ ਪੰਜਾਬ ਭਰ ਦੇ ਡੀ ਸੀ ਦਫਤਰਾਂ ਅੱਗੇ ਮੋਰਚਾ ਜਾਰੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ, ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂੰ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿੱਚ, ਡੀ ਸੀ ਦਫਤਰਾਂ ਵਿੱਚ ਲਗਾਏ ਗਏ ਲੰਬੇ ਸਮੇਂ ਦੇ ਮੋਰਚੇ 13ਵੇਂ ਦਿਨ ਵੀ ਜ਼ਾਰੀ ਰਹੇ। ਸੂਬਾ ਆਗੂ ਗੁਰਬਚਨ ਸਿੰਘ ਚੱਬਾ ਅਤੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰਬਾਲਾ ਦੀ ਅਗਵਾਈ ਵਿੱਚ ਡੀ ਸੀ ਦਫਤਰ ਅੰਮ੍ਰਿਤਸਰ ਵਿੱਚ ਚੱਲ ਰਹੇ ਮੋਰਚੇ ਵਿੱਚ ਆਗੂਆਂ ਨੇ ਜਾਣਕਾਰੀ ਦਿੱਤੀ ਕਿ ਤਰਨ ਤਾਰਨ ਮੋਰਚੇ ਤੇ ਬਲਵਿੰਦਰ ਸਿੰਘ ਉਮਰ 45 ਸਾਲ ਵਾਸੀ ਪਿੰਡ ਵੜੈਚ ਦੀ ਦਿਲ ਦਾ ਦੌਰਾ ਪੈਣ ਕਾਰਨ ਦੇਰ ਰਾਤ ਅਚਾਨਕ ਮੌਤ ਹੋ ਗਈ। ਓਹਨਾ ਕਿਹਾ ਕਿ ਜਥੇਬੰਦੀ ਮੰਗ ਕਰਦੀ ਹੈ ਕਿ ਸ਼ਹੀਦ ਦੇ ਪਰਵਾਰ ਨੂੰ 10 ਲੱਖ ਰੁਪਏ ਦਾ ਮੁਆਵਜਾ, ਇੱਕ ਜੀਅ ਨੂੰ ਨੌਕਰੀ ਅਤੇ ਹਰ ਤਰ੍ਹਾਂ ਦਾ ਕਰਜ਼ਾ ਖਤਮ ਕੀਤਾ ਜਾਵੇ। ਓਹਨਾ ਕਿਹਾ ਕਿ ਹਰ ਸੰਘਰਸ਼ ਕੁਰਬਾਨੀਆਂ ਮੰਗਦਾ ਹੈ ਅਤੇ ਜਥੇਬੰਦੀ ਦਾ ਹਰ ਕਿਸਾਨ ਤੇ ਮਜ਼ਦੂਰ ਕੁਰਬਾਨੀ ਲਈ ਤਿਆਰ ਹੈ ਦਿੱਲੀ ਸੰਘਰਸ਼ ਵਿਚ 750 ਤੋਂ ਵੱਧ ਜਾਨਾਂ ਕੁਰਬਾਨ ਕਰਕੇ ਕਾਲੇ ਕਾਨੂੰਨ ਵਾਪਸ ਹੋਏ ਸਨ ਹੁਣ ਪੰਜਾਬ ਦੀ ਮਾਨ ਸਰਕਾਰ ਨੇ ਫੈਸਲਾ ਕਰਨਾ ਹੈ ਕਿ ਕਿੰਨੀਆਂ ਜਾਨਾਂ ਲੈ ਕੇ ਉਸਨੇ ਕਿਸਾਨਾਂ, ਮਜ਼ਦੂਰਾਂ ਤੇ ਹੋਰ ਆਮ ਪੰਜਾਬੀਆਂ ਦੇ ਹੱਕ ਓਹਨਾ ਨੂੰ ਦੇਣੇ ਹਨ ਙ ਓਹਨਾ ਕਿਹਾ ਕਿ ਹਰ ਦਿਨ ਜਥੇਬੰਦੀ ਦੇ ਸ਼ਾਂਤਮਈ ਸੰਘਰਸ਼ ਨੂੰ ਲੋਕਾਂ ਦਾ ਸਾਥ ਹਰ ਦਿਨ ਵੱਧ ਰਿਹਾ ਹੈ ਙ ਓਹਨਾ ਦੱਸਿਆ ਕਿ ਅੱਜ ਜਿਲ੍ਹੇ ਦੇ 115 ਦੇ ਕਰੀਬ ਪਿੰਡਾਂ ਤੋਂ ਕਿਸਾਨ ਮਜ਼ਦੂਰ ਤੇ ਬੀਬੀਆਂ ਟਰਾਲੀਆਂ ਭਰ ਕੇ ਅੱਜ ਮੋਰਚਿਆਂ ਵਿਚ ਸ਼ਾਮਲ ਹੋਏ ਹਨ ਙ ਓਹਨਾ ਕਿਹਾ ਕਿ ਖੇਤੀਬਾੜੀ ਮੰਤਰੀ ਇਹ ਦੱਸਣ ਦੀ ਬਜਾਏ ਕਿ ਕਿੰਨੇ ਕਰੋੜ ਰੁਪਏ ਸ਼ਹੀਦ ਪਰਿਵਾਰਾਂ ਨੂੰ ਦਿੱਤੇ ਇਹ ਦੱਸਣ ਕਿ ਕਿੰਨੇ ਕਰੋੜ ਅਜੇ ਦੇਣੇ ਬਾਕੀ ਹਨ। ਮੋਰਚੇ ਕਿਨੇਂ ਲੰਬੇ ਚੱਲਣਗੇ ਪੁਛਣ ਤੇ ਆਗੂਆਂ ਨੇ ਕਿਹਾ ਕਿ ਇਹ ਗੱਲ ਦਾ ਫੈਸਲਾ ਸਰਕਾਰ ਨੇ ਕਰਨਾ ਹੈ ਇਹ ਧਰਨੇ ਪ੍ਰਦਰਸ਼ਨ ਕਰਨਾ ਸਾਡੀ ਅਣਖ ਦਾ ਸਵਾਲ ਨਾ ਹੋ ਕੇ ਸਾਡੀ ਮਜਬੂਰੀ ਹੈ ਅਗਰ ਸਰਕਾਰ ਅੱਜ ਮਸਲਿਆਂ ਦਾ ਹੱਲ ਕਰਦੀ ਹੈ ਮੋਰਚੇ ਅੱਜ ਚੁੱਕੇ ਜਾ ਸਕਦੇ ਹਨ, ਪਰ ਲੱਗਦਾ ਹੈ ਕਿ ਸਰਕਾਰ ਮਹੀਨਿਆਬੱਧੀ ਮੋਰਚੇ ਚਲਵਾਉਣਾ ਚਾਹੁੰਦੀ ਹੈ। ਓਹਨਾ ਕਿਹਾ ਕਿ ਕੇਰਲ ਦੀ ਤਰਜ਼ ਤੇ ਫਸਲਾਂ ਤੇ ਐਮ ਐਸ ਪੀ ਗਰੰਟੀ ਕਾਨੂੰਨ, ਜੁਮਲਾ ਮੁਸਤਰਕਾ ਜਮੀਨਾਂ ਨੂੰ ਪੰਚਾਇਤੀ ਜਮੀਨਾਂ ਐਲਾਨਣ ਵਾਲਾ ਨੋਟੀਫਿਕੇਸ਼ਨ ਅਸੈਂਬਲੀ ਵਿੱਚ ਵਾਪਿਸ ਲਿਆ ਜਾਵੇ , ਅਬਾਦਕਾਰ ਕਿਸਾਨਾਂ ਮਜਦੂਰਾਂ ਨੂੰ ਜਮੀਨਾਂ ਦੇ ਪੱਕੇ ਮਾਲਕੀ ਹੱਕ ਦਿੱਤੇ ਜਾਣ, ਬੀ ਬੀ ਐਮ ਬੀ ਵਿੱਚ ਪੰਜਾਬ ਤੇ ਹਰਿਆਣਾ ਦੀ ਹਿੱਸੇਦਾਰੀ ਬਹਾਲ ਕੀਤੀ ਜਾਵੇ, ਮਨਰੇਗਾ ਤਹਿਤ ਦਿਹਾੜੀ ਦੁਗਣੀ ਕੀਤੀ ਜਾਵੇ ਅਤੇ ਸਾਲ ਦੇ 365 ਦਿਨ ਰੁਜ਼ਗਾਰ ਮੁਹੱਈਆ ਹੋਵੇ, ਰੁਕੇ ਹੋਏ ਮਨਰੇਗਾ ਬਕਾਏ ਤੁਰੰਤ ਜਾਰੀ ਕੀਤੇ ਜਾਣ,ਸਸਤੇ ਅਨਾਜ ਦੀ ਕੁਆਲਿਟੀ ਸੁਧਾਰੀ ਜਾਵੇ,ਬਹਿਬਲ ਕਲਾਂ ਅਤੇ ਕੋਟਕਪੂਰ ਕਤਲਕਾਂਡ ਦੇ ਦੋਸ਼ੀਆਂ ਨੂੰ ਫੜ ਕੇ ਸਜ਼ਾਵਾਂ ਦਿੱਤੀਆਂ ਜਾਣ, ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਤੇ ਕਾਰਵਾਈ ਕੀਤੀ ਜਾਵੇ, ਲਖੀਮਪੁਰ ਕਤਲਕਾਂਡ ਦੇ ਦੋਸ਼ੀਆਂ ਤੇ ਸਾਜਿਸ਼ਕਰਤਾ ਅਜੇ ਮਿਸ਼ਰਾ ਟੈਨੀ ਤੇ ਕਾਰਵਾਈ ਕੀਤੀ ਜਾਵੇ, ਬਿਜਲੀ ਵੰਡ ਲਾਇਸੈਂਸ ਨਿਯਮ 2022 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ ਅਤੇ ਮਾਨ ਸਰਕਾਰ ਤੋਂ ਮੰਗ ਹੈ ਕਿ ਇਹਨਾਂ ਫੈਸਲਿਆਂ ਵਿਰੁੱਧ ਵਿਧਾਨ ਸਭਾ ਵਿਚ ਜਲਦ ਮਤਾ ਪਾਸ ਕਰੇ, 17.5 ਏਕੜ ਵਾਲਾ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਸਾਰੀਆਂ ਸਰਪਲੱਸ ਜਮੀਨਾਂ ਬੇਜ਼ਮੀਨੇ ਕਿਸਾਨਾਂ ਮਜਦੂਰਾਂ ਵਿਚ ਬਰਾਬਰ ਵੰਡੀਆਂ ਜਾਣ, ਮੋਰਚਿਆਂ ਵਿਚ ਸ਼ਹੀਦ ਹੋਏ ਕਿਸਾਨਾਂ ਮਜ਼ਦੂਰਾਂ ਦੇ ਬਾਕੀ ਰਹਿੰਦੇ ਪਰਿਵਾਰ ਨੂੰ ਨੌਕਰੀ ਤੇ ਮੁਆਵਜੇ ਜਾਰੀ ਕੀਤੇ ਜਾਣ,ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕੀਤਾ ਜਾਵੇ, ਪ੍ਰਾਈਵੇਟ ਹਸਪਤਾਲਾਂ ਨੂੰ ਕੰਟਰੋਲ ਕਰਨ ਲਈ ਚਿਰਾਂ ਤੋਂ ਲਟਕ ਰਿਹਾ ਕਲੀਨੀਕਲ ਐਸਟੇਬਲਿਸ਼ਮੈਂਟ ਐਕਟ ਲਾਗੂ ਕੀਤਾ ਜਾਵੇ,ਰੇਤ ਬਜ਼ਰੀ ਦੇ ਰੇਟਾਂ ਤੇ ਕੰਟਰੋਲ ਆਦਿ ਮੰਗਾਂ ਦੇ ਕਾਰਗਰ ਹੱਲ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਇੱਕਠ ਨੂੰ ਜਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਜਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ, ਜਿਲ੍ਹਾ ਸੀ: ਮੀਤ ਪ੍ਰਧਾਨ ਜਰਮਨਜੀਤ ਸਿੰਘ ਬੰਡਾਲਾ, ਜਿਲ੍ਹਾ ਆਗੂ ਕੰਧਾਰ ਸਿੰਘ, ਬਲਦੇਵ ਸਿੰਘ ਬੱਗਾ, ਕੰਵਰਦਲੀਪ ਸੈਦੋਲੇਹਲ, ਬਲਵਿੰਦਰ ਸਿੰਘ ਬਿੰਦੂ, ਸੁਖਦੇਵ ਸਿੰਘ ਚਾਟੀਵਿੰਡ, ਅਮਰਦੀਪ ਗੋਪੀ, ਰਣਜੀਤ ਸਿੰਘ ਚਾਟੀਵਿੰਡ, ਗੁਰਬੇਜ ਸਿੰਘ ਭੀਲੋਵਾਲ, ਚਰਨਜੀਤ ਸਿੰਘ ਸਫ਼ੀਪੁਰ, ਪ੍ਰਗਟ ਸਿੰਘ ਗੁੰਨੋਵਾਲ, ਅਮਨਿੰਦਰ ਸਿੰਘ ਮਾਲੋਵਾਲ, ਚਰਨ ਸਿੰਘ ਕਲੇਰ ਘੁਮਾਣ, ਅਮਰੀਕ ਸਿੰਘ ਜਮਾਲਪੁਰ, ਸਵਰਨ ਸਿੰਘ ਉਦੋਨੰਗਲ, ਰਣਧੀਰ ਸਿੰਘ ਭੁੱਟਰ, ਸੂਬੇਦਾਰ ਨਿਰੰਜਨ ਸਿੰਘ ਤੇ ਹੋਰ ਸੀਨੀਅਰ ਆਗੂਆਂ ਨੇ ਸੰਬੋਧਨ ਕੀਤਾ।

## ਆਯੂਸ਼ਮਾਨ ਯੋਜਨਾ ਬੰਦ ਹੋਣ ਕਾਰਨ ਲੋਕ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)-ਸਾਡਾ ਪੰਜਾਬ ਸਿਹਤਮੰਦ ਪੰਜਾਬ ਦੇ ਨਾਲ ਨਾਲ ਆਯੂਸ਼ਮਾਨ ਕਾਰਡ ਜੋ ਪੰਜਾਬ ਸਰਕਾਰ ਵੱਲੋਂ ਸਿਹਤ ਸਹੂਲਤਾਂ ਤੇ ਗਰੀਬ ਲੋਕਾਂ ਵਾਸਤੇ ਬਣਾਏ ਸਨ ਅਤੇ ਹੁਣ ਬੰਦ ਹੋਣ ਕਰਕੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਮੁਫਤ ਇਲਾਜ ਕਰਵਾਉਣ ਲਈ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਖ ਵੱਖ ਪਿੰਡਾਂ ਦੇ ਆਗੂਆਂ ਤੇ ਠਾਕੁਰ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਜਦੋਂ ਅਸੀਂ ਸਰਕਾਰੀ ਹਸਪਤਾਲਾਂ ਵਿਚ ਇਲਾਜ ਕਰਵਾਉਣ ਵਾਸਤੇ ਜਾਂਦੇ ਹਾਂ ਤਾਂ ਸਿਹਤ ਵਿਭਾਗ ਦੇ ਕਰਮਚਾਰੀ ਇਹ ਕਹਿ ਕੇ ਟਾਲ ਦਿੰਦੇ ਹਨ ਕਿ ਫ੍ਰੀ ਇਲਾਜ ਵਾਲੀ ਸਕੀਮ ਸਰਕਾਰ ਵਲੋਂ ਬੰਦ ਕੀਤੀ ਹੋਈ ਹੈ। ਜਿਸ ਨਾਲ ਬਿਮਾਰ ਲੋਕ ਸਰਕਾਰੀ ਹਸਪਤਾਲ ਤੋਂ ਫ੍ਰੀ ਇਲਾਜ ਦੇ ਬਦਲੇ ਪ੍ਰਾਈਵੇਟ ਹਸਪਤਾਲਾਂ ਵਿਚ ਲੁੱਟ ਦੇ ਸਿਕਾਰ ਹੋ ਰਹੇ ਹਨ ਅਤੇ ਕਈ ਲੋਕ ਇਹੋ ਅਜਿਹੇ ਵੀ ਹਨ ਕਿ ਜਿਨਾ ਕੋਲ ਪ੍ਰਾਇਵੇਟ ਹਸਪਤਾਲ ਵਿਚ ਇਲਾਜ ਕਰਾਉਣ ਲਈ ਪੈਸੈ ਵੀ ਨਹੀ ਹਨ ਜੋ ਕਿ ਸਰਕਾਰੀ ਕਾਰਡ 'ਤੇ ਹੀ ਨਿਰਭਰ ਹਨ। ਉਨ੍ਹਾ ਨੇ ਸਿਹਤ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਹੈ ਕਿ ਸਾਡਾ ਪੰਜਾਬ ਸਿਹਤਮੰਦ ਪੰਜਾਬ ਦੇ ਨਾਲ ਅਯੂਸ਼ਮਾਨ ਕਾਰਡ ਚਲਾਉਣ ਵਾਸਤੇ ਸਿਵਲ ਸਰਜਨਾਂ ਤੇ ਹੋਰ ਪ੍ਰਾਇਵੇਟ ਹਸਪਤਾਲਾਂ ਨੂੰ ਨਿਰਦੇਸ ਦਿੱਤੇ ਜਾਣ। ਜਿਸ ਨਾਲ ਲੋੜਵੰਦ ਲੋਕ ਅਪਨਾ ਸਮੇ ਤੇ ਇਲਾਜ ਕਰਵਾ ਕੇ ਅਪਣੀਆਂ ਜਾਨਾ ਬਚਾ ਸਕਣ।

## ਜਨਤਕ ਜਥੇਬੰਦੀਆਂ ਵੱਲੋਂ ਹੱਕੀ ਮੰਗਾਂ ਲਈ ਬੀ ਡੀ ਪੀ ਓ ਖਿਲਾਫ ਨਾਅਰੇਬਾਜ਼ੀ




ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਆਪਣੀਆਂ ਹੱਕੀ ਮੰਗਾਂ ਜਿਵੇਂ ਨਵੇਂ ਜੌਬ ਕਾਰਡ ਬਣਾਉਣਾ ਮਨਰੇਗਾ ਕਾਮਿਆਂ ਨੂੰ ਰੋਜ਼ਗਾਰ ਦੇਣਾ ਕੀਤੇ ਕੰਮ ਦੇ ਪੈਸੇ ਮਜ਼ਦੂਰਾਂ ਦੇ ਖਾਤਿਆਂ 'ਚ ਪਵਾਉਣ ਗਰੀਬਾਂ ਪਰਵਾਰਾਂ ਦੇ ਗਾਰਡਾਂ ਬਾਲਿਆਂ ਵਾਲੇ ਮਕਾਨਾਂ ਉਪਰ ਲੈਟਰ ਪਾਉਣ ਸਮੇਤ ਹੋਰ ਮਸਲਿਆਂ ਨੂੰ ਲੈ ਕੇ ਬੀ ਡੀ ਓ ਦਫਤਰ ਪੱਟੀ ਵਿਖੇ ਵੱਖ-ਵੱਖ ਪਿੰਡਾਂ ਦੇ ਮਜ਼ਦੂਰ ਇਕੱਠੇ ਹੋਏ ਮਜ਼ਦੂਰਾਂ ਵੱਲੋਂ ਪੁਰਾਣੇ ਜੌਬ ਕਾਰਡ ਦੀ ਪ੍ਰਾਪਤੀ ਵਾਸਤੇ ਖੱਜਲ ਖੁਆਰ ਹੋ ਰਹੇ ਹਨ ਜਿਨ੍ਹਾਂ ਨੇ ਜਨਤਕ ਜਥੇਬੰਦੀਆਂ ਦੇ ਜਿਲ੍ਹਾ ਕਨਵੀਨਰ ਧਰਮ ਸਿੰਘ ਪੱਟੀ ਦੀ ਅਗਵਾਈ ਹੇਠ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਜਥੇਬੰਦੀਆਂ ਦੇ ਆਗੂ ਧਰਮ ਸਿੰਘ ਪੱਟੀ ਤੇ ਹਰਭਜਨ ਸਿੰਘ ਚੂਸਲੇਵੜ ਦੀ ਅਗਵਾਈ 'ਚ ਮਨਰੇਗਾ ਮਜ਼ਦੂਰਾਂ ਨੇ ਨਵੇਂ ਜੌਬ ਕਾਰਡ, ਮਨਰੇਗਾ ਮਜਦੂਰੀ ਤੇ ਬਕਾਇਆ ਮਜਦੂਰੀ ਦੀ ਮੰਗ ਕੀਤੀ ਉਨ੍ਹਾਂ ਦੱਸਿਆ ਕਿ ਮਹੀਨਿਆਂ ਬੱਧੀ ਜਾਣ ਬੁੱਝ ਕੇ ਇਹ ਅਧਿਕਾਰੀ ਮਜ਼ਦੂਰਾਂ ਦੀਆਂ ਇਹਨਾਂ ਜਾਇਜ ਮੰਗਾਂ ਨੂੰ ਲਟਕਾ ਰਿਹਾ ਹੈ। ਇਸ ਮੌਕੇ ਤੁਰੰਤ ਬੀ ਡੀ ਪੀ ਓ ਨੇ ਆਪਣੇ ਕਰਮਚਾਰੀਆਂ ਤੇ ਜਥੇਬੰਦੀ ਦੀ ਮੀਟਿੰਗ ਸੱਦੀ 'ਤੇ ਮਜ਼ਦੂਰਾਂ ਦੀਆਂ ਸਾਰੀਆਂ ਮੰਗਾਂ ਇੱਕ ਹਫਤੇ 'ਚ ਨਿਪਟਾਉਣ ਦਾ ਵਾਅਦਾ ਕੀਤਾ। ਇਸ ਮੌਕੇ ਦਿਆਲ ਸਿੰਘ ਲੌਹਕਾ, ਬਲਬੀਰ ਸਿੰਘ ਚੀਮਾ, ਚੰਦ ਸਿੰਘ ਤੂਤ, ਮਲਕੀਤ ਸਿੰਘ, ਸੋਨੂੰ ਸ਼ਹੀਦ, ਲਾਜਰ ਤੇ ਸੁਖਦੇਵ ਸਿੰਘ ਚੂਸਲੇਵੜ ਤੇ ਔਰਤਾਂ ਹਾਜ਼ਰ ਸਨ।

## ਪ੍ਰਸ਼ਾਸ਼ਨ ਵੱਲੋਂ ਸਰਹੱਦੀ ਪਿੰਡਾਂ 'ਚ ਮੁਫ਼ਤ ਮੈਡੀਕਲ ਕੈਂਪ ਲਗਾਉਣ ਦਾ ਸਿਲਸਲਾ ਜਾਰੀ




ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਹੀ ਮਿਆਰੀ ਸਿਹਤ ਸਹੂਲਤਾਂ ਦੇਣ ਦੇ ਮਕਸਦ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਹੱਦੀ ਪਿੰਡਾਂ ਵਿੱਚ ਰੈੱਡ ਕਰਾਸ ਸੁਸਾਇਟੀ ਅਤੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਲਗਾਉਣ ਦਾ ਸਿਲਸਲਾ ਲਗਾਤਾਰ ਜਾਰੀ ਹੈ। ਮੈਡੀਕਲ ਕੈਂਪਾਂ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਸਰਹੱਦੀ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਉਣ ਦਾ ਮੁੱਖ ਉਦੇਸ਼ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਮੈਡੀਕਲ ਸਹਾਇਤਾ ਪਹੁੰਚਾਉਣਾ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਨਾਲ ਹੀ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵੱਲੋਂ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਵਿੱਚ ਕੈਂਪ ਲਗਾਉਣ ਦਾ ਪ੍ਰੋਗਰਾਮ ਹਫ਼ਤਾ ਪਹਿਲਾਂ ਤਿਆਰ ਕਰ ਲਿਆ ਜਾਂਦਾ ਹੈ ਅਤੇ ਸਬੰਧਤ ਪਿੰਡਾਂ ਅਤੇ ਆਸ-ਪਾਸ ਦੇ ਇਲਾਕੇ ਦੇ ਲੋਕਾਂ ਨੂੰ ਇਸ ਬਾਰੇ ਅਗਾਊਂ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਇਨਾਂ ਕੈਂਪਾਂ ਦਾ ਲਾਭ ਉਠਾ ਸਕਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਸਰਹੱਦੀ ਕੈਂਪਾਂ ਦਾ ਸਭ ਤੋਂ ਵੱਧ ਲਾਭ ਬਜ਼ੁਰਗਾਂ ਅਤੇ ਉਨ੍ਹਾ ਮਰੀਜ਼ਾਂ ਨੂੰ ਹੋ ਰਿਹਾ ਹੈ ਜੋ ਆਪਣੇ ਇਲਾਜ ਲਈ ਆਪਣੇ ਪਿੰਡੋਂ ਚੱਲ ਕੇ ਦੂਰ ਸ਼ਹਿਰਾਂ ਦੇ ਹਸਪਤਾਲਾਂ ਤੱਕ ਪਹੁੰਚ ਨਹੀਂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਉਣ ਦਾ ਇਹ ਸਿਲਸਲਾ ਭਵਿੱਖ ਵਿੱਚ ਵੀ ਜਾਰੀ ਰਹੇਗਾ।

## ਟਰੈਕਟਰ-ਟਰਾਲੀਆਂ ਦੀ ਵਪਾਰਕ ਵਰਤੋਂ ਰੋਕਣ ਲਈ ਹਾਈਕੋਰਟ ਦੇ ਹੁਕਮਾਂ ਨੂੰ ਲਾਗੂ ਕਰੇ ਸਰਕਾਰ : ਵਿਕਾਸ ਮੰਚ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਅੰਮ੍ਰਿਤਸਰ ਵਿਕਾਸ ਮੰਚ ਨੇ ਟਰੈਕਟਰ ਟਰਾਲੀਆਂ ਦੀ ਵਪਾਰਕ ਕੰਮਾਂ ਲਈ ਦੁਰਵਰਤੋਂ ਰੋਕਣ ਲਈ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਨੂੰ ਇਨ ਬਿਨ ਲਾਗੂ ਕਰਨ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਮੁੱਖ ਸਕੱਤਰ ਪੰਜਾਬ, ਗ੍ਰਹਿ ਸਕੱਤਰ ਪੰਜਾਬ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਹਰਪ੍ਰੀਤ ਸਿੰਘ ਸੂਦਨ ਨੂੰ ਲਿਖੇ ਪੱਤਰ ਵਿੱਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਪ੍ਰਧਾਨ ਹਰਦੀਪ ਸਿੰਘ ਚਾਹਲ ਨੇ ਲਿਖਿਆ ਹੈ ਕਿ ਮੰਚ ਵੱਲੋਂ 22 ਮਈ 2015 ਨੂੰ ਲਿਖੇ ਇੱਕ ਪੱਤਰ ਵਿੱਚ ਉਸ ਸਮੇਂ ਦੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਧਿਆਨ ਇਸ ਪਾਸੇ ਦੁਆਇਆ ਗਿਆ ਸੀ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇੱਕ ਡਵੀਜ਼ਨ ਬੈਂਚ ਨੇ ਜਿਸਦੇ ਮੈਂਬਰ ਜਸਟਿਸ ਆਰ ਐਸ ਮੌਂਗੀਆ ਤੇ ਜਸਟਿਸ ਕੇ ਸੀ ਗੁਪਤਾ ਸਨ ਨੇ ਨਵੰਬਰ 2000 ਵਿੱਚ ਇੱਕ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਕਿਹਾ ਸੀ ਕਿ ਸਾਨੂੰ ਆਸ ਹੈ ਕਿ ਪੰਜਾਬ ਸਰਕਾਰ ਟਰੈਕਟਰ ਟਰਾਲੀਆਂ ਦੀ ਵਪਾਰਕ ਕੰਮਾਂ ਨੂੰ ਰੋਕਣ ਲਈ ਢੁਕਵੇਂ ਕਦਮ ਚੱਕੇਗੀ। ਪੱਤਰ ਵਿੱਚ ਟਰੈਕਟਰ ਟਰਾਲੀਆਂ ਨਾਲ ਮਾਰੇ ਗਏ ਕੁਝ ਵਿਅਕਤੀਆਂ ਦੇ ਹਵਾਲੇ ਵੀ ਦਿੱਤੇ ਗਏ ਸਨ। ਹੁਣ ਵੀ ਰੋਜ਼ਾਨਾ ਇਨ੍ਹਾਂ ਨਾਲ ਹੋ ਰਹੀਆਂ ਮੌਤਾਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਪਰ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਦਾ ਕੋਈ ਨੋਟਿਸ ਨਹੀਂ ਲਿਆ ਜਾਂਦਾ ਟ੍ਰੈਫਿਕ ਪੁਲੀਸ ਵਲੋਂ ਇਨ੍ਹਾਂ ਲਈ ਵਰਤੀ ਜਾ ਰਹੀ ਲਾਪ੍ਰਵਾਈ ਵਿਰੁਧ ਪੰਜਾਬ ਸਰਕਾਰ ਨੂੰ ਨੋਟਿਸ ਲੈਣਾ ਚਾਹੀਦਾ ਹੈ ਤਾਂ ਜੁ ਕੀਮਤੀ ਜਾਨਾਂ ਨੂੰ ਅਜਾਈਂ ਜਾਇਆ ਹੋਣ ਤੋਂ ਬਚਾਇਆ ਜਾ ਸਕੇ। ਕਿਸੇ ਵੀ ਦੇਸ਼ ਵਿੱਚ ਤੁਸੀਂ ਟਰੈਕਟਰ ਟਰਾਲੀਆਂ ਸੜਕ ਉਪਰ ਨਹੀਂ ਵੇਖੋਗੇ ਕਿਉਂਕਿ ਟਰੈਕਟਰ ਕੇਵਲ ਖੇਤਾਂ ਵਿੱਚ ਕੰਮ ਕਰਨ ਲਈ ਹਨ।

ਗੁਰੂ ਦੀ ਨਗਰੀ ਦੇ ਸੂਝਵਾਨ ਵਿਧਾਇਕਾਂ ਨੂੰ ਮੰਚ ਵਲੋਂ ਅਪੀਲ ਕੀਤੀ ਗਈ ਹੈ ਕਿ ਉਹ ਚੰਡੀਗੜ੍ਹ ਵਾਂਗ ਟ੍ਰੈਫ਼ਿਕ ਨਿਯਮਾਂ ਲਾਗੂ ਕਰਵਾਉਣ ਨੂੰ ਆਪਣੀ ਸਵਿਧਾਨਿਕ ਡਿਊਟੀ ਸਮਝਦੇ ਹੋਇ ਸੜਕਾਂ 'ਤੇ ਆਉਣ ਦੀ ਖੇਚਲ ਕਰਨ ਪੱਤਰ ਦੀ ਕਾਪੀ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਦੇ ਚੀਫ਼ ਜਸਟਿਸ ਨੂੰ ਵੀ ਲੋੜੀਂਦੀ ਕਾਰਵਾਈ ਲਈ ਭੇਜੀ ਗਈ ਹੈ।

## ਮੋਰਚੇ 'ਚ ਮਜ਼ਦੂਰ ਬਲਵਿੰਦਰ ਸਿੰਘ ਦੀ ਮੌਤ



**ਤਰਨ ਤਾਰਨ( ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਡੀ ਸੀ ਦਫਤਰ ਤਰਨ ਤਾਰਨ ਅੱਗੇ ਲੱਗਾ ਮੋਰਚਾ ਤੇਰਵੇਂ ਦਿਨ 'ਚ ਦਾਖ਼ਲ ਹੋ ਗਿਆ। ਸਰਕਾਰਾਂ ਦੀ ਬੇਰੁਖੀ ਕਾਰਨ ਅਤਿ ਦੀ ਠੰਡ 'ਚ ਕਿਸਾਨ ਮਜ਼ਦੂਰ ਸੜਕਾਂ ਉੱਤੇ ਰਾਤਾਂ ਗੁਜ਼ਾਰਨ ਲਈ ਮਜਬੂਰ ਹਨ। ਮੋਰਚੇ 'ਚ ਕਾਫੀ ਦਿਨਾਂ ਤੋਂ ਹਾਜ਼ਰੀ ਭਰ ਰਹੇ ਮਜ਼ਦੂਰ ਆਗੂ ਬਲਵਿੰਦਰ ਸਿੰਘ ਵਾਸੀ ਗਿੱਲ ਵੜੈਚ ਦੀ ਧਰਨੇ 'ਚ ਦਿਲ ਦੀ ਧੜਕਣ ਰੁਕਣ ਕਾਰਨ ਮੌਤ ਹੋ ਗਈ। ਮੋਰਚੇ ਵਿੱਚ ਵਿਛੜੇ ਆਗੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ, ਸਵਿੰਦਰ ਸਿੰਘ ਚੁਤਾਲਾ, ਸਵਿੰਦਰ ਸਿੰਘ ਪਿੱਦੀ, ਸੁਖਵਿੰਦਰ ਸਿੰਘ ਸਭਰਾ, ਹਰਪ੍ਰੀਤ ਸਿੰਘ ਸਿੱਧਵਾਂ, ਸਤਨਾਮ ਸਿੰਘ ਮਾਣੋਚਾਹਲ ਨੇ ਕਿਹਾ ਕਿ ਸਾਡੇ ਸਾਥੀ ਦੀ ਕਾਤਲ ਭਗਵੰਤ ਮਾਨ ਸਰਕਾਰ ਹੈ। ਉਹਨਾਂ ਨੇ ਕਿਹਾ ਜਿਵੇਂ ਦਿੱਲੀ ਅੰਦੋਲਨ ਵਿੱਚ ਮੋਦੀ ਸਰਕਾਰ 700 ਕਿਸਾਨਾਂ, ਮਜ਼ਦੂਰਾਂ ਦੀ ਜਾਨ ਲੈ ਚੁੱਕੀ ਹੈ। ਹੁਣ ਪੰਜਾਬ ਸਰਕਾਰ ਵੀ ਉਸੇ ਰਸਤੇ 'ਤੇ ਚਲਦਿਆਂ ਕਿਸਾਨਾਂ ਮਜ਼ਦੂਰਾਂ ਦੇ ਖ਼ੂਨ ਦੀ ਹੋਲੀ ਖੇਡ ਰਹੀ ਹੈ। ਕਿਸਾਨ ਮਜ਼ਦੂਰ ਆਗੂਆਂ ਜ਼ੋਰਦਾਰ ਮੰਗ ਕੀਤੀ ਕਿ ਪੀੜਤ ਪਰਵਾਰ ਨੂੰ 10 ਲੱਖ ਰੁਪਏ ਮੁਆਵਜ਼ਾ, ਪਰਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਅਤੇ ਉਨਾਂ ਦਾ ਸਮੁੱਚਾ ਕਰਜਾ ਖਤਮ ਕੀਤਾ ਜਾਵੇ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਜਿੰਨਾ ਚਿਰ ਸਰਕਾਰ ਪੀੜਤ ਪਰਵਾਰ ਦੀਆਂ ਮੰਗਾਂ ਨਹੀ ਮੰਨਦੀ ਸ਼ਹੀਦ ਮਜ਼ਦੂਰ ਦਾ ਸਸਕਾਰ ਨਹੀ ਕੀਤਾ ਜਾਵੇਗਾ।

ਇਸ ਮੌਕੇ ਹਾਜ਼ਰ ਆਗੂ ਹਰਜਿੰਦਰ ਸਿੰਘ ਸਕਰੀ, ਜਰਨੈਲ ਸਿੰਘ ਨੂਰਦੀ, ਰੇਸ਼ਮ ਸਿੰਘ ਘੁਰਕਵਿੰਡ, ਦਿਆਲ ਸਿੰਘ ਮੀਆਵਿੰਡ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਰਣਯੋਧ ਸਿੰਘ ਗੱਗੋਬੂਹਾ, ਹਰਬਿੰਦਰ ਸਿੰਘ ਕੰਗ, ਸਲਵਿੰਦਰ ਸਿੰਘ ਜੀਉਬਾਲਾ, ਧੰਨਾ ਸਿੰਘ ਲਾਲੂਘੁਮਣ, ਮਨਜਿੰਦਰ ਸਿੰਘ ਗੋਹਲਵੜ, ਸਲਵਿੰਦਰ ਸਿੰਘ ਡਾਲੇਕੇ, ਮੇਜਰ ਸਿੰਘ ਕਸੇਲ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਫੈਡਰੇਸ਼ਨ ਦਾ ਵਫਦ ਐਕਸੀਅਨ ਹਰਮਨਪ੍ਰੀਤ ਸਿੰਘ ਨੂੰ ਮਿਲਿਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਇੰਪਲਾਈਜ਼ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ, ਹੁਣ ਪਾਵਰਕਾਮ, ਟਰਾਂਸਕੋ ਪੰਜਾਬ (ਕੇਸਰੀ ਝੰਡਾ) ਪੰਜਾਬ ਦੇ ਪ੍ਰਧਾਨ ਗੁਰਵੇਲ ਸਿੰਘ ਬਲਪੁਰੀਆ ਦੀ ਅਗਵਾਈ ਵਿੱਚ ਮੰਡਲ ਧਾਰੀਵਾਲ ਦੇ ਪ੍ਰਧਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਫੈਡਰੇਸ਼ਨ ਦਾ ਇਕ ਵਫਦ ਮੰਡਲ ਧਾਰੀਵਾਲ ਦੇ ਨਵੇਂ ਆਏ ਵਧੀਕ ਨਿਗਰਾਨ (ਐਕਸੀਅਨ) ਇੰਜ: ਹਰਮਨਪ੍ਰੀਤ ਸਿੰਘ ਢਿੱਲੋਂ ਨੂੰ ਉਹਨਾਂ ਦੇ ਧਾਰੀਵਾਲ ਸਥਿਤ ਦਫਤਰ ਵਿਖੇ ਮਿਲਿਆ।

ਇਸ ਮੌਕੇ ਵਫਦ ਵਿੱਚ ਉੱਕਤ ਆਗੂਆਂ ਨਾਲ ਮਨਜੀਤ ਸਿੰਘ ਕਲੇਰ, ਸਬ ਡਵੀਜਨ ਪ੍ਰਧਾਨ ਮਦਨ ਲਾਲ, ਪ੍ਰੈਸ ਸਕੱਤਰ ਰਜਿੰਦਰ ਭਗਤ, ਵਿੱਜੇ ਕੁਮਾਰ, ਬਲਕਾਰ ਸਿੰਘ, ਸੁਰਜੀਤ ਸਿੰਘ ਪ੍ਰਮਜੀਤ ਸਿੰਘ, ਯੁਗਰਾਜ ਸਿੰਘ, ਪਲਵਿੰਦਰ ਸਿੰਘ, ਬਲਵਿੰਦਰ ਸਿੰਘ, ਨਾਨਕ ਸਿੰਘ ਭਗਤੂਪੁਰ, ਰਾਕੇਸ਼ ਕੁਮਾਰ ਆਦਿ ਆਗੂ ਸ਼ਾਮਲ ਸਨ। ਇਸ ਮੌਕੇ ਵਫਦ ਵਲੋਂ ਵਧੀਕ ਨਿਗਰਾਨ ਇੰਜ: ਹਰਮਨਪ੍ਰੀਤ ਸਿੰਘ ਢਿੱਲੋਂ ਨੂੰ ਸਨਮਾਨ ਵਜੋਂ ਗੁਲਦਸਤਾ ਭੇਟ ਕਰਨ ਮਗਰੋਂ ਦਫਤਰ ਵਿੱਚ ਮੀਟਿੰਗ ਦੌਰਾਨ ਮੁਲਾਜਮ ਮੰਗਾਂ ਸੰਬੰਧੀ ਅਹਿਮ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਇੰਜ: ਹਰਮਨਪ੍ਰੀਤ ਸਿੰਘ ਢਿੱਲੋਂ ਨੇ ਫੈਡਰੇਸ਼ਨ ਵਫਦ ਨੂੰ ਭਰੋਸਾ ਦਿੱਤਾ ਹੈ ਕਿ ਮੰਡਲ ਦਫਤਰ ਅਧੀਨ ਡਿਊਟੀ ਕਰਦੇ ਬਿਜਲੀ ਮੁਲਾਜਮਾਂ ਦੇ ਕੰਮ ਪਹਿਲ ਦੇ ਅਧਾਰ ਤੇ ਕੀਤੇ ਜਾਣਗੇ।

## ਬਾਬਾ ਅਨੂਪ ਸਿੰਘ ਬੇਦੀ ਦੀ 17ਵੀਂ ਬਰਸੀ ਮੌਕੇ ਧਾਰਮਕ ਸਮਾਗਮ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)- ਸੱਚਖੰਡ ਵਾਸੀ ਬਾਬਾ ਅਨੂਪ ਸਿੰਘ ਸ੍ਰੀ ਚੋਲਾ ਸਾਹਿਬ ਵਾਲਿਆ ਦੀ 17ਵੀਂ ਬਰਸੀ ਮੌਕੇ ਇਤਿਹਾਸਕ ਕਸਬਾ ਦੇ ਗੁਰਦੁਆਰਾ ਸੱਚਖੰਡ ਗੁਰੂ ਨਾਨਕ ਅਸਥਾਨ ਵਿਖੇ ਬਾਬਾ ਅਵਤਾਰ ਸਿੰਘ ਬੇਦੀ ਗੱਦੀ ਨਸੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ 'ਚ ਦੇਸ਼ਾਂ ਵਿਦੇਸ਼ਾਂ ਤੋਂ ਪੁੱਜੀਆਂ ਸੰਗਤਾਂ ਨੇ ਹਾਜਰੀ ਭਰੀ। ਇਸ ਮੌਕੇ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਹਜੂਰੀ ਰਾਗੀ ਭਾਈ ਅਮਰ ਸਿੰਘ ਜੌੜੀਆਂ ਵਾਲਿਆ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਦਾ ਕੀਰਤਨ ਤੇ ਪੰਥ ਦੇ ਮਹਾਨ ਢਾਡੀ ਅਤੇ ਕਵੀਸ਼ਰੀ ਜਥਿਆਂ ਵੱਲੋਂ ਆਈਆਂ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕੀਤਾ ਗਿਆ। ਇਸ ਮੌਕੇ ਬਾਬਾ ਅਵਤਾਰ ਸਿੰਘ ਬੇਦੀ ਵੱਲੋਂ ਬਾਬਾ ਸ੍ਰੀ ਚੰਦ ਜੀ ਦਾ ਆਰਤਾ ਗਾਇਨ ਕਰਨ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਬਾਬਾ ਅਵਤਾਰ ਸਿੰਘ ਬੇਦੀ ਨੇ ਦੂਰ ਦੁਰਾਡੇ ਤੋਂ ਪਹੁੰਚੀਆਂ ਸੰਗਤਾਂ ਨੂੰ ਸੰਬੋਧਨ ਕਰਦਿਆ ਹੋਇਆ ਕਿਹਾ ਕਿ ਅੱਜ ਅਸੀ ਆਪਣੇ ਪਿਤਾ ਵੱਡੇ ਬਾਬਾ ਜੀ ਸੱਚਖੰਡ ਵਾਸੀ ਬਾਬਾ ਅਨੂਪ ਸਿੰਘ ਬੇਦੀ ਜੀ ਦੀ ਯਾਦ ਨੂੰ ਤਾਜਾ ਕਰਦਿਆ ਹੋਇਆ ਉਨ੍ਹਾਂ ਦੀ 17ਵੀਂ ਬਰਸੀ ਮਨਾ ਰਹੇ ਹਾਂ,ਉਨ੍ਹਾਂ ਕਿਹਾ ਕਿ ਸਾਨੂੰ ਸੰਤਾਂ ਮਹਾਪੁਰਖਾ ਦੇ ਦਰਸਾਏ ਮਾਰਗ ਤੇ ਚੱਲਦਿਆ ਹੋਇਆ ਆਪਣਾ ਜੀਵਨ ਪ੍ਰਭੂ ਭਗਤੀ ਵਿਚ ਬਿਤਾਉਣਾ ਚਾਹੀਦਾ ਹੈ। ਉਨ੍ਹਾਂ ਆਈਆਂ ਸੰਗਤਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੇ ਲੜ ਲੱਗਣ ਲਈ ਪ੍ਰੇਰਦਿਆਂ ਕਿਹਾ ਕਿ ਗੁਰਬਾਣੀ ਸਮੁੱਚੀ ਮਨੁੱਖਤਾ ਲਈ ਮਾਰਗ ਦਰਸ਼ਨ ਹੈ ਅਤੇ ਗੁਰਬਾਣੀ ਦਾ ਉਚਾਰਨ ਕਰਨ ਨਾਲ ਮਨੁੱਖ ਦੀ ਆਤਮਾ ਪਵਿੱਤਰ ਹੋ ਜਾਂਦੀ ਹੈ । ਉਨ੍ਹਾਂ ਕਿਹਾ ਕਿ ਗੁਰਬਾਣੀ ਦਾ ਸਿਮਰਨ ਕਰਨ ਨਾਲ ਕਸ਼ਟਾਂ ਅਤੇ ਪਾਪਾਂ ਦਾ ਨਾਸ਼ ਹੁੰਦਾ ਹੈ । ਉਨਾਂ ਕਿਹਾ ਕਿ ਅੱਜ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਤੇ ਚੱਲਣ ਦੀ ਲੋੜ ਹੈ ਤਾਂ ਜੋ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਦੂਰ ਕੀਤਾ ਜਾ ਸਕੇ । ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।

## ਮਜ਼ਦੂਰਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਬੀ ਡੀ ਪੀ ਓ ਦਫਤਰ ਦਾ ਘਿਰਾਓ ਕੀਤਾ ਜਾਵੇਗਾ : ਮਨਜੀਤ ਰਾਜਾ



ਬਟਾਲਾ (ਤਰਲੋਕ ਬੱਗਾ) ਮਜ਼ਦੂਰ ਟਰੇਡ ਯੂਨੀਅਨ ਆਫ ਪੰਜਾਬ ਦੇ ਵਰਕਰਾਂ ਦੀ ਮੀਟਿੰਗ ਪਿੰਡ ਤਾਰਾਗੜ੍ਹ ਵਿਖੇ ਹੋਈ ਜਿਸ ਅਗਵਾਈ ਸੂਬਾ ਆਗੂ ਕਾਮਰੇਡ ਕਪਤਾਨ ਨੇ ਕੀਤੀ ਜਿਸ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਕਿਹਾ ਕਿ ਇਸ ਪਿੰਡ ਵਿੱਚ ਲੰਮੇ ਸਮੇਂ ਤੋਂ ਪਿੰਡ ਵਿਕਾਸ ਦੇ ਮੁੱਦੇ 'ਤੇ ਪਿੰਡ ਬਹੁਤ ਪੱਛੜਿਆ ਹੋਇਆ ਹੈ ਪਿੰਡ ਵਿੱਚ ਮਜਦੂਰ ਵਰਗ ਦਾ ਬਹੁਤ ਹੀ ਮਾੜਾ ਹਾਲ ਹੈ, ਪਿੰਡ ਦਾ ਈਸਾਈ ਭਾਈਚਾਰੇ ਦਾ ਕਬਰਸਤਾਨ ਦਾ ਬਹੁਤ ਮਾੜਾ ਹਾਲ ਹੈ, ਸਾਸਤੇ ਰਾਸ਼ਨ ਕਾਰਡਾਂ 'ਤੇ ਮਿਲਣ ਵਾਲੀ ਕਣਕ ਗਰੀਬੀ ਰੇਖਾ ਹੇਠ ਆਉਣ ਵਾਲੇ ਲੋਕਾਂ ਨੂੰ ਕਣਕ ਕੋਟਾਂ ਟਾਇਮ ਨਾਲ ਨਹੀਂ ਮਿਲ ਰਿਹਾ। ਮਨਰੇਗਾ ਸਕੀਮ ਤਹਿਤ ਮਜ਼ਦੂਰਾਂ ਨੂੰ ਮਿਲਣ ਵਾਲੇ ਕੰਮ ਕੀਤੇ ਦੇ ਪੈਸੇ ਨਹੀਂ ਮਿਲੇ ਇੱਕ ਸਾਲ ਤੋਂ ਨਹੀਂ ਮਿਲ ਰਹੇ ਮਜ਼ਦੂਰ ਬੇਰੋਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ, ਪਿੰਡ ਦੀਆਂ ਗਲੀਆਂ ਨਾਲੀਆਂ ਦਾ ਬਹੁਤ ਮਾੜਾ ਹਾਲ ਹੈ ਉਹਨਾਂ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਜਾਂ ਪ੍ਰਸ਼ਾਸ਼ਨ ਨੇ ਇਸ ਪਿੰਡ ਦੀਆਂ ਮਜ਼ਦੂਰਾ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਬੀ ਡੀ ਪੀ ਓ ਬਟਾਲਾ ਦਫਤਰ ਦਾ ਘਿਰਾਓ ਕੀਤਾ ਜਾਵੇਗਾ।

ਇਸ ਮੌਕੇ ਪਿੰਡ ਦੇ ਯੂਨੀਅਨ ਆਗੂ ਪ੍ਰਧਾਨ ਹਰਜੀਤ ਕੌਰ ਸੈਕਟਰੀ ਅਗਨੇਸ , ਛੱਬਾ ਸਰਬਜੀਤ ਕੌਰ ਰਾਜ, ਨਿੰਦਰ ਸੁਖਵਿੰਦਰ ਕੌਰ ਰਾਣੀ ਮੋਨਿਕਾ ਕਸਮੀਰੋ ਬਲਬੀਰ ਕੌਰ ਭੋਲੀ ਗੁਰਮਤਿ ਕੌਰ ਸੁਖਵਿੰਦਰ ਕੌਰ ਆਦਿ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਭਗਤ ਸੈਣ ਦਾ ਜਨਮ ਦਿਹਾੜਾ ਮਨਾਇਆ



ਅੰਮ੍ਰਿਤਸਰ (ਜਸਵੀਰ ਪੱਟੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਗਤ ਸੈਣ ਦਾ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸੰਬੰਧ ਵਿਚ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਉਪਰੰਤ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਸਲਵਿੰਦਰ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਹੁਕਮਨਾਮਾ ਗ੍ਰੰਥੀ ਭਾਈ ਸੁਖਵਿੰਦਰ ਸਿੰਘ ਨੇ ਸਰਵਣ ਕਰਵਾਇਆ। ਇਸ ਸਮੇਂ ਹਾਜ਼ਰ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਗ੍ਰੰਥੀ ਭਾਈ ਸੁਖਵਿੰਦਰ ਸਿੰਘ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਜਿਨ੍ਹਾਂ ਸਤਿਕਾਰਤ 15 ਭਗਤਾਂ ਦੀ ਬਾਣੀ ਦਰਜ ਹੈ ਉਨ੍ਹਾਂ ਵਿਚੋਂ ਭਗਤ ਸੈਣ ਜੀ ਵੀ ਇੱਕ ਹਨ। ਉਨ੍ਹਾਂ ਕਿਹਾ ਕਿ ਭਗਤ ਸੈਣ ਜੀ ਦੀ ਬਾਣੀ ਮਾਨਵਤਾ ਲਈ ਰਾਹ ਦਸੇਰਾ ਹੈ ਜਿਸ 'ਤੇ ਚੱਲ ਕੇ ਅਸੀਂ ਆਪਣਾ ਜੀਵਨ ਸਵਾਰ ਸਕਦੇ ਹਾਂ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਸਿਮਰਜੀਤ ਸਿੰਘ ਕੰਗ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਗੁਰਚਰਨ ਸਿੰਘ ਕੁਹਾਲਾ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਬਘੇਲ ਸਿੰਘ, ਜਗਤਾਰ ਸਿੰਘ, ਸਤਨਾਮ ਸਿੰਘ ਰਿਆੜ, ਨਰਿੰਦਰ ਸਿੰਘ, ਨਿਸ਼ਾਨ ਸਿੰਘ, ਨਿਸ਼ਾਨ ਸਿੰਘ ਜੱਫਰਵਾਲ, ਸੈਣ ਭਾਈਚਾਰੇ ਵੱਲੋਂ ਅਮਰੀਕ ਸਿੰਘ, ਗੁਰਦਿਆਲ ਸਿੰਘ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਸਕੂਲ 'ਚ ਟ੍ਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਸੈਮੀਨਾਰ



ਟਾਂਗਰਾ (ਲਾਡੀ ਮੱਲੀ) ਐਕਸੀਡੈਂਟਾਂ ਨਾਲ ਜਾ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਪੁਲਸ ਜਿਲ੍ਹਾ ਅਮ੍ਰਿਤਸਰ ਦਿਹਾਤੀ ਦੇ ਐਜੂਕੇਸ਼ਨ ਸੈਲ ਨੇ ਸੰਤ ਸਿੰਘ ਸੁੱਖਾ ਸਿੰਘ ਮਾਡਰਨ ਹਾਈ ਸਕੂਲ ਗੁਨੋਵਾਲ ਰੋਡ ਜੰਡਿਆਲਾ (ਥਾਨਾ ਜੰਡਿਆਲਾ) ਜਿਲ੍ਹਾ ਅਮਿੰਸਰ ਵਿਖੇ ਮਾਨਯੋਗ ਐਸ ਐਸ ਪੀ ਸਵੱਪਨ ਸ਼ਰਮਾ ਆਈ ਪੀ ਐਸ ਅਤੇ ਐਸ ਪੀ ਹੈਂਡ ਕੁਆਟਰ ਜਸਵੰਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਏ ਐਸ ਆਈ ਕਮਲ ਜੀਤ, ਏ ਐਸ ਆਈ ਰਣਜੀਤ ਸਿੰਘ ਨੇ ਬੱਚਿਆਂ ਨੂੰ ਟਰੈਫਿਕ ਬਾਰੇ ਜਾਣਕਾਰੀ ਦਿੱਤੀ।

16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਬਿਨਾਂ ਲਾਈਸੈਂਸ ਕੋਈ ਵੀ ਵਹੀਕਲ ਨਾ ਚਲਾਓ ਅਤੇ 18 ਸਾਲ ਤੋਂ ਉਪਰ ਲਾਈਸੈਂਸ ਵਾਲੇ ਵਿਅਕਤੀ ਨੂੰ ਮੋਟਰਸਾਇਕਲ ਚਲਾਉਣ ਸਮੇਂ ਹੈਲਮਟ ਜਰੂਰ ਪਾਉਣ/ਫੋਰ ਵੀਲਰ ਚਲਾਉਂਦੇ ਸਮੇਂ ਸੀਟ ਬੈਲਟ ਜਰੂਰ ਲਗਾਓ ਡਰਾਇਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ ਅਤੇ ਟਰੈਫਿਕ ਸੰਬੰਧੀ ਹੋਰ ਵੀ ਕਈ ਜਾਣਕਾਰੀਆਂ ਦਿੱਤੀਆਂ ਗਈਆਂ ਤਾਂ ਜੋ ਐਕਸੀਡੈਂਟਾਂ ਤੋਂ ਬਚਾ ਹੋ ਸਕੇ ਅਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ ਅਤੇ ਲੜਕੀਆਂ ਨੂੰ ਹੈਲਪਲਾਈਨ 181/112 ਤੋਂ ਜਾਣੂੰ ਕਰਵਾਇਆ ਅਤੇ ਸਕੂਲ ਆਉਂਦੇ ਜਾਂਦੇ ਸਮੇਂ ਰਸਤੇ 'ਚ ਕਿਸੇ ਅਨਜਾਣ ਵਿਅਕਤੀ ਕੋਲੋਂ ਕੋਈ ਚੀਜ ਲੈ ਕੇ ਨਹੀਂ ਖਾਣੀ, ਬਾਰੇ ਵੀ ਪ੍ਰੇਰਿਤ ਕੀਤਾ ਅਤੇ ਸਾਂਝ ਕੇਂਦਰ ਦੀਆਂ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ ਅਤੇ ਵੱਧ ਰਹੇ ਨਸ਼ੇ ਨੂੰ ਰੋਕਣ ਲਈ ਪੁਲਸ ਦੀ ਮਦਦ ਕਰਨ ਲਈ ਕਿਹਾ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸਤਪਾਲ ਸਿੰਘ ਅਤੇ ਹੋਰ ਟੀਚਰ ਸਹਿਬਾਨ ਵੀ ਹਾਜ਼ਰ ਸਨ।

## ਪਰਨੋ ਰਿਕਾਰਡ ਇੰਡੀਆ ਨੇ ਆਪਣੀ ਰੇਂਜ ਘੱਟ ਕਰਨ ਲਈ ਸ਼ੁਰੂ ਕੀਤੀ ਮੁਹਿੰਮ

ਬਠਿੰਡਾ : ਵਾਈਨ ਅਤੇ ਸ਼ਰਾਬ ਉਦਯੋਗ 'ਚ ਸੰਸਾਰ ਪੱਧਰੀ ਰੂਪ ਨਾਲ ਮੋਹਰੀ ਕੰਪਨੀ ਪਰਨੋ ਰਿਕਾਰਡ ਇੰਡੀਆ (ਪੀ ਆਰ ਆਈ ) ਨੇ ਆਪਣੀ ਪੈਕੇਜਿੰਗ ਤੋਂ ਪਰਮਾਨੈਂਟ ਮੋਨੋ ਕਾਰਟਨ ਖਤਮ ਕਰਨ ਦਾ ਅਭਿਆਨ ਅੱਗੇ ਵਧਾਉਂਦੇ ਹੋਏ ਉਦਯੋਗ 'ਚ ਪਹਿਲੀ ਵਾਰ ਇੱਕ ਅਨੌਖੀ ਪਹਿਲ ਸ਼ੁਰੂ ਕੀਤੀ ਹੈ। ਪਰਿਆਵਰਣ ਸੰਭਾਲ ਦੀ ਇਤਿਹਾਸਕ ਪਹਿਲ ਦੇ ਨਾਲ ਕੰਪਨੀ ਜੂਨ 2023 ਤੱਕ ਲੜੀਬੱਧ ਤਰੀਕੇ ਨਾਲ ਆਪਣੀ ਪੈਕੇਜਿੰਗ ਤੋਂ ਪਰਮਾਨੈਂਟ ਮੋਨੋ ਕਾਰਟਨ ਪੂਰੀ ਤਰ੍ਹਾਂ ਨਾਲ ਹਟਾ ਦੇਵੇਗੀ।

ਗ੍ਰੇਨ ਤੋਂ ਗਿਲਾਸ ਤੱਕ ਕੀਮਤ ਰੇਂਜ ਦੇ ਹਰੇਕ ਭਾਗ 'ਚ ਪੈਕੇਜਿੰਗ ਨਾਲ ਪਰਿਆਵਰਣ 'ਤੇ ਪੈਣ ਵਾਲਾ ਅਸਰ ਘੱਟ ਕਰਨ ਦੇ ਕੰਪਨੀ ਸੰਕਲਪ ਨੂੰ ਦਹੁਰਾਉਂਦੀ ਹੈ। ਇਸਦਾ ਮਕਸਦ ਇਹ ਵੀ ਹੈ ਕਿ ਮਕਸਦ ਦੇ ਨਾਲ ਚੱਲਣ ਵਾਲੇ ਅੱਜ ਦੇ ਉਪਭੋਗਤਾਵਾਂ ਨੂੰ ਖਰੀਦਦਾਰੀ ਦੇ ਸਮੇਂ ਪਰਿਆਵਰਣ ਹਿਤੈਸ਼ੀ ਫੈਸਲੇ ਕਰਨ ਦੇ ਲਈ ਪ੍ਰੇਰਿਤ ਕੀਤਾ ਜਾਵੇ। ਬਿਹਤਰ ਪਰਿਆਵਰਣ ਵਾਲੇ ਕੱਲ ਦੇ ਵੱਲ ਵਧਦੇ ਹੋਏ ਪਰਨੋ ਰਿਕਾਰਡ ਇੰਡੀਆ ਇਸ ਪਹਿ ਦੇ ਨਾਲ ਹਰ ਵਰ੍ਹੇ 7310 ਟਰਨ ਕਾਰਬਨ ਉਤਸਰਜਨ ਘੱਟ ਕਰਕੇ, 2.5 ਲੱਖ ਦਰਖਤ ਬਚਾ ਕੇ ਅਤੇ ਜਮੀਨ ਦੇ ਅੰਦਰ ਦਫਨ ਹੋਣ ਵਾਲਾ 18745 ਟਨ ਕੂੜਾ ਘਟਾ ਕੇ ਸੰਪੂਰਣ ਪ੍ਰਭਾਵ ਪਾਉਣਾ ਚਾਹੁੰਦੀ ਹੈ।

ਇਸ ਪਹਿਲ ਦੇ ਨਾਲ ਕੰਪਨੀ ਦਾ ਮਕਸਦ ਪੈਕੇਜਿੰਗ ਨਾਲ ਹੋਣ ਵਾਲੇ ਕੁੱਲ ਉਤਸਰਜਨ 'ਚ 2030 ਤੱਕ 75000 ਟਨ ਨਾਲੋਂ ਜਿਆਦਾ ਘਾਟ ਲਿਆਉਣਾ ਹੈ।ਇਸ ਪਹਿਲ ਦੇ ਬਾਰੇ 'ਚ ਪਰਨੋ ਰਿਕਾਰਡ ਇੰਡੀਆ ਦੇ ਚੀਫ ਕਮਰਸ਼ੀਅਲ ਅਫਸਰ ਰਣਜੀਤ ਓਕ ਨੇ ਕਿਹਾ, 'ਪਰਨੋ ਰਿਕਾਰਡ ਇੰਡੀਆ 'ਚ ਸਾਡਾ ਮਕਸਦ ਇਸ ਗ੍ਰਹਿ ਨੂੰ ਬਿਹਤਰ ਬਣਾਉਣਾ ਹੈ।'

## ਜ਼ਮੀਨ ਦੀ ਉਪਜਾਊ ਸ਼ਕਤੀ ਬਣਾਏ ਰੱਖਣ ਲਈ ਫਸਲੀ ਵਿਭਿੰਨਤਾ ਲਾਹੇਵੰਦ : ਡਾ ਭੁਪਿੰਦਰ ਸਿੰਘ



ਪੱਟੀ ( ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ) ਰਵਾਇਤੀ ਕਣਕ ਝੋਨੇ ਦੀ ਖੇਤੀ ਦੇ ਮੁਕਾਬਲੇ ਵੰਨ ਸੁਵੰਨੀ ਖੇਤੀ ਵੱਧ ਖੇਚਲ ਅਤੇ ਖਰਚਾ ਮੰਗਦੀ ਹੈ। ਪ੍ਰਚਲਿਤ ਕਣਕ ਝੋਨੇ ਦੀਆਂ ਫਸਲਾਂ ਦੇ ਨਿਸ਼ਚਿਤ ਭਾਅ ਅਤੇ ਦੂਜੀਆਂ ਫਸਲਾਂ ਦੇ ਮੁਕਾਬਲੇ ਮੰਡੀਕਰਨ ਵਿੱਚ ਅਸਾਨੀ ਹੋਣ ਕਰਕੇ ਬਹੁਤੇ ਕਿਸਾਨ ਕੋਈ ਪ੍ਰੇਸ਼ਾਨੀ ਨਹੀਂ ਸਹੇੜਨਾ ਚਾਹੁੰਦੇ। ਪਰ ਕੁਝ ਅਜਿਹੇ ਕਿਸਾਨ ਵੀ ਹਨ ਜੋ ਲਕੀਰ ਤੋਂ ਹੱਟ ਕੇ ਸੂਝਬੂਝ ਅਤੇ ਉੱਦਮ ਨਾਲ ਬਹੁਭਾਂਤੀ ਖੇਤੀ ਵਿਚੋਂ ਵੱਧ ਲਾਭ ਉਠਾ ਰਹੇ ਹਨ। ਅਜਿਹੀ ਮਿਸਾਲ ਹਨ ਪੱਟੀ ਇਲਾਕੇ ਦੇ ਕਿਸਾਨ ਪ੍ਰਿਥੀਪਾਲ ਸਿੰਘ ਬਾਠ। ਸ਼ੁਰੂਆਤ ਦੌਰਾਨ ਖੇਡ ਕੋਟੇ ਰਾਹੀਂ ਪੁਲਸ ਵਿਭਾਗ 'ਚ ਭਰਤੀ ਹੋਏ ਪ੍ਰਿਥੀਪਾਲ ਸਿੰਘ ਨੇ ਕੁਝ ਸਾਲ ਬਾਅਦ ਘਰੇਲੂ ਮਜਬੂਰੀ ਦੇ ਚੱਲਦਿਆਂ ਬਤੌਰ ਏਐਸਆਈ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਉਪਰੰਤ ਪਿਤਾ ਪੁਰਖੀ ਖੇਤੀ ਕਿੱਤੇ ਨੂੰ ਦਿਲ ਤੋਂ ਅਪਨਾਇਆ। ਖੇਤੀਬਾੜੀ ਦੌਰਾਨ ਤਕਨੀਕੀ ਅਤੇ ਵਪਾਰਕ ਸੋਚ ਅਪਨਾ ਕੇ ਰਵਾਇਤੀ ਕਣਕ ਝੋਨੇ ਦੀ ਬਜਾਏ 26 ਏਕੜ ਵਿੱਚ ਬਹੁਭਾਂਤੀ ਫਸਲਾਂ ਨੂੰ ਤਰਜੀਹ ਦਿੱਤੀ। ਇਸ ਤਰ੍ਹਾਂ ਉਸ ਨੇ ਲੱਗਭੱਗ 19 ਏਕੜ ਵਿੱਚ ਨਾਸ਼ਪਤੀ ਦਾ ਬਾਗ ਅਤੇ ਬਾਕੀ 7 ਏਕੜ ਵਿੱਚ ਕਣਕ, ਝੋਨੇ ਅਤੇ ਬਾਸਮਤੀ ਤੋਂ ਇਲਾਵਾ ਤੇਲ ਬੀਜ, ਸਬਜੀਆਂ ਆਦਿ ਬਹੁ ਭਾਂਤੀ ਫਸਲਾਂ ਨੂੰ ਤਰਜੀਹ ਦਿੱਤੀ ਹੈ। ਇਹਨਾਂ ਫਸਲਾਂ ਤੋਂ ਪੈਦਾ ਹੁੰਦੀ ਰਹਿੰਦ ਖੂੰਹਦ ਨੂੰ ਵੀ ਖੇਤਾਂ 'ਚ ਹੀ ਵਾਹ ਦਿੰਦਾ ਹੈ। ਇਸ ਤਰ੍ਹਾਂ ਕਰਦਿਆਂ ਉਹ ਕਣਕ ਝੋਨੇ ਦੀ ਰਵਾਇਤੀ ਖੇਤੀ ਨਾਲੋਂ ਨਾ ਸਿਰਫ ਵੱਧ ਆਮਦਨ ਲੈ ਰਿਹਾ ਹੈ ਸਗੋਂ ਉਥੇ ਖੇਤਾਂ ਦੀ ਉਪਜਾਊ ਸ਼ਕਤੀ ਅਤੇ ਜਮੀਨ ਦੀ ਸਿਹਤ ਨੂੰ ਠੀਕ ਰੱਖਣ ਵਿੱਚ ਵੀ ਕਾਮਯਾਬ ਹੋਇਆ ਹੈ। ਫਸਲਾਂ ਦੀ ਸੁਚੱਜੀ ਸਿੰਚਾਈ ਲਈ ਜ਼ਮੀਨਦੋਜ ਸਿਸਟਮ ਲਗਾਇਆ ਹੈ, ਜਿਸ ਸਦਕਾ ਪਾਣੀ ਦੀ ਵੱਡੀ ਬੱਚਤ ਹੋ ਜਾਂਦੀ ਹੈ। ਜਹਿਰ ਰਹਿਤ ਘਰੇਲੂ ਬਗੀਚੀ ਉਸ ਦੀ ਸੂਝਬੂਝ ਨੂੰ ਚਾਰ ਚੰਨ ਲਗਾਉਂਦੀ ਹੈ। ਕਿਸਾਨ ਦਾ ਮੰਨਣਾ ਹੈ ਕਿ ਹੋਰ ਧੰਦਿਆਂ ਦੀ ਕਾਮਯਾਬੀ ਵਾਂਗੂੰ ਖੇਤੀ ਵੀ ਖਸਮਾਂ ਸੇਤੀ ਹੈ ਭਾਵ ਕਿਸਾਨ ਨੂੰ ਇਕੱਲੇ ਕਾਮਿਆਂ ਤੇ ਕੰਮ ਨਹੀਂ ਛੱਡਣਾ ਚਾਹੀਦਾ ਸਗੋਂ ਬਰਾਬਰ ਖੇਤ ਵਿੱਚ ਮਿਹਨਤ ਅਤੇ ਨਿਗਰਾਨੀ ਕਰਨੀ ਚਾਹੀਦੀ ਹੈ। ਇਸ ਨਾਲ ਜਿਥੇ ਕਾਮਿਆਂ ਵਿੱਚ ਉਤਸ਼ਾਹ ਬਣਿਆ ਰਹਿੰਦਾ ਹੈ ਉਥੇ ਫਸਲਾਂ ਵੀ ਖੁਸ਼ ਹੋ ਜਾਂਦੀਆਂ ਹਨ।

ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ ਸੁਰਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾ ਤਹਿਤ ਕਿਸਾਨਾਂ ਦੇ ਉੱਦਮ ਨੂੰ ਉਤਸ਼ਾਹਿਤ ਕਰ ਰਹੇ ਖੇਤੀਬਾੜੀ ਅਫਸਰ , ਪੱਟੀ ਡਾ ਭੁਪਿੰਦਰ ਸਿੰਘ ਅਤੇ ਖੇਤੀਬਾੜੀ ਵਿਕਾਸ ਅਫਸਰ ਡਾ ਸੰਦੀਪ ਸਿੰਘ ਨੇ ਕਿਹਾ ਕਿ ਸਮੇਂ ਦੀ ਲੋੜ ਮੁਤਾਬਿਕ ਖੇਤੀ ਨੂੰ ਸੂਝਬੂਝ ਅਤੇ ਬਰੀਕੀ ਨਾਲ ਸਮਝ ਕੇ ਜਿਥੇ ਫਸਲਾਂ ਦੇ ਬਿਜਾਈ ਢੰਗਾਂ ਵਿੱਚ ਬਦਲਾਅ ਜਰੂਰੀ ਹੈ ਉਥੇ ਰਵਾਇਤੀ ਫਸਲਾਂ ਹੇਠੋਂ ਥੋੜ੍ਹਾ ਰਕਬਾ ਘਟਾ ਕੇ ਬਹੁਭਾਂਤੀ ਫਸਲਾਂ ਹੇਠ ਲਿਆਉਣ ਨਾਲ ਆਮਦਨ ਵਿੱਚ ਵਾਧਾ ਅਤੇ ਜਮੀਨ ਦੀ ਉਪਜਾਊ ਸ਼ਕਤੀ ਬਣਾਏ ਰੱਖਣ ਲਈ ਲਾਹੇਵੰਦ ਸਾਬਤ ਹੋਵੇਗਾ।

## ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੀ ਮਾਝਾ ਜ਼ੋਨ ਪੱਧਰੀ ਮੀਟਿੰਗ



ਬਟਾਲਾ (ਤਰਲੋਕ ਬੱਗਾ) ਫੈਜਪੁਰਾ ਰੋਡ ਵਿਖੇ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੀ ਮਾਝਾ ਜੋਨ ਪੱਧਰੀ ਮੀਟਿੰਗ ਕਾਮਰੇਡ ਸੁਖਦੇਵ ਸਿੰਘ ਭਾਗੋਕਾਵਾਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਬੋਲਦਿਆਂ ਮਾਂਝਾ ਜੋਨ ਦੇ ਸਕਤਰ ਬਲਬੀਰ ਸਿੰਘ ਮੂਧਲ, ਗੁਲਜਾਰ ਸਿੰਘ ਭੁੰਬਲੀ, ਬਲਬੀਰ ਸਿੰਘ ਝਾਮਕਾ ਅਤੇ ਲਿਬਰੇਸਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਪੁਲਸ ਦਾ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਰਾਜਸੀਕਰਨ ਕਰ ਦਿੱਤਾ ਗਿਆ ਹੈ, ਥਾਣੇ ਆਮ ਆਦਮੀ ਪਾਰਟੀ ਦੇ ਦਫਤਰਾ ਦੀ ਤਰ੍ਹਾਂ ਚਲਾਏ ਜਾ ਰਹੇ ਹਨ, ਉਨ੍ਹਾਂ ਮਿਸਾਲ ਦੇਦਿਆ ਕਿਹਾ ਕਿ ਘੁੰਮਣ ਕਲਾਂ ਥਾਣੇ ਦਾ ਥਾਨਾਮੁਖੀ ਲੋਕ ਆਗੂਆਂ ਦੇ ਟੈਲੀਫੋਨ ਸੁਣਨਾ ਵੀ ਮੁਨਾਸਿਬ ਨਹੀਂ ਸਮਝਦਾ, ਉਸ ਵਲੋਂ ਪਿੰਡ ਬੱਖਤਪੁਰ ਦੀ ਜ਼ਮੀਨੀ ਝਗੜੇ ਨੂੰ ਲੜਾਈ ਝਗੜੇ ਵਿਚ ਤਬਦੀਲ ਕੀਤਾ ਜਾ ਰਿਹਾ ਹੈ, ਥਾਣੇ ਦਾ ਡਿਪਟੀ ਸੁਪਰਡੈਂਟ ਪੁਲਸ ਨੇ ਬੱਖਤਪੁਰਾ ਦੇ ਜ਼ਮੀਨੀ ਸੰਬੰਧੀ ਵਫਦ ਨੂੰ ਮਿਲਣ ਤੋਂ ਵੀ ਇਨਕਾਰ ਕਰ ਦਿੱਤਾ।

ਆਗੂਆਂ ਆਪ ਸਰਕਾਰ ਵੱਲੋਂ ਪੁਲਸ ਦੇ ਰਾਜਸੀਕਰਨ ਦੀ ਸਖਤ ਨਿੰਦਾ ਕਰਦਿਆਂ ਇਸ ਨੀਤੀ ਵਿਰੁੱਧ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਲਿਬਰੇਸ਼ਨ ਨੇ ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਕਿ ਮਾਨ ਸਰਕਾਰ ਦੁਆਰਾ ਔਰਤਾਂ ਨਾਲ 1000 ਰੁਪਏ ਮਹੀਨਾ ਸਹਾਇਤਾ ਦੇਣ ਦੀ ਗਰੰਟੀ ਪੂਰੀ ਕਰਾਉਣ, ਰੇਤੇ ਬਜਰੀ ਦੀਆਂ ਕੀਮਤਾਂ ਥਾਂ ਸਿਰ ਲਿਆਉਣ, ਨੌਜਵਾਨਾਂ ਲਈ ਨੌਕਰੀ ਜਾਂ ਬੇਰੁਜਗਾਰੀ ਭੱਤਾ ਅਤੇ ਮਜਦੂਰਾਂ ਕਿਸਾਨਾਂ ਲਈ 60 ਸਾਲ ਦੀ ਉਮਰ ਤੋਂ ਬਾਅਦ 10000 ਰੁਪਏ ਬੁਢਾਪਾ ਅਤੇ ਵਿਧਵਾ ਪੈਨਸ਼ਨ ਕਰਨ ਅਤੇ ਪੰਜਾਬ ਦੇ ਸੰਘੀ ਢਾਂਚੇ ਨੂੰ ਬਚਾਉਣ ਲਈ ਦਸੰਬਰ ਦੇ ਆਖਰ ਵਿਚ ਸੰਘਰਸ਼ ਵਿੱਢਣ ਦਾ ਫੈਸਲਾ ਲਿਆ ਹੈ ਜਿਸ ਦੀ ਕੜੀ ਵਜੋਂ ਖਬੀਆਂ ਧਿਰਾਂ ਵੱਲੋਂ 29 ਦਸੰਬਰ ਨੂੰ ਚੰਡੀਗੜ੍ਹ ਵਿਖੇ ਕੰਨਵੈਨਸਨ ਕੀਤੀ ਜਾ ਰਹੀ ਹੈ ਜਿਸ ਵਿਚ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਮੀਟਿੰਗ ਵਿੱਚ ਵਿਜੇ ਸੋਹਲ, ਜੋਗਿੰਦਰ ਪਾਲ ਲੇਹਲ, ਦਲਵਿੰਦਰ ਸਿੰਘ ਪੰਨੂ, ਬੀਬੀ ਜਸਬੀਰ ਕੌਰ ਹੇਰ, ਮੰਗਲ ਸਿੰਘ ਧਰਮਕੋਟ ਅਤੇ ਕੁਲਦੀਪ ਰਾਜੂ ਵੀ ਸ਼ਾਮਲ ਸਨ।

## ਬਿਜਲੀ ਬੋਰਡ ਮ੍ਰਿਤਕ ਆਸ਼ਰਿਤਾਂ ਨੂੰ ਨੌਕਰੀ ਦੇਣ ਵਾਲਾ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਸਰਕਾਰ/ਪਾਵਰਕਾਮ ਨੇ ਗਲੋਂ ਗਲਾਵਾਂ ਲਾਹਿਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਬਿਜਲੀ ਬੋਰਡ/ਹੁਣ ਪਾਵਰਕਾਮ ਵਿੱਚ 2010 ਤੋਂ ਪਹਿਲਾਂ ਵਾਲੇ ਸਲੇਸੀਅਮ ਪਾਲਿਸੀ ਅਧੀਨ ਮ੍ਰਿਤਕ ਆਸਰਿਤ ਵਾਲੇ ਕੇਸ ਕਵਰ ਕਰਨ ਸਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਮ੍ਰਿਤਕ ਆਸ਼ਰਿਤ ਪਰਿਵਾਰ ਮਾਰੂ ਨੋਟੀਫਿਕੇਸ਼ਨ ਦੱਸਦਿਆਂ ਮ੍ਰਿਤਕ ਆਸ਼ਰਿਤ ਸੰਘਰਸ਼ ਕਮੇਟੀ ਬਿਜਲੀ ਬੋਰਡ ਹੁਣ ਪੀਐਸਪੀਸੀਐਲ ਨੇ ਪੰਜਾਬ ਸਰਕਾਰ ਤਿੱਖੀ ਅਲੋਚਨਾ ਕੀਤੀ ਹੈ। ਇਸ ਸੰਬੰਧੀ ਮ੍ਰਿਤਕ ਆਸ਼ਰਿਤ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਪੱਟੀ,ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਸਮਾਣਾ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਨਰੈਣ ਦੱਤ ਨੇ ਸਾਂਝੇ ਤੌਰ ਤੇ ਕਿਹਾ ਕਿ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ/ਪਾਵਰਕਾਮ ਮੈਨੇਜਮੈਂਟ ਆਪਣੇ ਦਿੱਤੇ ਹੋਏ ਬੈਨੀਫਿਟ ਮ੍ਰਿਤਕ ਆਸਰਿਤਾਂ ਕੋਲੋਂ ਵਿਆਜ ਸਮੇਤ ਮੰਗ ਰਹੇ ਹਨ। ਪਰ ਮ੍ਰਿਤਕ ਆਸਰਿਤ ਪਰਿਵਾਰਾਂ ਦੀ ਕਰੀਬ 20 ਸਾਲ ਹੋਈ ਬਰਬਾਦੀ ਤੇ ਖੱਜਲ ਖੁਆਰੀ ਦੀ ਭਰਪਾਈ ਕਰਨ ਬਜਾਏ ਪਾਵਰਕਾਮ ਵਿੱਚ ਨੌਕਰੀ ਦੇਣ ਲਈ ਆਸਰਿਤ ਪਰਿਵਾਰਾਂ ਨੂੰ ਬਰਬਾਦ ਕਰਨ ਵਾਲਾ ਨੋਟੀਫਿਕੇਸ਼ਨ ਜਾਰੀ ਕਰਕੇ "ਨਾ ਨੌ ਮਣ ਤੇਲ ਹੋਵੇ ਤੇ ਨਾ ਰਾਧਾ ਨਚੇ" ਵਾਲੀ ਕਹਾਵਤ ਨੂੰ ਪੰਜਾਬ ਸਰਕਾਰ/ਪਾਵਰਕਾਮ ਮੈਨੇਜਮੈਂਟ ਨੇ ਸੱਚ ਕਰ ਵਿਖਾਇਆ ਹੈ। ਜਦਕਿ ਮ੍ਰਿਤਕ ਆਸਰਿਤਾਂ ਨੇ ਲੰਮਾ ਸਮਾਂ ਜੋ ਸੰਤਾਪ ਭੋਗਿਆ ਹੈ ਉਸ ਦੀ ਭਰਪਾਈ ਕਰਨ ਲਈ ਪੰਜਾਬ ਸਰਕਾਰ ਤੇ ਪਾਵਰਕਾਮ ਮੈਨਜਮੈਂਟ ਨੇ ਹਾਸੋ-ਹੀਣਾ ਨੋਟੀਫਿਕੇਸ਼ਨ ਜਾਰੀ ਕਰਕੇ ਗਲੋਂ ਗਲਾਵਾਂ ਲਾਹੁਣ ਵਾਲਾ ਕੰਮ ਕੀਤਾ। ਆਗੂਆਂ ਦੱਸਿਆ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ/ਪਾਵਰਕਾਮ ਮੈਨੇਜਮੈਂਟ ਨੇ 2004 ਵਿੱਚ ਹੋਏ ਨੋਟੀਫਿਕੇਸ਼ਨ ਨੂੰ ਆਪਣੀ ਗਲਤੀ ਮੰਨਦੇ ਹੋਏ ਰੱਦ ਕਰਕੇ 16/4/2010 ਮ੍ਰਿਤਕ ਆਸਰਿਤਾਂ ਨੂੰ ਨੌਕਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆ ਸਨ, ਪਰ 2004 ਤੋਂ 2010 ਤੱਕ ਦੇ ਸਮੇਂ ਵਿਚਲੇ ਮ੍ਰਿਤਕ ਆਸਰਿਤਾਂ ਲਈ ਨੌਕਰੀਆਂ ਉਸ ਸਮੇਂ ਤੋਂ ਹੀ ਸ਼ੁਰੂ ਨਾ ਕਰਨੀਆਂ ਪਾਵਰਕਾਮ ਮੈਨੇਜਮੈਂਟ ਸਰਕਾਰ ਦੀ ਦੋਗਲੀ ਨੀਤੀ ਹੈ। ਜਿਸਦਾ ਦਾ ਖਮਿਆਜਾ ਆਸਰਿਤ ਪਰਿਵਾਰ ਕਰੀਬ 20 ਸਾਲ ਤੋਂ ਭੁਗਤ ਰਹੇ ਹਨ ਅਤੇ ਗੁਰਬਤ ਭਰਿਆ ਜੀਵਨ ਬਸਰ ਕਰ ਰਹੇ ਹਨ। ਹੁਣ ਨੋਟੀਫਿਕੇਸ਼ਨ ਜਾਰੀ ਕਰਨ ਸਮੇਂ ਮ੍ਰਿਤਕ ਆਸਰਿਤ ਪਰਿਵਾਰਾਂ ਦੀ ਉਮਰ ਅਤੇ ਆਰਥਿਕ ਹਾਲਾਤਾਂ ਨੂੰ ਬਿਲਕੁਲ ਅਣਗੌਲਿਆ ਗਿਆ ਹੈ। ਮ੍ਰਿਤਕ ਆਸਿਰਤਾਂ ਵੱਲ ਘੱਟੋ ਘੱਟ 20 ਲੱਖ ਤੋਂ ਲੈ ਕੇ ਲਗਪਗ 80 ਲੱਖ ਦੀ ਰਿਕਵਰੀ ਬਣਾਈ ਜਾ ਰਹੀ ਹੈ। ਜੋ ਜੁਆਇਨ ਸਮੇਂ ਕੁੱਲ ਰਕਮ ਦਾ 25 ਫੀਸਦ ਹਿੱਸਾ ਅਤੇ ਬਾਕੀ 75 ਫੀਸਦੀ ਹਿੱਸਾ ਇਕ ਸਾਲ 'ਚ ਹੀ ਜਮ੍ਹਾ ਕਰਵਾਉਣ ਵਾਲਾ ਨੌਕਰੀਯੋਗ ਹੋਵੇਗਾ। ਯੂਨੀਅਨ ਆਗੂਆਂ ਇਸ ਨੋਟੀਫਿਕੇਸ਼ਨ ਨੂੰ ਮ੍ਰਿਤਕ ਆਸਰਿਤ ਮਾਰੂ ਕਰਾਰ ਦਿੰਦਿਆਂ ਕਿਹਾ ਜੇਕਰ ਮ੍ਰਿਤਕ ਆਸਰਿਤ ਪਰਿਵਾਰਾਂ ਲੱਖਾਂ ਰੁਪਏ ਹੁੰਦੇ ਤਾਂ ਨੌਕਰੀ ਲਈ ਸੰਘਰਸ਼ ਕਰਨ ਦੀ ਕੀ ਲੋੜ ਸੀ। ਉਨ੍ਹਾਂ ਕਿਹਾ ਪੰਜਾਬ ਸਰਕਾਰ/ਪਾਵਰਕਾਮ ਵਲੋਂ ਅਸਿੱਧੇ ਤੌਰ ਤੇ ਲੱਖਾਂ ਰੁਪਏ ਵਿੱਚ ਮ੍ਰਿਤਕ ਆਸਰਿਤਾਂ ਨੂੰ ਨੌਕਰੀਆਂ ਵੇਚਣ ਵਾਲਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਜਦਕਿ ਨੌਕਰੀ ਪ੍ਰੋਬੇਸਨਲ ਪੀਰੀਅਡ ਤਿੰਨ ਸਾਲ ਹੈ ਅਤੇ ਇਸ ਦੌਰਾਨ ਨਾ ਮਾਤਰ ਤਨਖਾਹ ਦਿੱਤੀ ਜਾਣੀ ਹੈ। ਮ੍ਰਿਤਕ ਆਸਰਿਤ ਪਰਿਵਾਰ ਪਹਿਲਾਂ ਹੀ ਬੇਰੁਜ਼ਗਾਰ ਹੋਣ ਕਾਰਨ ਆਰਥਿਕ ਤੰਗੀ ਭੁਗਤ ਰਹੇ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਮ੍ਰਿਤਕ ਆਸਰਿਤਾਂ ਦੀ ਆਰਥਿਕ ਹਾਲਤ ਮੁੱਖ ਰੱਖਦੇ ਹੋਏ ਨੋਟੀਫਿਕੇਸ਼ਨ ਵਿੱਚ ਸੋਧ ਕਰਕੇ ਬਿਨਾ ਆਰਥਿਕ ਬੋਝ ਪੈਣ ਵਾਲਾ ਨੋਟੀਫਿਕੇਸ਼ਨ ਮੁੜ ਜਾਰੀ ਕੀਤਾ ਜਾਵੇ ਅਤੇ 2004 ਤੋਂ ਪਹਿਲਾਂ ਵਾਲੀ ਪਾਲਿਸੀ ਅਧੀਨ ਹੀ ਨੌਕਰੀ ਦਿੱਤੀ ਜਾਵੇ।

# ਪੰਜਾਬ ਸਰਕਾਰ ਤੇ ਐੱਨ ਆਰ ਆਈਜ਼ ਦੀ ਪਹਿਲ ਨਾਲ ਧੁੱਗਾ ਕਲਾਂ ਦੀ ਪੂਰੀ ਅਬਾਦੀ ਨੂੰ ਮਿਲੇਗੀ ਸੈਨੀਟੇਸ਼ਨ ਕਵਰੇਜ



**ਹੁਸ਼ਿਆਰਪੁਰ, ( ਉ.ਪੀ.ਰਾਣਾ)**-ਜ਼ਿਲ੍ਹੇ ਦੇ ਬਲਾਕ ਭੂੰਗਾ ਦੇ ਪਿੰਡ ਧੁੱਗਾ ਕਲਾਂ ਵਿਚ ਪੰਜਾਬ ਸਰਕਾਰ ਤੇ ਐਨ.ਆਰ.ਆਈਜ਼ ਦੇ ਸਹਿਯੋਗ ਨਾਲ ਅੰਡਰ ਗਰਾਊਂਡ ਸੀਵਰੇਜ ਸਿਸਟਮ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸ ਦਾ 25 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਪਿੰਡ ਵਿਚ ਚੱਲ ਰਹੇ ਇਸ ਵਿਕਾਸ ਕੰਮ ਦਾ ਨਿਰੀਖਣ ਕਰਨ ਲਈ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇਸ ਪਿੰਡ ਦਾ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ ਅਤੇ ਪੂਰੇ ਪ੍ਰੋਜੇਕਟ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਐਸ.ਡੀ.ਐਮ. ਦਸੂਹਾ ਓਜਸਵੀ ਅਲੰਕਾਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨੀਰਜ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਰੀਬ 2 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਇਸ ਪ੍ਰੋਜੈਕਟ ਵਿਚ 50-50 ਫੀਸਦੀ ਅੰਸ਼ਦਾਨ ਦੇ ਹਿਸਾਬ ਨਾਲ ਪੰਜਾਬ ਸਰਕਾਰ ਅਤੇ ਐਨ.ਆਰ.ਆਈਜ਼ ਵਲੋਂ ਸਹਿਯੋਗ ਕੀਤਾ ਜਾ ਰਿਹਾ ਹੈ, ਜਿਸ ਨਾਲ ਪਿੰਡ ਦੀ ਪੂਰੀ ਅਬਾਦੀ ਨੂੰ ਸੈਨੀਟੇਸ਼ਨ ਕਵਰੇਜ ਦਿੱਤਾ ਜਾਵੇਗਾ। ਪਿੰਡ ਵਿਚ ਪ੍ਰੋਜੈਕਟ ਦਾ ਨਿਰੀਖਣ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰੋਜੈਕਟ ਤਹਿਤ ਪਿੰਡ ਵਿਚ ਅੰਡਰ ਗਰਾਊਂਡ ਸੀਵਰੇਜ ਨੈਟਵਰਕ ਵਿਛਾਅ ਕੇ ਹਰ ਘਰ ਨੂੰ ਸੀਵਰੇਜ ਦਾ ਕੁਨੈਕਸ਼ਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪ੍ਰੋਜੈਕਟ ਵਿਚ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਖੁੱਲ੍ਹੀਆਂ ਨਾਲੀਆਂ ਨੂੰ ਕਵਰ ਕਰਕੇ ਗਲੀਆਂ ਦਾ ਦੁਬਾਰਾ ਨਿਰਮਾਣ ਕਰਵਾਇਆ ਜਾਵੇ। ਇਸ ਤੋਂ ਇਲਾਵਾ ਵੱਡਾ ਟੈਂਕ ਬਣਾ ਕੇ ਸਾਰਾ ਪਾਣੀ ਉਸ ਵਿਚ ਡਿਸਚਾਰਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਵਿਭਾਗ ਵਲੋਂ ਪੂਰੇ ਪ੍ਰੋਜੈਕਟ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦੇ ਪਿੰਡਾਂ ਦੇ ਵਿਕਾਸ ਵਿਚ ਇਥੋਂ ਦੇ ਐਨ.ਆਰ.ਆਈਜ਼ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਐਨ.ਆਰ.ਆਈਜ਼ ਵੱਖ-ਵੱਖ ਖੇਤਰਾਂ ਵਿਚ ਵਿਕਾਸ ਕੰਮ ਕਰਵਾ ਰਹੇ ਹਨ, ਜਿਸ ਦੀ ਤਾਜ਼ਾ ਮਿਸਾਲ ਬਲਾਕ ਭੂੰਗਾ ਦਾ ਪਿੰਡ ਧੁੱਗਾ ਕਲਾਂ ਹੈ। ਇਸ ਪਿੰਡ ਵਿਚ ਪੰਜਾਬ ਸਰਕਾਰ ਦੀ 'ਐਨ.ਆਰ.ਆਈ-1 ਪ੍ਰੋਵਿਸ਼ਨ ਫਾਰ ਮੈਚਿੰਗ ਸ਼ੇਅਰ ਫਾਰ ਪ੍ਰੋਵਾਈਡਿੰਗ ਬੇਸਿਕ ਇਨਫਰਾਸਟਰੱਕਚਰ ਫਾਰ ਕਮਿਊਨਿਟੀ ਡਿਵੈਲਪਮੈਂਟ ਇਨ ਰੂਰਲ ਏਰੀਆਜ਼ ਥਰੂ ਐਨ.ਆਰ.ਆਈ' ਸਕੀਮ ਤਹਿਤ ਇਸ ਪ੍ਰੋਜੈਕਟ ਨੂੰ ਚਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਚਾਇਤ ਵਿਭਾਗ ਨਾਲ ਮਿਲ ਕੇ ਇਸ ਪ੍ਰੋਜੈਕਟ ਦਾ ਕੰਮ ਵਿਲੇਜ ਲਾਈਫ ਇੰਪਰੂਵਮੈਂਟ ਫਾਊਂਡੇਸ਼ਨ ਵਲੋਂ ਕਰਵਾਇਆ ਜਾ ਰਿਹਾ ਹੈ ਅਤੇ ਇਸ ਪ੍ਰੋਜੈਕਟ ਵਿਚ ਐਨ.ਆਰ.ਆਈਜ਼ ਡਾ. ਗੁਰਪ੍ਰੀਤ ਸਿੰਘ ਧੁੱਗਾ, ਸੇਵਾ ਮੁਕਤ ਪ੍ਰਿੰਸੀਪਲ ਤਰਸੇਮ ਸਿੰਘ, ਐਸ.ਐਸ. ਬਾਜਵਾ, ਗ੍ਰਾਮ ਪੰਚਾਇਤ ਅਤੇ ਹੋਰਨਾਂ ਐਨ.ਆਰ.ਆਈਜ਼ ਵਲੋਂ ਸ਼ਲਾਘਾਯੋਗ ਯੋਗਦਾਨ ਦਿੱਤਾ ਜਾ ਰਿਹਾ ਹੈ। ਕੋਮਲ ਮਿੱਤਲ ਨੇ ਕਿਹਾ ਕਿ ਖ਼ੁਸ਼ੀ ਦੀ ਗੱਲ ਹੈ ਕਿ ਵਿਦੇਸ਼ਾਂ ਵਿਚ ਗਏ ਪਿੰਡ ਦੇ ਲੋਕ ਪਿੰਡ ਦੇ ਵਿਕਾਸ ਨੂੰ ਲੈ ਕੇ ਬੇਹੱਦ ਗੰਭੀਰ ਹਨ ਅਤੇ ਇਸ ਵਿਚ ਆਪਣਾ ਪੂਰਾ ਸਹਿਯੋਗ ਦੇ ਰਹੇ ਹਨ। ਉਨ੍ਹਾਂ ਜ਼ਿਲ੍ਹੇ ਦੀਆਂ ਹੋਰਨਾਂ ਗ੍ਰਾਮ ਪੰਚਾਇਤਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਆਪਣੇ ਪਿੰਡਾਂ ਵਿਚ ਐਨ.ਆਰ.ਆਈਜ਼ ਦੇ ਸਹਿਯੋਗ ਨਾਲ ਪਿੰਡਾਂ ਦੇ ਵਿਕਾਸ ਲਈ ਪ੍ਰੋਜੈਕਟ ਸ਼ੁਰੂ ਕਰਨ, ਜਿਸ ਵਿਚ ਸਰਕਾਰ ਵਲੋਂ ਪੂਰੀ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਦਾ ਵਿਕਾਸ ਤਾਂ ਹੀ ਸੰਭਵ ਹੈ, ਜਦ ਉਥੋਂ ਦੇ ਪਿੰਡਾਂ ਦਾ ਵਿਕਾਸ ਹੋਵੇ ਅਤੇ ਪਿੰਡਾਂ ਦਾ ਵਿਕਾਸ ਉਥੋਂ ਦੀਆਂ ਪੰਚਾਇਤਾਂ ਅਤੇ ਸਥਾਨਕ ਲੋਕਾਂ ਦੇ ਸਹਿਯੋਗ ਤੋਂ ਬਗੈਰ ਸੰਭਵ ਨਹੀਂ ਹੈ।

# ਡਾ. ਗੋਪਾਲ ਸਿੰਘ ਬੁੱਟਰ ਬਣੇ ਅਧਿਐਨ ਕੇਂਦਰ ਦੇ ਡਾਇਰੈਕਟਰ




**ਜਲੰਧਰ (ਕੇਸਰ)**-ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਡਾ. ਗੋਪਾਲ ਸਿੰਘ ਬੁੱਟਰ ਨੂੰ ਨਵੇਂ ਸਥਾਪਤ ਕੀਤੇ ਗਏ ਅਧਿਐਨ ਕੇਂਦਰ ਦਾ ਪ੍ਰਥਮ ਡਾਇਰੈਕਟਰ ਨਿਯੁਕਤ ਕੀਤਾ। ਇਸ ਮੌਕੇ 'ਤੇ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕਾਮਰੇਡ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਇਨਕਲਾਬੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਤੇ ਕਮੇਟੀ ਦੇ ਟਰੱਸਟੀ ਕਾਮਰੇਡ ਮੰਗਤ ਰਾਮ ਪਾਸਲਾ ਨੇ ਰਸਮੀ ਤੌਰ 'ਤੇ ਡਾਇਰੈਕਟਰ ਦੀ ਕੁਰਸੀ 'ਤੇ ਬਿਠਾਇਆ ਅਤੇ ਉਨ੍ਹਾਂ ਨੂੰ ਇਹ ਸੇਵਾ ਪ੍ਰਦਾਨ ਕਰਨ ਲਈ ਧੰਨਵਾਦੀ ਸ਼ਬਦ ਕਹੇ ਅਤੇ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਸੰਤ ਹੀਰਾ ਦਾਸ ਸਿੱਖਿਆ ਸੰਸਥਾਵਾਂ ਦੇ ਮੈਨੇਜਿੰਗ ਡਾਇਰੈਕਟਰ ਡਾ. ਰਾਮ ਮੂਰਤੀ, ਕਾਮਰੇਡ ਪਰਮਜੀਤ ਸਿੰਘ ਸਮਰਾ ਤੇ ਦੂਰਦਰਸ਼ਨ ਕੇਂਦਰ ਜਲੰਧਰ ਦੇ ਸਾਹਿਤਕ ਪ੍ਰੋਗਰਾਮਾਂ ਦੇ ਸੇਵਾ-ਮੁਕਤ ਪ੍ਰੋਡਿਊਸਰ ਸ੍ਰੀਮਤੀ ਕੁਲਵਿੰਦਰ ਕੌਰ ਬੁੱਟਰ ਨੇ ਵੀ ਡਾ. ਗੋਪਾਲ ਸਿੰਘ ਬੁੱਟਰ ਨੂੰ ਨਵੀਂ ਮਿਲੀ ਸੇਵਾ ਲਈ ਵਧਾਈ ਅਤੇ ਸ਼ੁੱਭ-ਕਾਮਨਾਵਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਡਾ. ਗੋਪਾਲ ਸਿੰਘ ਬੁੱਟਰ ਉੱਤਰੀ ਭਾਰਤ ਦੀ ਸਿਰਮੌਰ ਸੰਸਥਾ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਬਤੌਰ ਮੁਖੀ ਪੰਜਾਬੀ ਵਿਭਾਗ ਸੇਵਾ ਮੁਕਤ ਹੋਏ ਹਨ। ਉਨ੍ਹਾਂ ਨੇ ਅਧਿਐਨ ਤੇ ਅਧਿਆਪਨ ਨਾਲ ਸਬੰਧਤ ਹੁਣ ਤੱਕ ਚਾਰ ਮੁੱਲਵਾਨ ਪੁਸਤਕਾਂ ਪੰਜਾਬੀ ਖੋਜ ਅਤੇ ਚਿੰਤਨ ਦੀ ਝੋਲੀ ਪਾਈਆਂ ਹਨ। ਉਨ੍ਹਾਂ ਨੇ ਤਿੰਨ ਪੁਸਤਕਾਂ ਗ਼ਦਰੀ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਨਾਲ ਸੰਬੰਧਿਤ ਦਾ ਸੰਪਾਦਨ ਵੀ ਕੀਤਾ ਹੈ ਅਤੇ ਉਹ ਬਜਾਤੇ ਖ਼ੁਦ ਗ਼ਦਰ ਦੇ ਇਤਿਹਾਸ ਸਬੰਧੀ ਖੋਜਬੀਨ ਵਿੱਚ ਡੂੰਘੀ ਦਿਲਚਸਪੀ ਰੱਖਦੇ ਹਨ। ਇਸ ਅਵਸਰ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕਾਮਰੇਡ ਅਜਮੇਰ ਸਿੰਘ ਸਮਰਾ ਨੇ ਡਾ. ਬੁੱਟਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਯਕੀਨ ਦੁਵਾਇਆ। ਉਨ੍ਹਾਂ ਦੇ ਨਾਲ ਇਸ ਮੌਕੇ 'ਤੇ ਡਾ. ਬੁੱਟਰ ਨੂੰ ਵਧਾਈ ਤੇ ਸ਼ੁੱਭ-ਕਾਮਨਾਵਾਂ ਦੇਣ ਵਾਲਿਆਂ ਵਿੱਚ ਕਮੇਟੀ ਦੇ ਸਹਾਇਕ ਸਕੱਤਰ ਕਾਮਰੇਡ ਚਰੰਜੀ ਲਾਲ ਕੰਗਣੀਵਾਲ ਤੇ ਮੈਂਬਰ ਵਿਜੈ ਬੰਬੇਲੀ ਵੀ ਸ਼ਾਮਲ ਸਨ।

## ਜਨਮ ਦਿਨ ਮੁਬਾਰਕ



ਮਨਕੀਰਤ ਸਿੰਘ ਜੋਸਨ (ਪਿੰਡ ਚੱਕ ਜੰਡਵਾਲਾ)



ਆਦਿਸ਼ਵਰ ਸਿੱਕਾ (ਜਲੰਧਰ)



ਪ੍ਰਭਨੂਰ (ਗੁਰਦਾਸਪੁਰ)



ਹਸਰਤ (ਮਲੋਟ)

## ਵਰ੍ਹੇਗੰਢ ਮੁਬਾਰਕ



ਏ ਐੱਸ ਆਈ ਭਾਗ ਸਿੰਘ ਬਾਂਠ ਤੇ ਰਣਜੀਤ ਕੌਰ ਬਾਂਠ ਪਿੰਡ ਪਲਾਸੀ, ਜ਼ਿਲ੍ਹਾ ਰੂਪਨਗਰ ਨੇ ਵਿਆਹ ਦੀ 30ਵੀਂ ਵਰ੍ਹੇਗੰਢ ਬੂਟੇ ਲਗਾ ਕੇ ਮਨਾਈ।

# ਆਧੁਨਿਕ ਤਕਨੀਕਾਂ ਨਾਲ ਵਿੱਦਿਆਰਥੀਆਂ ਨੂੰ ਜੋੜਨ ਲਈ ਸੀ ਐੱਨ ਸੀ ਮਸ਼ੀਨਾਂ 'ਤੇ ਸੈਮੀਨਾਰ



**ਜਲੰਧਰ (ਸੈਲੀ ਐਲਬਰਟ)**-ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਨੁਮਾਈ ਹੇਠ ਇੰਟ੍ਰਨਲ ਕੋਆ੍ਡੀਨੇਟਰ ਪ੍ਰੋ. ਕਸ਼ਮੀਰ ਕੁਮਾਰ ਦੀ ਯੋਗ ਅਗਵਾਈ ਵਿੱਚ ਕਾਲਜ ਦੇ ਸੀ.ਡੀ.ਟੀ.ਪੀ ਵਿਭਾਗ ਵਲੋਂ ਮਕੈਨੀਕਲ ਵਿਭਾਗ ਦੀ ਮੱਦਦ ਨਾਲ ਸੀ.ਐਨ.ਸੀ. ਮਸ਼ੀਨਾਂ 'ਤੇ ਸੈਮੀਨਾਰ ਕਰਵਾਇਆ ਗਿਆ । ਗੋਰਵ ਸ਼ਰਮਾ (ਲੈਕਚਰਾਰ ਮਕੈਨੀਕਲ) ਮੁੱਖ ਬੁਲਾਰੇ ਸਨ।ਇੰਟ੍ਰਨਲ ਕੋਆ੍ਡੀਨੇਟਰ ਨੇ ਸਾਰੇ ਭਾਗੀਦਾਰਾਂ ਦਾ ਸਵਾਗਤ ਕਰਦੇ ਹੋਏ ਸੈਮੀਨਾਰ ਸ਼ੁਰੂ ਕਰਵਾਇਆ । ਗੋਰਵ ਸ਼ਰਮਾ ਨੇ ਸੀ.ਐ.ਸੀ. ਮਸ਼ੀਨਾਂ ਦੇ ਫਾਇਦੇ ਅਤੇ ਉਨ੍ਹਾਂ ਦੀ ਅਜੋਕੇ ਸਮੇਂ ਵਿੱਚ ਵਰਤੋਂ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਅੱਜ-ਕੱਲ੍ਹ ਇਨ੍ਹਾਂ ਮਸ਼ੀਨਾਂ ਦੀ ਮੱਦਦ ਨਾਲ ਊਰਜਾ ਅਤੇ ਮਨੁੱਖੀ ਸ਼ਕਤੀ ਨੂੰ ਬਚਾਉਣ ਦੀ ਬਹੁਤ ਲੋੜ ਹੈ। ।ਨਵੀਆਂ ਤਕਨੀਕਾਂ ਦੀ ਜਾਣਕਾਰੀ ਨਾਲ ਵਿਦਿਆਰਥੀ ਆਟੋਮੇਸ਼ਨ ਇੰਡਸਟ੍ਰੀ ਵਿੱਚ ਆਪਣਾ ਭਵਿੱਖ ਉੱਜਵਲ ਬਣਾ ਸਕਦੇ ਹਨ। ਇਸ ਸਮਾਰਟ ਤਕਨੀਕ ਨਾਲ ਜਿੱਥੇ ਸਮੇ ਦੀ ਬੱਚਤ ਹੁੰਦੀ ਹੈ ਉੱਥੇ ਮਨੁੱਖੀ ਸ਼ਕਤੀ ਅਤੇ ਊਰਜਾ ਦੀ ਵੀ ਘੱਟ ਜਰੂਰਤ ਪੈਂਦੀ ਹੈ। ਇਨ੍ਹਾਂ ਤਕਨੀਕਾਂ ਨੂੰ ਅਪਣਾਉਣ ਨਾਲ ਵਾਤਾਵਰਣ ਵੀ ਸੁਰਖਿੱਅਤ ਰਹਿੰਦਾ ਹੈ।ਪਿੰਸੀਪਲ ਨੇ ਸੀ.ਐ.ਸੀ ਮਸ਼ੀਨਾਂ ਦੀ ਵਰਤੋਂ ਨੂੰ ਅਜੋਕੇ ਸਮੇਂ ਦੀ ਭੱਖਦੀ ਲੋੜ ਦੱਸਿਆ। ਇਸ ਸੈਮੀਨਾਰ ਵਿੱਚ ਅਪਾਇਡ ਸਾਇੰਸ ਅਤੇ ਇਲੈਕਟ੍ਰੀਕਲ ਵਿਭਾਗ ਦਾ ਸਾਰਾ ਸਟਾਫ਼ ਅਤੇ ਲੱਗ-ਭੱਗ 200 ਵਿੱਦਿਆਰਥੀ ਮੌਜੂਦ ਸਨ।ਸੀ.ਡੀ.ਟੀ.ਪੀ ਸਕੀਮ ਦੇ ਜਾਗਰੂਕ ਪੱਖ ਨੂੰ ਉਜਾਗਰ ਕਰਨ ਲਈ ਸੀ.ਐਨ.ਸੀ ਮਸ਼ੀਨਾਂ ਨਾਲ ਸਬੰਧਤ ਇੱਕ ਰੰਗੀਨ ਇਸ਼ਤਿਹਾਰ ਵੀ ਜਾਰੀ ਕੀਤਾ ਗਿਆ । ਪ੍ਰੋ.ਅਰਵਿੰਦ ਦੱਤਾ ਨੇ ਇਸ ਸੈਮੀਨਾਰ ਵਿੱਚ ਕੋਆਰਡੀਨੇਟਰ ਦੀ ਭੂਮੀਕਾ ਨਿਭਾਈ।ਅੰਤ ਵਿੱਚ ਪੋ. ਕਸ਼ਮੀਰ ਕੁਮਾਰ ਨੇ ਮੁੱਖ ਬੁਲਾਰੇ ਅਤੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ।ਇਹ ਸੈਮੀਨਾਰ ਮੈਡਮ ਨੇਹਾ ਦੇ ਅਥਾਹ ਯਤਨਾਂ ਸਦਕਾ ਨੇਪਰੇ ਚੜਿਆ ਅਤੇ ਵਿਦਿਆਰਥੀਆਂ ਦੇ ਦਿੱਲਾਂ ਵਿੱਚ ਅਮਿੱਟ ਛਾਪ ਛੱਡ ਗਿਆ। ।

# ਸੀ ਪੀ ਆਈ (ਐੱਮ-ਐੱਲ) ਵੱਲੋਂ ਭਲਕ ਦੀਆਂ ਰੈਲੀਆਂ ਤੇ ਵਿਰੋਧ ਪ੍ਰਦਰਸ਼ਨਾਂ ਨੂੰ ਸਫਲ ਬਣਾਉਣ ਦਾ ਸੱਦਾ

**ਜਲੰਧਰ, (ਕੇਸਰ)**-ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕਰੇਸੀ ਦੇ ਸੀਨੀਅਰ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੰਘੀ ਸਰਕਾਰ ਆਪਣੇ ਆਪ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਦਾਅਵਾ ਕਰਦੀ ਹੈ ਪਰ ਅਸਲ ਵਿੱਚ ਉਹ ਲੋਕਾਂ ਦੇ ਅਧਿਕਾਰਾਂ ਉੱਪਰ ਸਭ ਤੋਂ ਵੱਧ ਹਮਲੇ ਕਰ ਰਹੀ ਹੈ। ਕਾਰਪੋਰੇਟ ਨੂੰ ਜਲ, ਜੰਗਲ, ਜ਼ਮੀਨ ਸੌਂਪਣ ਵਿਰੁੱਧ ਸੰਘਰਸ਼ ਕਰ ਰਹੇ ਆਦਿਵਾਸੀਆਂ ਤੇ ਉਨ੍ਹਾਂ ਦੇ ਆਗੂਆਂ/ਸਮਰਥਕਾਂ ਨੂੰ ਸਾਲਾਂ ਤੋਂ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਨੂੰ ਬਿਨਾਂ ਜ਼ਮਾਨਤ ਦਿੱਤਿਆਂ ਯੂ.ਏ.ਪੀ.ਏ., ਐਨ.ਐਸ.ਏ., ਅਫਸਪਾ ਤਹਿਤ ਜੇਲ੍ਹਾਂ ਵਿੱਚ ਬੰ ਦਕੀਤਾ ਹੋਇਆ ਹੈ ਤੇ ਇਨ੍ਹਾਂ ਦੇ ਜ਼ਮਾਨਤ, ਪੈਰੋਲ ਦੇ ਕਾਨੂੰਨੀ ਅਧਿਕਾਰਾਂ ਦਾ ਵੀ ਘਾਣ ਕੀਤਾ ਜਾ ਰਿਹਾ ਹੈ। ਦੇਸ਼ ਦੇ ਬਾਕੀ ਰਹਿੰਦੇ ਸੰਘੀ ਢਾਂਚੇ ਨੂੰ ਖਤਮ ਕਰਨ ਲਈ ਕੇਂਦਰੀ ਜਾਂਚ ਏਜੰਸੀ ਦੇ ਸੂਬਿਆਂ ਵਿੱਚ ਦਫ਼ਤਰ ਖੋਲ੍ਹੇ ਜਾ ਰਹੇ ਹਨ। ਯੂਨੀਫਾਰਮ ਸਿਵਲ ਕੋਡ ਦੇ ਨਾਂ ਹੇਠ ਘੱਟ ਗਿਣਤੀਆਂ ਦੀ ਜੀਵਨ-ਜਾਚ 'ਤੇ ਹਮਲਾ ਕੀਤਾ ਜਾ ਰਿਹਾ ਹੈ ਅਤੇ ਦੇਸ਼ ਦੀ ਵੰਨ-ਸੁਵੰਨਤਾ ਨੂੰ ਖਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਸਮੂਹ ਜਮਹੂਰੀਅਤ ਪਸੰਦ, ਇਨਸਾਫਪਸੰਦ, ਜੱਥੇਬੰਦੀਆਂ/ਲੋਕਾਂ ਨੂੰ ਇਸ ਵਿਰੁੱਧ ਆਵਾਜ਼ ਉਠਾਉਣ ਦਾ ਸੱਦਾ ਦਿੰਦਿਆਂ 10 ਦਸੰਬਰ ਦੇ ਪ੍ਰਦਰਸ਼ਨਾਂ ਨੂੰ ਸਫ਼ਲ ਬਣਾਉਣ ਲਈ ਕਿਹਾ।

# ਸਰਕਾਰ ਦਾ ਪ੍ਰਾਈਵੇਟ ਸਕੂਲਾਂ ਦੀਆਂ ਬੱਸਾਂ ਵੱਲ ਧਿਆਨ ਨਾ ਹੋਣਾ ਚਿੰਤਾ ਦਾ ਵਿਸ਼ਾ : ਕੌੜਾ



**ਸੁਲਤਾਨਪੁਰ ਲੋਧੀ ( ਬਲਵਿੰਦਰ ਸਿੰਘ ਧਾਲੀਵਾਲ)**- ਆਮ ਆਦਮੀ ਪਾਰਟੀ ਦੇ ਕਿਸਾਨ ਵਿੰਗ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਕਰਮਜੀਤ ਸਿੰਘ ਕੌੜਾ ਫੱਤੋਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਮਾਨਯੋਗ ਮੁੱਖ ਮੰਤਰੀ ਪੰਜਾਬ ਵਲੋਂ ਸੂਬਾ ਵਾਸੀਆਂ ਦੇ ਹਿੱਤਾਂ ਲਈ ਵੱਡੇ-ਵੱਡੇ ਫੈਸਲੇ ਲਏ ਜਾ ਰਹੇ ਹਨ,ਜਿਸ ਨਾਲ ਪੰਜਾਬ ਵਾਸੀ ਖੁਸ਼ ਨਜਰ ਆ ਰਹੇ ਹਨ ਪ੍ਰੰਤੂ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਪੰਜਾਬ ਪੁਲਿਸ ਦਾ ਧਿਆਨ ਪ੍ਰਾਈਵੇਟ ਸਕੂਲਾਂ ਦੀਆਂ ਚੱਲ ਰਹੀਆਂ ਬੱਸਾਂ ਵੱਲ ਨਹੀਂ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਉਹਨਾਂ ਕਿਹਾ ਕਿ ਬਲਾਕ ਸੁਲਤਾਨਪੁਰ ਲੋਧੀ ਦੇ ਕੁਝ ਪ੍ਰਾਈਵੇਟ ਸਕੂਲ ਆਪਣੇ ਨਿੱਜੀ ਸੁਆਰਥ ਲਈ ਮਾਸੂਮ ਬੱਚਿਆਂ ਦੀਆਂ ਜਾਨਾਂ ਖਤਰੇ ਵਿੱਚ ਪਾ ਕੇ ਆਪਣੀਆਂ ਜੇਬਾਂ ਪੈਸਿਆ ਨਾਲ ਭਰ ਰਹੇ ਹਨ। ਉਥੇ ਹੀ ਪ੍ਰਾਈਵੇਟ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੁਆਰਾ ਸਕੂਲੀ ਬੱਸਾਂ ਲਈ ਜੋ ਹੁਕਮ ਜਾਰੀ ਕੀਤੇ ਹਨ, ਉਹਨਾਂ ਹੁਕਮਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੀਆਂ ਹਨ। ਉਹਨਾਂ ਕਿਹਾ ਕਿ ਮਾਣਯੋਗ ਹਾਈਕੋਰਟ ਪੰਜਾਬ ਅਤੇ ਹਰਿਆਣਾ ਦੀਆਂ ਹਦਾਇਤਾਂ ਅਨੁਸਾਰ ਹਰ ਇੱਕ ਸਕੂਲ ਬੱਸਾਂ ਕੋਲ ਸਾਲਾਨਾ ਫਿਟਨੈਸ ਸਰਟੀਫਿਕੇਟ,ਇੰਸ਼ੋਰੈਂਸ ਸਰਟੀਫਿਕੇਟ ਅਤੇ ਬੱਸ ਡਰਾਈਵਰ ਕੋਲ ਘੱਟੋ-ਘੱਟ ਪੰਜ ਸਾਲ ਦਾ ਤਰਜਬਾ ਬਤੌਰ ਡਰਾਈਵਰ ਹੋਣਾ ਲਾਜਮੀ ਹੈ। ਇਸਦੇ ਨਾਲ ਹੀ ਹਰ ਇੱਕ ਸਕੂਲ ਵੈਨ 'ਚ ਡਰਾਈਵਰ ਤੋਂ ਇਲਾਵਾ ਇੱਕ ਅਟੈਂਡੈਂਟ ਕੰਡਕਟਰ ਅਤੇ ਇੱਕ ਅਧਿਆਪਕ ਦਾ ਹੋਣਾ ਸਕੂਲ ਬੱਸ 'ਚ ਅੱਗ ਬੁਝਾਊ ਯੰਤਰ,ਫਸਟ ਏਡ ਬਾਕਸ ਹੋਣਾ ਜਰੂਰੀ ਹੈ। ਸਕੂਲ ਵੈਨ ਦੀਆਂ ਖਿੜਕੀਆਂ 'ਤੇ ਹੋਰੀਜੋਂਟਲ ਗਰਿੱਲਾਂ ਲੱਗੀਆਂ ਹੋਣਾ ਲਾਜਮੀ ਹਨ । ਪਰ ਸਕੂਲ ਬੱਸਾਂ 'ਚ ਇਹ ਸੁਰੱਖਿਆ ਉਪਾਅ ਦੂਰ-ਦੂਰ ਤੱਕ ਨਜਰ ਨਹੀ ਆਉਦੇ। ਇਸ ਮੌਕੇ ਉਨ੍ਹਾਂ ਕਿਹਾ ਕਿ ਸਕੂਲਾਂ ਵੱਲੋਂ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਵਰਤੀ ਜਾਂਦੀ ਕੁਤਾਹੀ ਕਾਰਨ ਆਏ ਦਿਨ ਦਰਦਨਾਕ ਹਾਦਸੇ ਹੋ ਰਹੇ ਹਨ,ਪ੍ਰੰਤੂ ਅੱਜ ਵੀ ਸਕੂਲ ਬੱਸਾਂ 'ਤੇ ਜਾਣ ਵਾਲੇ ਬੱਚਿਆਂ ਦੀ ਸੁਰੱਖਿਆ ਪ੍ਰਤੀ ਪੰਜਾਬ ਅੰਦਰ ਪੰਜਾਬ ਪੁਲਿਸ ਅਤੇ ਪ੍ਰਸ਼ਾਸਨ ਦਾ ਕੋਈ ਧਿਆਨ ਨਹੀਂ ਹੈ ਜੋ ਚਿੰਤਾ ਦਾ ਵਿਸ਼ਾ ਹੈ। ਉਹਨਾਂ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਅਜਿਹੇ ਪ੍ਰਾਈਵੇਟ ਸਕੂਲ ਜੋ ਆਪਣੇ ਨਿੱਜੀ ਸਵਾਰਥ ਲਈ ਮਾਸੂਮ ਬੱਚਿਆ ਦੀਆਂ ਜਾਨਾਂ ਖਤਰੇ 'ਚ ਪਾ ਕੇ ਆਪਣੀਆਂ ਜੇਬਾਂ ਪੈਸਿਆਂ ਨਾਲ ਭਰ ਰਹੇ ਹਨ ਉਨ੍ਹਾਂ ਸਕੂਲਾਂ ਦੀ ਪੂਰੀ ਬਰੀਕੀ ਨਾਲ ਜਾਂਚ ਕਰਕੇ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

# ਮਨੁੱਖੀ ਅਧਿਕਾਰ ਦਿਵਸ ਮੌਕੇ ਰੈਲੀ ਤੇ ਮੁਜ਼ਾਹਰੇ ਦੀਆਂ ਤਿਆਰੀਆਂ ਮੁਕੰਮਲ



**ਕਰਤਾਰਪੁਰ, (ਹਰਮੇਸ਼ ਦੱਤ)**-ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ - ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਸੂਬਾ ਕਮੇਟੀ ਦੇ ਸੱਦੇ 'ਤੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਸਿੱਖਾਂ ਸਮੇਤ ਸਜਾਵਾਂ ਪੂਰੀਆਂ ਕਰ ਚੁੱਕੇ ਸਮੁੱਚੇ ਸਿਆਸੀ ਕੈਦੀਆਂ ਅਤੇ ਝੂਠੇ ਕੇਸਾਂ 'ਚ ਜੇਲ੍ਹੀਂ ਬੰਦ ਬੁਧੀਜੀਵੀ, ਲੇਖਕਾਂ, ਪੱਤਰਕਾਰਾਂ ਅਤੇ ਆਦੀਵਾਸੀਆਂ ਦੀ ਰਿਹਾਈ ਲਈ ਅਤੇ ਮੋਦੀ ਹਕੂਮਤ ਵਲੋਂ ਮਨੁੱਖੀ ਹੱਕਾਂ ਦੇ ਕੀਤੇ ਜਾ ਰਹੇ ਘਾਣ ਖਿਲਾਫ 10 ਦਸੰਬਰ ਨੂੰ ਜਲੰਧਰ ਸਹਿਰ ਵਿੱਚ ਰੈਲੀ ਅਤੇ ਮੁਜਾਹਰਾ ਕੀਤਾ ਜਾਵੇਗਾ। ਇਸ ਸੰਬੰਧੀ ਸਭ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਪਾਰਟੀ ਦੇ ਆਗੂ ਕਾਮਰੇਡ ਹੰਸ ਰਾਜ ਪੱਬਵਾਂ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਦੇਸ਼ ਭਰ ਵਿੱਚ ਮੋਦੀ ਸਰਕਾਰ ਸਿਆਸੀ ਵਿਰੋਧੀਆਂ ਦੇ ਚਲਦਿਆਂ ਸਿੱਖਾਂ ਸਮੇਤ ਸਜਾਵਾਂ ਪੂਰੀਆਂ ਕਰ ਚੁੱਕੇ ਸਮੁੱਚੇ ਸਿਆਸੀ ਕੈਦੀਆਂ ਤੇ ਹਵਾਲਾਤੀਆਂ ਨੂੰ ਜੇਲ੍ਹਾਂ ਵਿੱਚ ਸੜਨ ਮਰਨ ਵਾਲੀ ਨੀਤੀ ਉੱਪਰ ਚੱਲ ਰਹੀ ਹੈ। ਆਰ ਐੱਸ ਐੱਸ ਭਾਜਪਾ ਸਰਕਾਰ ਦੀ ਫਿਰਕੂ ਸਿਆਸਤ ਅਤੇ ਪੂੰਜੀਪਤੀਆਂ ਦੇ ਹੱਕ ਚ ਬਣਾਈਆਂ ਜਾ ਰਹੀਆਂ ਨੀਤੀਆਂ ਖਿਲਾਫ ਬੋਲਣ ,ਲਿਖਣ ਅਤੇ ਵਿਚਾਰ ਪ੍ਰਗਟ ਕਰਨ ਵਾਲੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਆਦੀਵਾਸੀਆਂ, ਸੰਘਰਸ਼ਸ਼ੀਲ ਲੋਕਾਂ ਖਿਲਾਫ ਦੇਸ ਧ੍ਰੋਹ,ਯੂਏਪੀਏ ,ਲਗਾ ਕੇ ਜੇਲ੍ਹੀਂ ਬੰਦ ਕੀਤਾ ਜਾ ਰਿਹਾ ਹੈ। ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਥਾਂ ਉਨ੍ਹਾਂ ਨੂੰ ਮਿਲੇ ਅਧਿਕਾਰਾਂ ਤੇ ਵੀ ਡਾਕਾ ਮਾਰਿਆ ਜਾ ਰਿਹਾ ਹੈ। ਪੰਜਾਬ 'ਚ ਬੀਐਸਐਫ ਦਾ ਘੇਰਾ ਵਧਾਉਣ, ਪੰਜਾਬ ਪਾਣੀਆਂ,ਡੈਮ ਹੈੱਡਵਰਕਸ , ਸਭ 'ਤੇ ਕੰਟਰੋਲ ਕੇਂਦਰ ਸਰਕਾਰ ਦਾ ਹੈ। ਹੁਣ ਪੰਜਾਬ 'ਚ ਐਨ ਆਈ ਏ ਦੇ ਦਫਤਰ ਖੋਲ ਕੇ ਸਿੱਧੀ ਦਖ਼ਲ ਅੰਦਾਜੀ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਸ ਦੇ ਖਿਲਾਫ ਹਰ ਦੇਸ਼ ਵਾਸੀ ਨੂੰ ਆਵਾਜ ਬੁਲੰਦ ਕਰਨੀ ਚਾਹੀਦੀ ਹੈ। ਉਨ੍ਹਾਂ ਸਮੂਹ ਲੋਕਾਂ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ 10 ਦਸੰਬਰ ਨੂੰ ਕੀਤੇ ਜਾ ਰਹੇ ਰੈਲੀ ਅਤੇ ਮੁਜਾਹਰੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

# ਡਾ. ਅੰਬੇਡਕਰ ਦਾ 66 ਵਾਂ ਪ੍ਰੀ-ਨਿਰਵਾਣ ਦਿਵਸ ਮਾਧੋਪੁਰ ਵਿਖੇ ਮਨਾਇਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਡਾ. ਬੀ. ਆਰ. ਅੰਬੇਡਕਰ ਚੇਤਨਾ ਸੁਸਾਇਟੀ ਭੋਗਪੁਰ ਦੇ ਸਹਿਯੋਗ ਨਾਲ ਪਿੰਡ ਮਾਧੋਪੁਰ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਪ੍ਰੀ-ਨਿਰਵਾਣ ਦਿਵਸ ਮਨਾ ਕੇ ਉਨ੍ਹਾਂ ਨੂੰ ਸ਼ਧਾਂਜਲੀ ਅਰਪਿਤ ਕੀਤੀ ਗਈ। ਇਸ ਮੌਕੇ ਨਗਰ ਨਿਵਾਸੀਆਂ ਅਤੇ ਵਿਸ਼ੇਸ਼ ਬੱਚਿਆਂ ਵੱਲੋਂ ਇਕੱਤਰ ਹੋ ਕੇ ਡਾਕਟਰ ਅੰਬੇਡਕਰ ਦੀ ਤਸਵੀਰ ਅੱਗੇ ਮੋਮਬੱਤੀਆਂ ਰੌਸ਼ਨ ਕੀਤੀਆਂ ਗਈਆਂ। ਪ੍ਰਭਜੀਤ ਬਾਂਸਲ ਨੇ ਬੱਚਿਆਂ ਨੂੰ ਬਾਬਾ ਸਾਹਿਬ ਦੇ ਜੀਵਨ ਬਾਰੇ ਦੱਸਦਿਆਂ ਕਿਹਾ ਕਿ ਬਾਬਾ ਸਾਹਿਬ ਉਸ ਵੇਲੇ ਦੁਨੀਆਂ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਇਨਸਾਨਾਂ ਵਿੱਚੋਂ ਸਨ। ਉਨ੍ਹਾਂ ਨੇ ਭਾਰਤ ਦੇ ਸੰਵਿਧਾਨ ਦੀ ਰਚਨਾ ਕੀਤੀ। ਉਹਨਾਂ ਨੂੰ ਦੇਸ਼ ਦਾ ਸਭ ਤੋਂ ਉੱਚਾ ਪੁਰਸਕਾਰ ਭਾਰਤ ਰਤਨ ਪ੍ਰਦਾਨ ਕੀਤਾ ਗਿਆ। ਇਸ ਮੌਕੇ ਸੁਸਾਇਟੀ ਵੱਲੋਂ ਬੱਚਿਆਂ ਨੂੰ ਕਾਪੀਆਂ, ਪੈਨਸਲਾਂ ਅਤੇ ਪੈੱਨ ਵੀ ਦਿੱਤੇ ਗਏ। ਸੂਰਤੀ ਲਾਲ, ਚਰਨਜੀਤ ਸਿੰਘ ਬਿਨਪਾਲਕੇ, ਸੁਨੰਦਨ ਕੁਮਾਰ, ਸਰਦੂਲ ਸਿੰਘ, ਮੈਡਮ ਮਨਦੀਪ ਕੌਰ ਅਤੇ ਬੱਚਿਆਂ ਨੇ ਵੱਡੀ ਗਿਣਤੀ ਵਿਚ ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕੀਤੀ।

# ਸੀ ਬੀ ਐੱਸ ਈ ਕਲੱਸਟਰ ਐਥਲੈਟਿਕ ਮੀਟ ਦੀ ਸ਼ੁਰੂਆਤ ਅੱਜ ਤੋਂ



**ਜਲੰਧਰ (ਸੈਲੀ ਐਲਬਰਟ)**-ਸੀ ਬੀ ਐੱਸ ਈ ਕਲੱਸਟਰ ਐਥਲੈਟਿਕ ਮੀਟ-2022 ਦਾ ਆਯੋਜਨ 9 ਦਸੰਬਰ ਤੋਂ 12 ਦਸੰਬਰ ਤੱਕ ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ ਕੈਂਪਸ ਵਿਖੇ ਕੀਤਾ ਜਾ ਰਿਹਾ ਹੈ।। ਇਸ ਐਥਲੈਟਿਕ ਮੀਟ ਲਈ ਵੱਖ-ਵੱਖ ਰਾਜਾਂ ਦੇ 70 ਤੋਂ ਵੱਧ ਸਕੂਲਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ।। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸ਼ਾਲੂ ਸਹਿਗਲ ਨੇ ਦੱਸਿਆ ਕਿ ਇਸ ਐਥਲੈਟਿਕ ਮੀਟ ਵਿੱਚ ਸ਼ਾਟ ਪੁੱਟ, ਲੰਬੀ ਛਾਲ, ਉੱਚੀ ਛਾਲ, ਜੈਵਲਿਨ ਥਰੋਅ ਅਤੇ ਰਿਲੇਅ ਦੌੜ ਵਰਗੀਆਂ ਵੱਖ-ਵੱਖ ਗਤੀਵਿਧੀਆਂ ਦੀਆਂ ਸਾਰੀਆਂ ਸ਼੍ਰੇਣੀਆਂ ਵਿੱਚ ਲਗਭਗ 1200 ਖਿਡਾਰੀ ਭਾਗ ਲੈਣਗੇ।। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਰਹਿਣ, ਖਾਣ-ਪੀਣ ਦੇ ਸਾਰੇ ਪ੍ਰਬੰਧ ਕੀਤੇ ਗਏ ਹਨ ।ਐਮਰਜੈਂਸੀ ਲੋੜਾਂ ਨੂੰ ਪੂਰਾ ਕਰਨ ਲਈ ਮੈਡੀਕਲ ਸਹੂਲਤਾਂ ਦਾ ਪ੍ਰਬੰਧ ਹੋਵੇਗਾ। ਖਿਡਾਰੀਆਂ ਦੇ ਮਨੋਰੰਜਨ ਅਤੇ ਮਾਨਸਿਕ ਆਰਾਮ ਲਈ ਮਨੋਰੰਜਨ ਦੇ ਸਾਧਨ ਵੀ ਬਣਾਏ ਗਏ ਹਨ । ਇਸ ਐਥਲੈਟਿਕ ਮੀਟ ਨੂੰ ਸਫਲ ਬਣਾਉਣ ਲਈ ਸਕੂਲ ਦਾ ਹਰ ਮੈਂਬਰ ਉਪਰਾਲਾ ਕਰ ਰਿਹਾ ਹੈ ।

# ਸੈਰ-ਸਪਾਟਾ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਸਕੱਤਰ ਟੂਰਿਜ਼ਮ ਵੱਲੋਂ ਤੂਫਾਨੀ ਦੌਰਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ )**
ਸਤਲੁਜ ਦੇ ਆਲੇ ਦੁਆਲੇ ਨੰਗਲ ਦੇ ਰਮਣੀਕ ਵਾਤਾਵਰਣ ਵਿੱਚ ਸੈਰ ਸਪਾਟਾ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਸਕੱਤਰ ਟੂਰਿਜਮ ਗੁਰਕਿਰਤ ਕ੍ਰਿਪਾਲ ਸਿੰਘ ਅਤੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਅਧਿਕਾਰੀਆਂ ਦੇ ਨਾਲ ਵੱਖ ਵੱਖ ਥਾਵਾਂ ਦਾ ਦੌਰਾ ਕੀਤਾ। ਸਕੱਤਰ ਸੈਰ ਸਪਾਟਾ ਗੁਰਕਿਰਤ ਕ੍ਰਿਪਾਲ ਸਿੰਘ ਅਤੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਉਪ ਮੰਡਲ ਅਧਿਕਾਰੀਆਂ ਮਨੀਸ਼ਾ ਰਾਣਾ, ਅਰਵਿੰਦਰਪਾਲ ਸੋਮਲ, ਕਾਰਜਕਾਰੀ ਇੰਜੀਨਿਅਰ ਬੀ.ਐਸ.ਚਾਨਾ ਨਾਲ ਵਿਸ਼ੇਸ ਬੈਠਕ ਕੀਤੀ ਅਤੇ ਸਤਲੁਜ ਦੇ ਕੰਢੇ 'ਤੇ ਸੈਰ ਸਪਾਟਾ ਲਈ ਢੁੱਕਵੀਆਂ ਥਾਵਾਂ ਦਾ ਦੌਰਾ ਕੀਤਾ। ਪੰਜਾਬ ਸਰਕਾਰ ਵੱਲੋਂ ਰੂਪਨਗਰ ਜ਼ਿਲ੍ਹੇ ਨੂੰ ਸੈਰ ਸਪਾਟਾ ਵਜੋਂ ਵਿਕਸਤ ਕਰਨ ਲਈ ਇਹ ਵਿਸ਼ੇਸ ਦੌਰਾ ਕੀਤਾ ਗਿਆ ਹੈ। ਸਕੱਤਰ ਸੈਰ ਸਪਾਟਾ ਨੇ ਅਧਿਕਾਰੀਆਂ ਨੂੰ ਕਿਹਾ ਕਿ ਪੰਜਾਬ-ਹਿਮਾਚਲ ਪ੍ਰਦੇਸ਼ ਸਰਹੱਦ ਨਾਲ ਲੱਗਦੇ ਇਸ ਇਲਾਕੇ ਵਿੱਚ ਸੈਰ ਸਪਾਟਾ ਸਨਅਤ ਨੂੰ ਪ੍ਰਫੁੱਲਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਇਤਿਹਾਸਕ ਗੁਰਦੁਆਰਾ ਬਿਭੌਰ ਸਾਹਿਬ ਨੇੜੇ ਸਤਲੁਜ ਦੇ ਕੰਢੇ ਜਾ ਕੇ ਉਥੇ ਵਾਟਰ ਸਪੋਰਟਸ ਦੀਆਂ ਸੰਭਾਵਨਾਵਾਂ ਬਾਰੇ ਸਰਵੇ ਕਰਵਾਉਣ ਲਈ ਕਿਹਾ। ਉਨ੍ਹਾਂ ਨੇ ਹੰਡੋਲਾ ਪੁੱਲ 'ਤੇ ਜਾ ਕੇ ਉਸ ਸਥਾਨ ਬਾਰੇ ਜਾਣਕਾਰੀ ਲਈ ਅਤੇ ਨੰਗਲ ਵਿੱਚ ਸੈਰ ਸਪਾਟੇ ਲਈ ਵਿਕਸਤ ਕੀਤੀਆਂ ਜਾਣ ਵਾਲੀਆਂ ਥਾਵਾ ਦਾ ਸਰਵੇ ਕਰਕੇ ਰਿਪੋਰਟ ਤਿਆਰ ਕਰਨ ਲਈ ਕਿਹਾ। ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਦੱਸਿਆ ਕਿ ਨੰਗਲ ਨੂੰ ਰੋਮਾਚਕਾਰੀ ਟੂਰੀਜਮ ਵਜੋਂ ਵੀ ਵਿਕਸਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਦੀ ਸਰਹੱਦ ਨਾਲ ਲੱਗਦੇ ਕੁਦਰਤੀ ਤੌਰ ਤੇ ਮਨਮੋਹਕ ਵਾਤਾਵਰਣ ਵਾਲੇ ਇਸ ਨੰਗਲ ਸ਼ਹਿਰ ਤੇ ਇਸ ਦੇ ਆਲੇ ਦੁਆਲੇ ਦੇ ਖਿੱਤੇ ਵਿੱਚ ਸੈਰ ਸਪਾਟਾ ਨੂੰ ਵਿਕਸਤ ਕਰਕੇ ਵਪਾਰ ਕਾਰੋਬਾਰ ਨੂੰ ਪ੍ਰਫੁੱਲਿਤ ਕੀਤਾ ਜਾ ਸਕਦਾ ਹੈ।

ਇਸ ਦੇ ਲਈ ਉਪ ਮੰਡਲ ਅਧਿਕਾਰੀਆਂ ਵੱਲੋਂ ਪਹਿਲਾ ਵੀ ਦੌਰਾ ਕਰਕੇ ਇਨ੍ਹਾਂ ਸਥਾਨਾ ਦਾ ਸਰਸਰੀ ਸਰਵੇਖਣ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ✲ਪੰਜਾਬ ਨੂੰ ਸੈਰ ਸਪਾਟਾ ਸੰਨਤ ਵੱਜੋਂ ਵਿਕਸਤ ਕਰਨ ਲਈ ਸੰਕੇਤ ਦਿੱਤੇ ਹਨ, ਰੂਪਨਗਰ ਜਿਲ੍ਹੇ ਵਿੱਚ ਇਸ ਦੀਆਂ ਮਜਬੂਤ ਸੰਭਾਵਨਾਵਾਂ ਹਨ, ਇਸ ਲਈ ਸਕੱਤਰ ਸੈਰ ਸਪਾਟਾ ਵੱਜੋਂ ਇਹ ਦੌਰਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਹਲਕਾ ਵਿਧਾਇਕ ਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਜਲ ਸਰੋਤ, ਖਾਣਾਂ ਅਤੇ ਭੂ-ਵਿਗਿਆਨ, ਜੇਲਾਂ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਇਸ ਇਲਾਕੇ ਨੂੰ ਸੈਰ ਸਪਾਟਾ ਹੱਬ ਵੱਜੋਂ ਵਿਕਸਤ ਕਰਨ ਅਤੇ ਇਸ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਪਹਿਲਾਂ ਹੀ ਅਧਿਕਾਰੀਆਂ ਨੂੰ ਕਿਹਾ ਗਿਆ ਹੈ। ਅਧਿਕਾਰੀਆਂ ਵੱਲੋਂ ਕੀਤੇ ਇਸ ਦੌਰੇ ਨਾਲ ਇਸ ਇਲਾਕੇ ਦੇ ਵਿਕਾਸ ਦਾ ਰਾਹ ਹੋਰ ਮਜਬੂਤ ਹੋਵੇਗਾ।

# ਵਿਦਿਆਰਥਣਾਂ ਵੱਲੋਂ ਸਿਵਲ ਹਸਪਤਾਲ ਜਗਰਾਓਂ ਦਾ ਦੌਰਾ



**ਮਹਿਤਪੁਰ (ਰਾਜਾ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ (ਜਲੰਧਰ) ਦੀਆਂ ਹੈਲਥ ਕੇਅਰ ਵਿਸੇ ਨਾਲ ਸਬੰਧਤ ਵਿਦਿਆਰਥਣਾਂ ਨੇ ਸਿਵਲ ਹਸਪਤਾਲ ਜਗਰਾਊ ਦੀ ਵਿਜਟ ਕੀਤੀ। ਵਿਦਿਆਰਥਣਾਂ ਦੇ ਨਾਲ ਸ੍ਰੀਮਤੀ ਸੁਰਿੰਦਰ ਕੌਰ ,ਸ੍ਰੀਮਤੀ ਸਰਬਜੀਤ ਕੌਰ,ਸ੍ਰੀਮਤੀ ਕੁਲਦੀਪ ਕੌਰ ,ਸ੍ਰੀਮਤੀ ਕੁਲਜੀਤ ਕੌਰ ਗਾਈਡ ਅਧਿਆਪਕ ਦੇ ਤੌਰ 'ਤੇ ਹਾਜਰ ਸਨ।

# ਪ੍ਰਭੂ ਸਿਮਰਨ ਕਰਨ ਵਾਲਾ ਇਨਸਾਨ ਹੀ ਆਵਾਗਮਨ ਤੋਂ ਛੁਟਕਾਰਾ ਪਾ ਸਕਦੈ : ਬਾਬਾ ਸ਼ੇਰ ਸਿੰਘ





**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-: ਸੰਤ ਮਹਾਂਪੁਰਸ਼ਾਂ ਦੇ ਸਤਿਸੰਗਾਂ ਵਿਚ ਜਾ ਕੇ ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲਕੇ ਪ੍ਰਭੂ ਸਿਮਰਨ ਕਰਨ ਵਾਲਾ ਹੀ ਇਨਸਾਨ ਦੁਨੀਆ ਦੇ ਇਸ ਆਗਮਨ ਤੋਂ ਹਮੇਸ਼ਾ ਲਈ ਛੁਟਕਾਰਾ ਪਾ ਸਕਦਾ ਹੈ। ਸਮਾਂ ਰਹਿੰਦੇ ਪ੍ਰਭੂ ਸਿਮਰਨ ਨਾਲ ਜੁੜ ਜਾਣਾ ਚਾਹੀਦਾ ਹੈ ਤਾਂ ਜੋ ਦੁਨੀਆ ਵਿਚ ਭਟਕ ਰਹੀ ਰੂਹ ਆਪਣੇ ਅਸਲੀ ਧਾਮ ਪਹੁੰਚ ਸਕੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਰ ਪੀਰ ਸੱਚੀ ਦਰਗਾਹ ਅਹਿਆਪੁਰ ਵਿਖੇ ਸਜਾਏ ਗਏ ਦਰਬਾਰ 'ਚ ਬੈਠੀ ਸੰਗਤ ਨੂੰ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਨੇ ਕਰਦਿਆਂ ਕਿਹਾ ਕਿ ਸਤਿਗੁਰ ਦੀ ਸ਼ਰਣ 'ਚ ਲਗ ਕੇ ਉਨ੍ਹਾਂ ਵੱਲੋਂ ਬਖ਼ਸ਼ੇ ਗਏ ਨਾਮ-ਸਿਮਰਨ ਨਾਲ ਜੁੜਨ ਲਈ ਸਭ ਤੋਂ ਪਹਿਲਾਂ ਸਾਨੂੰ ਮੈਂ ਮੇਰੀ ਦੇ ਅਹਿੰਕਾਰ ਦਾ ਤਿਆਗ ਕਰਨਾ ਪਵੇਗਾ ਅਤੇ ਕਾਮ, ਕ੍ਰੋਧ, ਮੋਹ, ਲੋਭ ਆਦਿ ਨੂੰ ਛੱਡ ਕੇ ਦਿਨ-ਰਾਤ ਸਤਿਗੁਰੂ ਦੇ ਸਿਮਰਨ ਦਾ ਸਹਾਰਾ ਲੈਣਾ ਪਵੇਗਾ ।

ਉਨ੍ਹਾਂ ਕਿਹਾ ਕਿ ਇਹ ਸਰੀਰ ਤਾਂ ਨਾਸਵਾਨ ਹੈ ਇਸਦੀ ਆਖਰੀ ਮੰਜ਼ਲ ਤਾਂ ਸਿਰਫ ਸ਼ਮਸ਼ਾਨਘਾਟ ਤੱਕ ਹੀ ਸੀਮਤ ਹੈ ਇਸ ਤੋਂ ਅੱਗੇ ਤਾਂ ਰੂਹ ਹੀ ਜਾ ਸਕਦੀ ਹੈ। ਇਸ ਲਈ ਇਸ ਰੂਹ ਨੂੰ ਉਸ ਦੇ ਅਸਲੀ ਧਾਮ ਤਕ ਪਹੁੰਚਾਣ ਲਈ ਸਾਨੂੰ ਨਾਮ ਸਿਮਰਨ ਦਾ ਖਜਾਨਾ ਇਕੱਠਾ ਕਰਨਾ ਪਵੇਗਾ।

ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਇਨਸਾਨ ਜਰੂਰਤਮੰਦ ਲੋਕਾਂ ਦੀ ਸਹਾਇਤਾ ਕਰਕੇ ਸੰਤ ਮਹਾਂਪੁਰਸਾਂ ਦੇ ਦਰਸਾਏ ਮਾਰਗ 'ਤੇ ਚਲਦਾ ਹੋਇਆ ਸੇਵਾ ਸਿਮਰਨ ਨਾਲ ਜੁੜ ਜਾਵੇ। ਬਾਬਾ ਸ਼ੇਰ ਸਿੰਘ ਨੇ ਸੰਗਤ ਦੇ ਨਾਲ ਲੰਗਰ ਹਾਲ ਨੂੰ ਫੇਰਾ ਪਾਇਆ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰ ਹਸਣ, ਦੇਵਿਕਾ, ਬਲਜੀਤ ਸਿੰਘ, ਅਜੀਤ ਸਿੰਘ, ਮਲਕੀਤ ਸਿੰਘ, ਹਰਜਿੰਦਰ ਕੁਮਾਰ, ਦੀਪਕ ਕੁਮਾਰ, ਗਗਨ, ਮਨੋਜ ਸੈਣੀ ਅਤੇ ਹੋਰ ਸੰਗਤ ਹਾਜਰ ਸੀ।

# ਯੰਗ ਫੁੱਟਬਾਲ ਕਲੱਬ ਤੇ ਦਲਬੀਰ ਫੁੱਟਬਾਲ ਅਕਾਦਮੀ ਦੀਆਂ ਟੀਮਾਂ ਸੈਮੀਫਾਈਨਲ 'ਚ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )**-ਸ਼ਹੀਦ-ਏ-ਆਜ਼ਮ ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਕਮੇਟੀ ਬੰਗਾ ਵੱਲੋਂ ਪਰਮਜੀਤ ਕਾਹਮਾ ਅਤੇ ਹਰਜਗਦੀਸ਼ ਸਿੰਘ ਮਾਨ ਦੀ ਯਾਦ ਨੂੰ ਸਮਰਪਿਤ 24ਵਾਂ ਸ਼ਹੀਦ ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਦੇ ਤੀਸਰੇ ਦਿਨ ਪਹਿਲਾ ਮੈਚ ਜੇ ਸੀ ਟੀ ਫੁੱਟਬਾਲ ਅਕਾਦਮੀ ਫਗਵਾੜਾ ਦੀ ਟੀਮ ਅਤੇ ਯੰਗ ਫੁੱਟਬਾਲ ਕਲੱਬ ਮਾਹਿਲਪੁਰ ਦੀ ਟੀਮ ਵਿਚਕਾਰ ਹੋਇਆ। ਦੋਨਾਂ ਟੀਮਾਂ ਨਿਸਚਿਤ ਸਮੇਂ ਅਤੇ ਵਾਧੂ ਸਮੇਂ ਵਿਚ ਵੀ ਕੋਈ ਗੋਲ ਨਾ ਸਕੀਆਂ। ਅੰਤ ਟ੍ਰਾਈ ਬਰੈਕਰ ਰਾਹੀਂ ਯੰਗ ਫੁੱਟਬਾਲ ਕਲੱਬ ਮਾਹਿਲਪੁਰ ਦੀ ਟੀਮ ਨੇ ਜੇ ਸੀ ਟੀ ਫੁੱਟਬਾਲ ਅਕਾਡਮੀ ਫਗਵਾੜਾ ਦੀ ਟੀਮ ਨੂੰ 4-2 ਦੇ ਸਕੋਰ ਨਾਲ ਹਰਾ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕਰ ਲਿਆ ਹੈ। ਇਸ ਮੈਚ ਦਾ ਉਦਘਾਟਨ ਜਰਨੈਲ ਸਿੰਘ ਕੰਦੋਲਾ ਨੇ ਕੀਤਾ। ਮੈਚ ਦੇ ਅੱਧ ਵਿਚਕਾਰ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਬੰਗਾ ਨੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ। ਦੂਜਾ ਮੈਚ ਦਲਬੀਰ ਫੁੱਟਬਾਲ ਅਕਾਦਮੀ ਪਟਿਆਲਾ ਅਤੇ ਨਾਮਧਾਰੀ ਫੁੱਟਬਾਲ ਅਕਾਦਮੀ ਭੈਣੀ ਸਾਹਿਬ ਵਿਚਕਾਰ ਹੋਇਆ। ਇਹ ਮੈਚ ਦਲਬੀਰ ਫੁੱਟਬਾਲ ਅਕਾਦਮੀ ਪਟਿਆਲਾ ਦੀ ਟੀਮ ਨੇ ਵੀ 1-0 ਦੇ ਸਕੋਰ ਨਾਲ ਨਾਮਧਾਰੀ ਫੁੱਟਬਾਲ ਅਕਾਦਮੀ ਭੈਣੀ ਸਾਹਿਬ ਦੀ ਟੀਮ ਨੂੰ ਹਰਾ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕਰ ਲਿਆ ਹੈ। ਇਸ ਮੈਚ ਦਾ ਉਦਘਾਟਨ ਮਲਕੀਅਤ ਸਿੰਘ ਬਾਹੜੋਵਾਲ, ਬਾਬਾ ਜਸਦੀਪ ਸਿੰਘ ਮੰਗਾ ਅਤੇ ਸੁਰਿੰਦਰ ਸਿੰਘ ਖਾਲਸਾ ਦੀ ਥਾਂ ਜਸਵੀਰ ਸਿੰਘ ਹੱਪੋਵਾਲ ਨੇ ਕੀਤਾ। ਮੈਚ ਦੇ ਅੱਧ ਵਿਚਕਾਰ ਲੋਕ ਗਾਇਕ ਰੇਸ਼ਮ ਸਿੰਘ ਰੇਸਮ, ਮਾ. ਸ਼ੰਕਰ ਦਾਸ ਅਤੇ ਸਰਬਜੀਤ ਸਿੰਘ ਗਿੱਧਾ ਨੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ। ਪ੍ਰਬੰਧਕੀ ਸਕੱਤਰ ਹਰਜੀਤ ਸਿੰਘ ਮਾਹਲ ਅਤੇ ਪ੍ਰੈਸ ਸਕੱਤਰ ਹਰਬੰਸ ਹੀਉਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੂਰਨਾਮੈਂਟ ਦੇ ਚੌਥੇ ਦਿਨ ਕੁਆਰਟਰ ਫਾਈਨਲ ਦੇ ਦੋ ਮੈਚ ਹੋਣਗੇ। ਪਹਿਲਾ ਮੈਚ ਜਗਤ ਸਿੰਘ ਪਲਾਹੀ ਫੁੱਟਬਾਲ ਅਕਾਦਮੀ ਫਗਵਾੜਾ ਅਤੇ ਸੀ ਆਰ ਪੀ ਐਫ ਜਲੰਧਰ ਵਿਚਕਾਰ ਅਤੇ ਦੂਜਾ ਮੈਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਫੁੱਟਬਾਲ ਅਕਾਦਮੀ ਬੰਗਾ ਵਿਚਕਾਰ ਹੋਵੇਗਾ। ਟੂਰਨਾਮੈਂਟ ਕਮੇਟੀ ਦੇ ਐਨ ਆਰ ਆਈ ਸਰਪ੍ਰਸਤ ਦਰਸ਼ਨ ਸਿੰਘ ਮਾਹਲ, ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਸੀਨੀਅਰ ਮੀਤ ਪ੍ਰਧਾਨ ਗੁਰਦਿਆਲ ਸਿੰਘ ਜਗਤਪੁਰ, ਪ੍ਰਬੰਧਕੀ ਸਕੱਤਰ ਹਰਜੀਤ ਸਿੰਘ ਮਾਹਲ, ਡਾ. ਤਰਸੇਮ ਸਿੰਘ ਭਿੰਡਰ, ਇਕਬਾਲ ਸਿੰਘ ਰਾਣਾ, ਜਰਨੈਲ ਸਿੰਘ ਪੱਲੀ ਝਿੱਕੀ, ਸਾਗਰ ਅਰੋੜਾ ਐਮ. ਸੀ., ਮਾ. ਪ੍ਰੇਮ ਸਿੰਘ ਸੂਰਾਪੁਰੀ, ਪ੍ਰੋ. ਪਰਗਣ ਸਿੰਘ ਅਟਵਾਲ, ਕਸ਼ਮੀਰੀ ਲਾਲ ਮੰਗੂਵਾਲ, ਤਰਲੋਚਨ ਸਿੰਘ ਪੂੰਨੀ, ਹਰਬੰਸ ਹੀਉਂ, ਜਗਤਾਰ ਸਿੰਘ ਝਿੱਕਾ, ਜਸਵੰਤ ਖਟਕੜ, ਦਲਜੀਤ ਸਿੰਘ ਸੁੱਜੋਂ, ਡਾ. ਗੁਰਮੀਤ ਸਿੰਘ ਸਰਾਂ, ਚਰਨਜੀਤ ਕੁਮਾਰ ਸ਼ਰਮਾ, ਅਮਨਦੀਪ ਸਿੰਘ ਥਾਂਦੀ, ਪਿਆਰਾ ਸਿੰਘ ਕਾਹਮਾ, ਤਲਵਿੰਦਰ ਸ਼ੇਰਗਿੱਲ, ਦੀਪ ਕਲੇਰ, ਸਵਰਨ ਸਿੰਘ ਕਾਹਮਾ ਨੰਬਰਦਾਰ, ਸਰਬਜੀਤ ਮੰਗੂਵਾਲ, ਪ੍ਰੋ. ਸਨਦੀਪ ਨਈਅਰ, ਪ੍ਰੋ. ਤੇਜਿੰਦਰ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ, ਸੁੱਚਾ ਰਾਮ ਖਟਕੜ ਪੀ ਟੀ ਆਈ ਆਦਿ ਕਮੇਟੀ ਦੇ ਆਹੁਦੇਦਾਰਾਂ, ਮਹਿਮਾਨਾਂ ਸਮੇਤ ਸੈਂਕੜੇ ਦਰਸ਼ਕਾਂ ਨੇ ਮੈਚਾਂ ਦਾ ਆਨੰਦ ਮਾਣਿਆ।

# ਡਾ. ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ 'ਤੇ ਚਰਨਛੋਹ ਗੰਗਾ ਖੁਰਾਲਗੜ੍ਹ 'ਚ ਸਮਾਗਮ



**ਹੁਸ਼ਿਆਰਪੁਰ (ਉ.ਪੀ.ਰਾਣਾ)** ਭਾਰਤ ਰਤਨ, ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ.ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਤੇ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਵਿਖੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ, ਸੰਤ ਸੁਰਿੰਦਰ ਦਾਸ ਪ੍ਰਧਾਨ ਗੁਰੂਘਰ ਦੀ ਅਗਵਾਈ ਵਿੱਚ ਸ਼ਰਧਾਂਜਲੀਆਂ ਭੇਟ ਕੀਤੀਆਂ। ਸੰਤ ਸਤਵਿੰਦਰ ਹੀਰਾ, ਸੰਤ ਸੁਰਿੰਦਰ ਦਾਸ ਨੇ ਇਸ ਮੌਕੇ ਕਿਹਾ ਕਿ ਡਾ.ਅੰਬੇਡਕਰ ਦੇ ਜੀਵਨ ਭਰ ਦੇ ਸ਼ੰਘਰਸ਼ ਸਦਕਾ ਆਦਿ ਵਾਸੀ ਬਹੁਜਨ ਸਮਾਜ ਨੇ ਭਾਰੀ ਤਰੱਕੀ ਕੀਤੀ ਹੈ, ਇਸੇ ਕਰਕੇ ਦੇਸ਼ਾਂ ਵਿਦੇਸ਼ਾਂ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਤੌਰ ਬਾਬਾ ਸਾਹਿਬ ਸ਼ਰਧਾਜਲੀ ਸਮਾਗਮ ਹੋ ਰਹੇ ਹਨ। ਉਨਾਂ ਕਿਹਾ ਪੜੇ ਲਿਖੇ ਬੁੱਧੀਜੀਵੀ ਵਰਗ ਨੂੰ ਇੱਕ ਮੰਚ ਤੇ ਇਕੱਠੇ ਹੋਕੇ ਡਾ.ਅੰਬੇਡਕਰ ਦੇ ਸੁੱਪਨਿਆਂ ਨੂੰ ਸਾਕਾਰ ਕਰਨ ਲਈ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਲਾਗੂ ਕਰਾਉਣ ਲਈ ਨਿਰੰਤਰ ਸ਼ੰਘਰਸ਼ ਜਾਰੀ ਰੱਖਣ ਚਾਹੀਦਾ ਹੈ, ਇਹੋ ਹੀ ਬਾਬਾ ਸਾਹਿਬ ਅੰਬੇਡਕਰ ਨੂੰ ਸੱਚੀ ਸ਼ਰਧਾਜਲੀ ਹੋਵੇਗੀ। ਸਮੇਂ ਦੀਆਂ ਸਰਕਾਰਾਂ ਡਾ.ਅੰਬੇਡਕਰ ਦੇ ਲਿਖੇ ਸੰਵਿਧਾਨ ਨੂੰ ਬਦਲਣ ਦੀਆਂ ਕੋਸ਼ੀਆਂ ਚਾਲਾਂ ਚੱਲ ਰਹੀਆਂ ਹਨ ਜੋ ਕਿ ਦੇਸ਼ ਦੇ ਕਰੋੜਾਂ ਬਹੁਜਨਾਂ ਲਈ ਬਹੁਤ ਘਾਤਕ ਸਿੱਧ ਹੋਵੇਗਾ। ਸੰਵਿਧਾਨ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਰਲਕੇ ਸ਼ੰਘਰਸ਼ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਸਿੱਖਿਅਤ ਬਣਾਉਣਾ ਬਹੁਤ ਜਰੂਰੀ ਹੈ,ਜਿਸ ਲਈ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਪ੍ਰਬੰਧਕ ਕਮੇਟੀ ਵੀ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਅੱਜ ਸਰਕਾਰਾਂ ਬਾਬਾ ਸਾਹਿਬ ਡਾ. ਅੰਬੇਡਕਰ ਦੀ ਵਿਚਾਰਧਾਰਾ ਤੇ ਨਹੀਂ ਚੱਲ ਰਹੀਆਂ,ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸਕ ਅਸਥਾਨ ਤੇ ਪਿਛਲੇ 10 ਸਾਲਾਂ ਤੋਂ ਸੰਗਤਾਂ ਟਿਊਵੈਲ ਦੀ ਮੰਗ ਕਰ ਰਹੀਆਂ ਹਨ,ਪਿਛਲੀ ਸਰਕਾਰ ਐਲਾਨ ਜਰੂਰ ਕਰ ਗਈ ਸੀ ਅਤੇ ਹੁਣ ਦੀ ਸਰਕਾਰ ਨੂੰ ਵੀ ਕਰੀਬ ਇੱਕ ਸਾਲ ਪੂਰਾ ਹੋਣ ਵਾਲਾ ਹੈ,ਪਰ ਇਹ ਸਰਕਾਰ ਵੀ ਸੰਗਤਾਂ ਦੀ ਇਸ ਵੱਡੀ ਸਮੱਸਿਆ ਵੱਲ ਧਿਆਨ ਨਹੀਂ ਦੇ ਰਹੀ। ਇਸ ਮੌਕੇ ਬਾਬਾ ਕਰਨੈਲ ਸਿੰਘ ਲਹਿਰਾਗਾਗਾ,ਸੰਤ ਨਰੰਜਣ ਦਾਸ,ਸੰਤ ਕਰਮ ਚੰਦ ਬੀਨੇਵਾਲ,ਸੰਤ ਗਿਰਧਾਰੀ ਲਾਲ, ਬਲਵੀਰ ਮਹੇ ਪ੍ਰਚਾਰਕ,ਭਾਈ ਰੋਹਿਤ ਕੁਮਾਰ,ਜਗਦੀਸ਼ ਦੀਸ਼ਾ,ਲਾਡੀ ਗੰਗੜ, ਮਨਜੀਤ ਮੁੱਗੋਵਾਲ ਸਹਾਇਕ ਕੈਸ਼ੀਅਰ,ਭਾਈ ਸੁਖਚੈਨ ਸਿੰਘ ਲਹਿਰਾਗਾਗਾ ਆਦਿ ਨੇ ਬਾਬਾ ਸਾਹਿਬ ਨੂੰ ਸ਼ਰਧਾ ਸੁਮਨ ਭੇਟ ਕੀਤੇ।